GS CPA, INC.
ਤੁਹਾਡੀਆਂ ਸਭ ਅਕਾਊਂਟਿੰਗ ਤੇ ਟੈਕਸ ਲੋੜਾਂ ਲਈ
Gurpreet Singh, CPA, MBA
Certified Public Accountant
5450 Lafayette Road, Suite#3,
Indianapolis, IN 46254
Ph:317-248-4802
Fax: 317-800-7947
e-mail: info@gscpainc.com Website: www.gscpainc.com

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
24/7 Customer Service
ਇਹ ਆਫਰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟ੍ਹਾਈਪ ਕਰੋ ਤੇ ਆਪਣੇ ਪਿਆਰਿਆਂ ਨਾਲ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਟੌਲ ਫਰੀ ਨੰਬਰ 'ਤੇ ਕਾਲ ਕਰੋ
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
1-888-652-6268,732-983-4332/4333

Jaspal Randhawa
Office: 734-459-4700 x 1593
Cell: 734-325-0888
JR@SoldBuyJR.com
www.SoldBuyJR.com
KELLER WILLIAMS REALTY
Plymouth Market Center
MLS
40600 Ann Arbor Rd., Ste. 100,
Plymouth, MI 48170

Fourteenth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 15, April 13th, 2013 20451 N Plum Grove Rd. Palatine, IL 60074 Ph:847-359-0746, Fax:847-705-9388




ਸ਼ਿਕਾਗੋ ਵਿਚ 6 ਅਪਰੈਲ ਨੂੰ ਮਨਾਈ ਗਈ ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ ਮੌਕੇ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰ, ਕਾਲਮਨਵੀਸ ਅਤੇ ਹੋਰ ਮੁਅੱਜਜ਼ ਮਹਿਮਾਨ ਸੰਪਾਦਕ ਅਮੋਲਕ ਸਿੰਘ ਜੰਮੂ (ਵੀਲ੍ਹ ਚੇਅਰ 'ਤੇ ) ਨਾਲ (ਰਿਪੋਰਟ ਅਗਲੇ ਅੰਕ ਵਿਚ)

## ਸ਼੍ਰੋਮਣੀ ਕਮੇਟੀ ਪਾਕਿਸਤਾਨ ਵੱਲੋਂ ਘੱਟ ਵੀਜ਼ੇ ਦੇਣ ਤੋਂ ਖ਼ਫ਼ਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਜਾਣ ਦੇ ਇਛੁੱਕ ਸ਼ਰਧਾਲੂਆਂ ਨੂੰ ਪਾਕਿਸਤਾਨੀ ਹਾਈ ਕਮਿਸ਼ਨ ਵੱਲੋਂ ਲੋੜੀਂਦੀ ਗਿਣਤੀ ਵਿਚ ਵੀਜ਼ੇ ਨਾ ਦਿੱਤੇ ਜਾਣ ਕਾਰਨ ਸ਼੍ਰੋਮਣੀ ਕਮੇਟੀ ਦਾ ਜਥਾ ਪਾਕਿਸਤਾਨ ਜਾਣ ਤੋਂ ਖੁੰਝ ਗਿਆ ਹੈ ਜਦੋਂਕਿ ਪਾਕਿਸਤਾਨੀ ਹਾਈ ਕਮਿਸ਼ਨ ਵੱਲੋਂ ਦਿੱਲੀ ਕਮੇਟੀ ਸਮੇਤ ਹੋਰ ਜਥੇਬੰਦੀਆਂ ਦੇ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਗਏ ਹਨ। ਇਸ ਦੌਰਾਨ ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਸ਼੍ਰੋਮਣੀ ਕਮੇਟੀ ਨੂੰ ਉਸ ਦੇ ਕੋਟੇ ਮੁਤਾਬਕ ਬਣਦੇ ਵੀਜ਼ੇ ਨਾ ਦੇਣ 'ਤੇ ਪਾਕਿਸਤਾਨੀ ਹਾਈ ਕਮਿਸ਼ਨ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ ਤੇ ਆਖਿਆ ਕਿ ਉਹ ਸ਼੍ਰੋਮਣੀ ਕਮੇਟੀ ਦੇ ਇਸ ਬਾਰੇ ਫੈਸਲੇ ਦਾ ਸਮਰਥਨ ਕਰਨਗੇ।

**ਵਿਸਾਖੀ 'ਤੇ ਜਥਾ ਨਾ ਭੇਜਿਆ**

ਵਿਸਾਖੀ ਮਨਾਉਣ ਲਈ ਤਿੰਨ ਹਜ਼ਾਰ ਸਿੱਖ ਸ਼ਰਧਾਲੂਆਂ ਦਾ ਜਥਾ ਹਰ ਸਾਲ ਪਾਕਿਸਤਾਨ ਰਵਾਨਾ ਹੁੰਦਾ ਹੈ। ਇਹ ਯਾਤਰੀ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਵਿਸਾਖੀ ਦਿਹਾੜਾ ਮਨਾਉਣ ਮਗਰੋਂ ਵੱਖ-ਵੱਖ ਗੁਰਧਾਮਾਂ ਦੀ ਯਾਤਰਾ ਕਰ ਕੇ ਦਸ ਦਿਨਾਂ ਬਾਅਦ ਵਾਪਸ ਪਰਤਦੇ ਹਨ, ਪਰ ਇਸ ਵਾਰ ਸ਼੍ਰੋਮਣੀ ਕਮੇਟੀ ਦੀ ਅਗਵਾਈ ਹੇਠ ਸਿੱਖ ਸ਼ਰਧਾਲੂਆਂ ਦਾ ਜਥਾ ਇਸ ਯਾਤਰਾ ਵਿਚ ਸ਼ਾਮਲ ਨਹੀਂ ਹੋਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਫਰਵਰੀ ਵਿਚ ਸਰਕਾਰ ਨੂੰ ਪਾਕਿਸਤਾਨ ਜਾਣ ਦੇ ਇੱਛੁਕ

(ਬਾਕੀ ਸਫਾ 8 'ਤੇ)

# ਵਿਚਾਰ ਮੰਥਨ ਕਿ ਸੈਰ-ਸਪਾਟਾ?

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਆਰਥਿਕ ਤੇ ਸਮਾਜਕ ਨਿਘਾਰ ਦੇ ਸ਼ਿਕਾਰ ਹੋਏ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗੱਠਜੋੜ ਸਰਕਾਰ ਨੇ ਗੋਆ ਦੀਆਂ ਹੁਸੀਨ ਬੀਚਾਂ 'ਤੇ ਦੋ ਦਿਨ 'ਵਿਚਾਰ ਮੰਥਨ' ਕੀਤਾ ਹੈ। ਇਸ ਪ੍ਰੋਗਰਾਮ ਵਿਚ ਸਰਕਾਰ ਵਿਚ ਭਾਈਵਾਲ ਭਾਰਤੀ ਜਨਤਾ ਪਾਰਟੀ ਦੇ ਮੰਤਰੀ, ਮੁੱਖ ਸੰਸਦੀ ਸਕੱਤਰ, ਸੀਨੀਅਰ ਆਗੂ ਤੇ ਹਲਕਾ ਇੰਚਾਰਜ ਵੀ ਸ਼ਾਮਲ ਹੋਏ। ਕੁੱਲ ਮਿਲਾ ਕੇ ਦੋਵਾਂ ਹਾਕਮ ਪਾਰਟੀਆਂ ਦੇ ਤਕਰੀਬਨ 150 ਆਗੂ ਗੋਆ ਗਏ।

ਹੈਰਾਨੀ ਦੀ ਗੱਲ ਹੈ ਕਿ ਹਜ਼ਾਰਾਂ ਕਿਲੋਮੀਟਰ ਦੂਰ ਦੇਸ਼ ਦੇ ਪ੍ਰਸਿੱਧ ਸੈਲਾਨੀ ਕੇਂਦਰ 'ਤੇ ਜਾ ਕੇ ਜਥੇਦਾਰਾਂ ਨੇ ਨਾ ਤਾਂ ਪੰਜਾਬ ਦੀ ਕਿਸੇ ਸਮੱਸਿਆ ਨੂੰ ਗੰਭੀਰਤਾ ਨਾਲ ਵਿਚਾਰਿਆ ਅਤੇ ਨਾ ਹੀ ਭਵਿੱਖ

## ਰਣਨੀਤੀ ਕੋਈ ਵੀ ਨਾ ਘੜੀ

ਲਈ ਕੋਈ ਰਣਨੀਤੀ ਉਲੀਕੀ ਜਿਸ ਕਰ ਕੇ ਉਪ ਮੁੱਖ ਮੰਤਰੀ ਦੀ ਇਹ ਮੁਹਿੰਮ ਸੈਰ-ਸਪਾਟਾ ਹੀ ਹੋ ਨਿਬੜੀ। ਅਕਾਲੀ ਹਲਕਿਆਂ ਵਿਚ ਵੀ ਇਹੀ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵਿਧਾਇਕਾਂ ਨੂੰ ਖੁਸ਼ ਕਰਨ ਦੇ ਮੰਤਵ ਨਾਲ ਸਮੁੰਦਰ ਕੰਢੇ 'ਤੇ ਇਹ ਮੀਟਿੰਗ ਰੱਖੀ, ਕਿਉਂਕਿ ਉਹ ਮੁੱਖ ਮੰਤਰੀ ਬਣਨ ਦੇ ਇਛੁੱਕ ਹਨ। ਇਸ ਤੋਂ ਇਲਾਵਾ ਮੀਡੀਆ ਰਿਪੋਰਟਾਂ ਵਿਚ ਇਹ ਵੀ ਆਇਆ ਹੈ ਕਿ ਸੁਖਬੀਰ ਬਾਦਲ ਨੇ ਆਉਂਦੀਆਂ ਪੰਚਾਇਤੀ ਚੋਣਾਂ ਤੇ ਉਸ ਤੋਂ ਬਾਅਦ ਅਗਲੇ ਸਾਲ ਆ ਰਹੀਆਂ ਲੋਕ ਸਭਾ ਚੋਣਾਂ ਲਈ ਜਥੇਦਾਰਾਂ ਨੂੰ ਤਰੋਤਾਜ਼ਾ ਕਰਨ ਲਈ ਇਹ ਪ੍ਰੋਗਰਾਮ ਉਲੀਕਿਆ। ਸੂਤਰਾਂ ਅਨੁਸਾਰ ਇਸ ਵਿਚਾਰ ਮੰਥਨ ਦੇ ਬਹਾਨੇ ਜਿਥੇ ਰੁੱਸਿਆਂ ਦੇ ਗਿਲੇ-ਸ਼ਿਕਵੇ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਥੇ ਬਹੁਤੇ ਖੰਭ ਖਿਲਾਰਨ ਵਾਲਿਆਂ ਦੀ ਖੁੰਭ ਵੀ ਠੱਪੀ ਗਈ।

ਦੂਜੇ ਪਾਸੇ, ਪੁਰਾਣੇ ਟਕਸਾਲੀ ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਇਹ ਰੁਝਾਨ ਸਿੱਖ ਸਿਧਾਂਤਾਂ ਤੋਂ ਉਲਟ ਹੈ ਤੇ ਇਸ ਨਵੇਂ ਰੁਝਾਨ ਦਾ

(ਬਾਕੀ ਸਫਾ 8 'ਤੇ)

Dhade & Associates, PC
Immigration Lawyers
WE FIGHT FOR YOUR RIGHTS!
ਤੁਹਾਡਾ ਆਪਣਾ ਪੰਜਾਬੀ ਇਮੀਗਰੇਸ਼ਨ ਵਕੀਲ
*ਪ੍ਰੋਫੈਸ਼ਨਲ ਵੀਜ਼ੇ (ਡਾਕਟਰ, ਇੰਜੀਨੀਅਰ ਆਦਿ)
*ਗਰੀਨ ਕਾਰਡ *ਸਿਟੀਜ਼ਨਸ਼ਿਪ *ਅਡਜਸਟਮੈਂਟ ਆਫ ਸਟੇਟਸ
*ਡੀਪੋਰਟੇਸ਼ਨ *ਰਿਫਿਊਜ਼ੀ ਕੇਸ *ਅਸੀਂ ਤੁਹਾਡੀਆਂ ਅਮਰੀਕਾ ਅਤੇ ਕੈਨੇਡਾ ਵਿਚ ਸਭੇ ਇਮੀਗਰੇਸ਼ਨ ਲੋੜਾਂ ਪੂਰੀਆਂ ਕਰ ਸਕਦੇ ਹਾਂ
*ਅਸੀਂ ਕੈਨੇਡਾ ਦੀ ਇਮੀਗਰੇਸ਼ਨ 6 ਤੋਂ 12 ਮਹੀਨੇ 'ਚ ਕਰ ਸਕਦੇ ਹਾਂ
Ph:248-254-3441
Herman Singh Dhade
Immigration Lawyer
Fax:(248) 254-3443 www.eagle.pro, Email: herman@eagle.pro
7071 Orchard Lake Rd, Suite 320, W. Bloomfield, MI 48322

Estd. 1975
World Wide Travel
www.fly2world.com
ਸਸਤਾ ਰੇਟ ਵਧੀਆ ਸਰਵਿਸ
AIR TRAVEL • CRUISES • VACATIONS
DETROIT 734 525 7304
TOLL FREE 866 66 INDIA
CHICAGO 312 224 8800
DELTA KLM AIRFRANCE ETIHAD QATAR Continental Airlines Lufthansa AmericanAirlines

# ਸਿੱਖ ਰਿਲੀਜੀਅਸ ਸੁਸਾਇਟੀ (ਵਿਸਕਾਨਸਿਨ)

ੴ ਸਤਿਗੁਰ ਪ੍ਰਸਾਦਿ

ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ॥ ਗੁਰ ਸੰਗਤਿ ਕੀਨੀ ਖ਼ਾਲਸਾ ਮਨਮੁਖੀ ਦੁਹੇਲਾ॥
ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰੁ ਚੇਲਾ॥

## ਸਮੂਹ ਸੰਗਤਾਂ ਨੂੰ ਖਾਲਸਾ ਜੀ ਦੇ ਸਾਜਨਾ ਦਿਵਸ ਦੀ ਵਧਾਈ ਹੋਵੇ




ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
13 ਅਤੇ 14 ਅਪਰੈਲ ਨੂੰ ਖਾਲਸਾ ਸਾਜਨਾ ਦਿਵਸ ਸਬੰਧੀ ਗੁਰੂ ਘਰ ਵਿਖੇ ਵਿਸ਼ੇਸ਼ ਦੀਵਾਨ ਸਜਣਗੇ।
ਐਤਵਾਰ 21 ਅਪਰੈਲ 2013 ਨੂੰ ਗੁਰੂ ਘਰ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ। ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਹੋਵੇਗਾ। ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜਿਹੜੇ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਨਹੀਂ ਬਣੇ ਉਹ ਅਭਿਲਾਖੀ ਆਪਣਾ ਨਾਂ ਸ. ਗੁਰਚਰਨ ਸਿੰਘ ਗਰੇਵਾਲ (ਫੋਨ: 414-559-3434) ਜਾਂ ਸ. ਦਵਿੰਦਰ ਸਿੰਘ ਸੰਘਾ (ਫੋਨ: 414-574-1313) ਪਾਸ ਲਿਖਵਾ ਦੇਣ ਜੀ। ਕਕਾਰਾਂ ਦੀ ਸੇਵਾ ਗੁਰੂਘਰ ਦੀ ਤਰਫੋਂ ਕੀਤੀ ਜਾਵੇਗੀ ਜੀ।

## Sikh Religious Society of Wisconsin

**3675 N Calhoun Rd, Brookfield WI 53207 Ph: 262-790-1600**

# ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ-ਸਿਨਸਿਨੈਟੀ (ਓਹਾਇਓ)

## ਸਮੂਹ ਪੰਜਾਬੀਆਂ ਨੂੰ ਖੁਸ਼ੀਆਂ ਤੇ ਖੇੜਿਆਂ ਦੇ ਤਿਓਹਾਰ ਵਿਸਾਖੀ ਦੀ ਬਹੁਤ ਬਹੁਤ ਵਧਾਈ

# ਪੰਜਵਾਂ ਵਿਸਾਖੀ ਮੇਲਾ

ਗਿੱਧਾ, ਭੰਗੜਾ, ਸਕਿੱਟ
ਬੱਚਿਆਂ ਦੇ ਪ੍ਰੋਗਰਾਮ ਅਤੇ ਹੋਰ ਬਹੁਤ ਕੁਝ

ਖਾਣੇ ਦੇ ਸਟਾਲ

**20 ਅਪਰੈਲ 2013**
(ਦਿਨ ਸਨਿਚਰਵਾਰ)
ਸਮਾਂ: ਸ਼ਾਮ 5 ਵਜੇ ਤੋਂ ਰਾਤ 11 ਵਜੇ ਤੱਕ
Lakota Freshman Building
5070 Tylersville Rd., W. Chester, OH 45069



## ਭੰਗੜਾ ਮੁਕਾਬਲੇ

ਪਹਿਲਾ ਇਨਾਮ: 1500 ਡਾਲਰ
ਗੁਰਲਾਲ ਸਿੰਘ ਤੇ ਸੋਨੂ ਮਾਵੀ ਵਲੋਂ

ਦੂਜਾ ਇਨਾਮ: 1100 ਡਾਲਰ
ਰਘਬੀਰ ਸਿੰਘ ਰੂਬੀ ਡੇਅਟਨ ਅਤੇ ਦਵਿੰਦਰ ਹੈਪੀ (ਡੇਅਟਨ) ਵਲੋਂ





ਹਰਮੇਲ ਸਿੰਘ ਮੇਲੀ
ਮੁੱਖ ਮਹਿਮਾਨ



ਜਗਰੂਪ ਸਿੰਘ ਤੂਰ
ਗਰੈਂਡ ਸਪਾਂਸਰ



ਮੁਖਤਿਆਰ ਸਿੰਘ ਸੇਖੋਂ
ਚੇਅਰਮੈਨ



ਕੋਚ ਰਮੇਸ਼ ਜੌਨੀ

Punjab
Sports & Cultural Club
Cincinnati

## ਮੰਚ ਸੰਚਾਲਨ



ਮੱਖਣ ਬਰਾੜ

**ਗੋਲਡਨ ਸਪਾਂਸਰ:** ਨਿਰਮਲ ਸਿੰਘ ਗਰੇਵਾਲ, ਰਛਪਾਲ ਸਿੰਘ ਸਹੋਤਾ, ਗਿੱਲ ਬ੍ਰਦਰਜ਼ (ਰਿਚਮੌਂਡ, ਇੰਡੀਆਨਾ), ਅਵਤਾਰ ਸਿੰਘ ਸਪਰਿੰਗਫੀਲਡ, ਪ੍ਰਿੰਸ ਆਰਟ ਗੈਲਰੀ

**ਸਪਾਂਸਰ:** ਤਾਰੀ ਸਰਹਿੰਦ ਵਾਲਾ, ਤੇਜਿੰਦਰ ਸਿੰਘ ਤੇਜੀ, ਗੁਰਜੀਤ ਸਿੰਘ ਬਿਨੈਪਾਲ, ਬਲਜੀਤ ਮਾਂਗਟ, ਬੁੱਧ ਸਿੰਘ, ਨਿਰਮਲ ਸਿੰਘ, ਅਮਰਜੀਤ ਸਿੰਘ, ਨਿਰਮਲ ਬਿਨੈਪਾਲ, ਸੋਹਨ ਸਿੰਘ ਬਿਲਖੂ, ਬਲਜਿੰਦਰ ਮਾਵੀ, ਨਾਗਰਾ ਬ੍ਰਦਰਜ਼, ਬਲਜੀਤ ਤੇ ਹਰਜਿੰਦਰ ਗਿੱਲ, ਡਾ. ਦਰਸ਼ਨ ਸਿੰਘ ਸਹਿੰਬੀ, ਪਿਆਰਾ ਸਿੰਘ ਭੱਟੀ ਤੇ ਪਰਿਵਾਰ, ਦੀਪ ਸਹੋਤਾ, ਸ਼ੰਮੀ ਗਰੇਵਾਲ, ਮਿਹਰ ਸਿੰਘ, ਰਾਜਿੰਦਰ ਕੁਮਾਰ, ਪਰਸ਼ੋਤਮ ਸਿੰਘ ਦਿਓਲ ਤੇ ਪਰਿਵਾਰ, ਰਣਜੀਤ ਸਿੰਘ, ਰੂਬੀ ਦਿਓਲ, ਵਿਕ ਸਿੰਘ, ਘੁਮਾਣ ਪਰਿਵਾਰ, ਕੁਲਦੀਪ ਸਿੰਘ ਚੀਮਾ, ਪਰਮਿੰਦਰ ਸਿੰਘ ਬਾਸੀ, ਹੰਸ ਰਾਜ ਤੇ ਕਮਲੇਸ਼ ਸਿੰਘ, ਪਿੰਦਾ ਵੜੈਚ, ਪਰਮਜੀਤ ਸਿੰਘ ਬੇਦੀ ਤੇ ਪਰਿਵਾਰ, ਕਿਰਨਪਾਲ ਸਿੰਘ ਸੰਘਾ, ਹਰਵਿੰਦਰ ਸਿੰਘ ਤੁੰਗ, ਸਤਿੰਦਰ ਸਿੰਘ ਭਰਾਜ, ਮਨਦੀਪ ਸਿੰਘ, ਅਮਨਦੀਪ ਸਿੰਘ, ਮਨਦੀਪ ਤੇ ਸੰਦੀਪ (ਕੈਨਟਕੀ),ਬ੍ਰਿਜ ਮੋਹਨ, ਨਿਊ ਕ੍ਰਿਸ਼ਨਾ, ਆਂਗਨ ਇੰਡੀਆ, ਅਪਨਾ ਇੰਡੀਆ, ਕਰੀਜ਼, ਆਜ਼ਾਦ ਇੰਡੀਆ, ਅਨੰਦ ਇੰਡੀਆ, ਬੰਬੇ ਗਰੋਸਰ, ਪਟੇਲ ਬ੍ਰਦਰਜ਼, ਰਾਜਾ ਇੰਡੀਆ, ਨੀਵਾ ਗਰੋਸਰਜ਼; ਪੀ ਸੀ ਐਸ ਸ਼ਿਕਾਗੋ, ਪੀ ਐਚ ਓ ਸ਼ਿਕਾਗੋ, ਪੀ ਐਸ ਸੀ ਸੀ।

**ਅਤੇ ਸਾਰੇ ਕਲੱਬ ਮੈਂਬਰ**

## For more information, please call:

Satinder Ghuman 513-746-8387
Swaran Sidhu 513-266-0885
Palwinder Singh Wraich 513-253-4007
Jasbir Deol 847-902-7957
Jasminder (Bunty) 513-253-2347
Kuldeep Singh 917-463-9100
Sukhvir Singh (Sukhi) 513-404-2493
Devinder Singh Happy 937-608-8386
Raghbir Singh 513-476-2562
Jagga Nagra 513-293-6334

email:punjabsportsclubohio@yahoo.com www.punjabsportsclubohio.com

Advisory Committee: Harmit Ghuman, Gurinder Dhillon, Gurjant Sekhon, Harbans Gill, Sukhchain Gill, Jagpal Grewal

# Punjab Sports & Cultural Club, Ohio




# 'ਸਾਡਾ ਹੱਕ' 'ਤੇ ਹਾਵੀ ਹੋਏ ਪੁਲਿਸ ਅਫਸਰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਪੁਲਿਸ ਅਫਸਰਾਂ ਦੇ ਆਖੇ ਲੱਗ ਕੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਪੰਜਾਬੀ ਫ਼ਿਲਮ 'ਸਾਡਾ ਹੱਕ' 'ਤੇ ਪਾਬੰਦੀ ਲਾ ਦਿੱਤੀ ਜਿਸ ਨਾਲ ਸਿੱਖਾਂ ਵਿਚ ਵਿਆਪਕ ਰੋਸ ਫੈਲ ਗਿਆ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਫਸਰਾਂ ਦੀ ਜੁੰਡਲੀ ਸਣੇ ਖ਼ੁਦ ਇਹ ਫ਼ਿਲਮ ਦੇਖਣ ਤੋਂ ਬਾਅਦ ਪਾਬੰਦੀ ਲਾਉਣ ਦਾ ਫੈਸਲਾ ਲਿਆ। ਸਿੱਖਾਂ ਦੀ ਦੁਖਿੜਆਂ ਬਾਰੇ ਬਣੀ ਇਸ ਫ਼ਿਲਮ ਦੇ ਰਿਲੀਜ਼ ਹੋਣ ਤੋਂ ਚੰਦ ਘੰਟੇ ਪਹਿਲਾਂ ਹੀ ਪੰਜਾਬ ਸਰਕਾਰ ਹਰਕਤ ਵਿਚ ਆਈ ਤੇ ਪੁਲਿਸ ਅਫਸਰ ਇਸ ਫਿਲਮ ਦਾ ਗਲਾ ਘੁੱਟਣ ਵਿਚ ਕਾਮਯਾਬ ਹੋ ਗਏ।

ਕਿਹਾ ਜਾ ਰਿਹਾ ਹੈ ਕਿ ਇਸ ਫਿਲਮ ਵਿਚ ਪੰਜਾਬ ਪੁਲਿਸ ਦੇ ਸੀਨੀਅਰ ਅਫਸਰਾਂ ਦੀ ਪੋਲ ਖੋਲ੍ਹੀ ਗਈ ਹੈ ਜਿਸ ਕਰਕੇ ਉਹ ਇਸ ਫਿਲਮ ਦਾ ਗਲਾ ਘੁੱਟਣ ਲਈ ਸਰਗਰਮ ਹੋ ਗਏ। ਫਿਲਮ ਵਿਚ ਮੁੱਖ ਤੌਰ 'ਤੇ ਖਾੜਕੂਵਾਦ ਦੇ ਸਮੇਂ ਦੌਰਾਨ ਪੁਲੀਸ ਵਧੀਕੀਆਂ ਦਾ ਜ਼ਿਕਰ ਹੈ। ਪੁਲਿਸ ਤੇ ਸਿਵਲ ਅਧਿਕਾਰੀਆਂ ਵੱਲੋਂ ਫ਼ਿਲਮ ਦੇਖਣ ਦੀ ਕਾਰਵਾਈ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ। ਮੀਡੀਆ ਕਰਮੀਆਂ ਨੂੰ ਫ਼ਿਲਮ ਦੇਖਣ ਨਹੀਂ ਦਿੱਤੀ ਗਈ। ਹੈਰਾਨੀ ਦੀ ਗੱਲ ਹੈ ਕਿ ਸੀਨੀਅਰ ਅਧਿਕਾਰੀਆਂ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਫ਼ਿਲਮ ਬਾਰੇ ਕੋਈ ਸ਼ਿਕਾਇਤ ਹੈ ਤਾਂ ਉਨ੍ਹਾਂ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ। ਮੁੱਖ ਸਕੱਤਰ ਤੇ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਨੇ ਕਿਹਾ ਕਿ ਫ਼ਿਲਮ ਬਾਰੇ ਫਿਲਹਾਲ ਕੋਈ ਵੀ ਟਿੱਪਣੀ ਨਹੀਂ ਕਰਨੀ।

ਫ਼ਿਲਮ 'ਸਾਡਾ ਹੱਕ' ਬਾਰੇ ਪਿਛਲੇ ਕਈ ਮਹੀਨਿਆਂ ਤੋਂ ਵਿਵਾਦ ਚੱਲ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਫਿਲਮ ਦੇ ਪ੍ਰਦਸ਼ਨ ਲਈ ਹੱਕ ਵਿਚ ਨਿੱਤਰ ਆਈ ਸੀ ਪਰ ਹੁਣ ਬਾਦਲਾਂ ਦੇ ਦਬਕੇ ਕਾਰਨ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਵੀ ਸੁਰ ਬਦਲ ਲਈ ਹੈ। ਸੈਂਸਰ ਬੋਰਡ ਵੱਲੋਂ ਅੜਿੱਕਾ ਡਾਹੇ ਜਾਣ ਮਗਰੋਂ ਫਿਲਮ ਨਿਰਮਾਤਾ ਦੇ ਲੰਬੇ ਸੰਘਰਸ਼ ਤੋਂ ਬਾਅਦ ਆਖਰ 'ਸਾਡਾ ਹੱਕ' ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ ਲਈ ਹਰੀ ਝੰਡੀ ਮਿਲ ਗਈ ਸੀ ਪਰ ਇਸ ਫਿਲਮ ਦਾ ਟਰੇਲਰ ਜਿਵੇਂ ਹੀ ਟੈਲੀਵਿਜ਼ਨ 'ਤੇ ਆਉਣਾ ਸ਼ੁਰੂ ਹੋਇਆ ਤੇ ਰਿਲੀਜ਼ ਦੀ ਤਾਰੀਖ਼ ਨਜ਼ਦੀਕ ਆ ਗਈ ਤਾਂ ਕਈ ਸੰਗਠਨਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਸ਼ੁਰੂ ਵਿਚ ਤਾਂ ਫਿਲਮ ਦੇ ਵਿਰੋਧ ਨੂੰ ਸਰਕਾਰ ਨੇ ਸਰਸਰੀ ਹੀ ਲਿਆ ਪਰ ਇਸ ਦਾ ਲਾਹਾ ਲੈਂਦਿਆਂ ਅਫਸਰਾਂ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਕੰਨ ਭਰ ਦਿੱਤੇ ਤੇ ਰਿਲੀਜ਼ ਤੋਂ ਇਕ ਦਿਨ ਪਹਿਲਾਂ ਸਰਕਾਰ ਜ਼ਿਆਦਾ ਹੀ ਗੰਭੀਰ ਹੋ ਗਈ। ਸੂਤਰਾਂ ਮੁਤਾਬਕ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਨੇ ਫਿਲਮ ਦੇ ਪ੍ਰਦਸ਼ਨ ਬਾਰੇ ਕੁਝ ਇਤਰਾਜ਼ਯੋਗ ਤੱਥ ਪੇਸ਼ ਕੀਤੇ ਤਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੁੱਖ ਸਕੱਤਰ ਤੇ ਹੋਰਾਂ ਅਧਿਕਾਰੀਆਂ ਨੂੰ ਫਿਲਮ ਦੇਖਣ ਦੀਆਂ ਹਦਾਇਤਾਂ ਦਿੱਤੀਆਂ।

## ਨਿਰਦੇਸ਼ਕ ਕੁਲਜਿੰਦਰ ਸਿੱਧੂ ਪਾਬੰਦੀ 'ਤੇ ਹੈਰਾਨ

**ਚੰਡੀਗੜ੍ਹ:** ਨਿਰਦੇਸ਼ਕ ਕੁਲਜਿੰਦਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਫ਼ਿਲਮ 'ਤੇ ਲਾਈ ਪਾਬੰਦੀ ਵਾਪਸ ਲੈਣ ਦੀ ਮੰਗ ਕੀਤੀ ਹੈ। ਪੰਜਾਬ ਸਰਕਾਰ ਦੇ ਪ੍ਰਿੰਸੀਪਲ ਸਕੱਤਰ ਡੀਐਸ ਬੈਂਸ ਨੂੰ ਭੇਜੇ ਪੱਤਰ ਵਿਚ ਕਿਹਾ ਗਿਆ ਹੈ ਕਿ ਜਦੋਂ ਇਸ ਫ਼ਿਲਮ ਨੂੰ ਮੁੰਬਈ ਸੈਂਸਰ ਬੋਰਡ ਵੱਲੋਂ ਹਰੀ ਝੰਡੀ ਦੇ ਦਿੱਤੀ ਗਈ ਹੈ ਤਾਂ ਪੰਜਾਬ ਸਰਕਾਰ ਵੱਲੋਂ ਇਸ 'ਤੇ ਪਾਬੰਦੀ ਲਾਉਣਾ ਹੈਰਾਨੀਜਨਕ ਤੇ ਦੁਖਦਾਇਕ ਹੈ। ਉਨ੍ਹਾਂ ਇਹ ਵੀ ਕਿਹਾ ਕਿ



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਹਿੰਦੂ ਸੁਰੱਖਿਆ ਕਮੇਟੀ ਤੇ ਸ੍ਰੀ ਦੁਰਗਾ ਮਾਤਾ ਮੰਦਰ ਕਮੇਟੀ ਪਹਿਲਾਂ ਹੀ ਫ਼ਿਲਮ ਦੇਖਣ ਤੋਂ ਬਾਅਦ ਇਸ ਨਾਲ ਸਹਿਮਤੀ ਪ੍ਰਗਟ ਕਰ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ, ਬਜ਼ੁਰਗ ਕਲਾਕਾਰਾਂ, ਸੀਨੀਅਰ ਪੱਤਰਕਾਰਾਂ ਤੇ ਹੋਰ ਸ਼ਖਸੀਅਤਾਂ ਦੀ ਸਲਾਹ ਨਾਲ ਫ਼ਿਲਮ ਰਿਲੀਜ਼ ਕਰ ਦੇਣੀ ਚਾਹੀਦੀ ਹੈ।

## ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਸੁਰ ਬਦਲੀ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਆਪਣੀ ਸੁਰ ਬਦਲਦਿਆਂ ਕਿਹਾ ਕਿ ਸੈਂਸਰ ਬੋਰਡ ਦੀ ਪ੍ਰਵਾਨਗੀ ਤੋਂ ਬਾਅਦ ਪੰਜਾਬੀ ਫ਼ਿਲਮ 'ਸਾਡਾ ਹੱਕ' 'ਤੇ ਪੰਜਾਬ ਸਰਕਾਰ ਵੱਲੋਂ ਲਾਈ ਗਈ ਪਾਬੰਦੀ ਹਟਾਉਣ ਦਾ ਫ਼ੈਸਲਾ ਵੀ ਸਰਕਾਰ ਹੀ ਕਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਵਿਵਸਥਾ ਬਹਾਲ ਰਹੇ।

## ਸਿੱਖ ਜਥੇਬੰਦੀਆਂ ਵੱਲੋਂ ਫਿਲਮ ਦੇ ਹੱਕ 'ਚ ਆਵਾਜ਼ ਬੁਲੰਦ

**ਅੰਮ੍ਰਿਤਸਰ:** ਪੰਜਾਬੀ ਫਿਲਮ 'ਸਾਡਾ ਹੱਕ' 'ਤੇ ਅਕਾਲੀ ਸਰਕਾਰ ਵੱਲੋਂ ਰੋਕ ਲਾਏ ਜਾਣ ਵਿਰੁੱਧ ਸਿੱਖ ਜਥੇਬੰਦੀਆਂ ਨੇ ਸਖ਼ਤ ਰੋਸ ਜ਼ਾਹਿਰ ਕੀਤਾ ਹੈ। ਦਲ ਖਾਲਸਾ ਨੇ ਫਿਲਮ 'ਤੇ ਪਾਬੰਦੀ ਲਾਉਣ 'ਤੇ ਅਲੋਚਨਾ ਕਰਦਿਆਂ ਕਿਹਾ ਪੰਜਾਬ ਸਰਕਾਰ ਦਾ ਇਹ ਕਦਮ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਡਾਕਾ ਹੈ। ਜਥੇਬੰਦੀ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਇਕ ਪਾਸੇ ਸ਼੍ਰੋਮਣੀ ਕਮੇਟੀ ਫਿਲਮ ਨੂੰ ਸੈਂਸਰ ਬੋਰਡ ਤੋਂ ਪਾਸ ਕਰਵਾਉਣ ਲਈ ਸਰਗਰਮ ਰਹੀ ਤੇ ਅਕਾਲੀ ਆਗੂ ਥਾਂ-ਥਾਂ ਫਿਲਮ ਦੀ ਟੀਮ ਨੂੰ ਸਿਰੋਪੇ ਦਿੰਦੇ ਰਹੇ ਤੇ ਦੂਜੇ ਪਾਸੇ ਬਾਦਲ ਸਰਕਾਰ ਨੇ ਫਿਲਮ 'ਤੇ ਪਾਬੰਦੀ ਲਾ ਕੇ ਆਪਣੀ ਹੀ ਪਾਰਟੀ ਦੇ ਆਗੂਆਂ ਦੇ ਫੈਸਲੇ ਨੂੰ ਗਲਤ ਕਰਾਰ ਦਿੱਤਾ ਹੈ।

ਉਨ੍ਹਾਂ ਸ. ਬਾਦਲ ਨੂੰ ਚੇਤੇ ਕਰਵਾਇਆ ਕਿ ਉਨ੍ਹਾਂ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਦੋਸ਼ੀ ਪੁਲਿਸ ਵਾਲਿਆਂ ਨੂੰ ਸਜ਼ਾਵਾਂ ਦਿਵਾਉਣ ਦੀ ਗੱਲ ਕੀਤੀ ਸੀ। ਇਸੇ ਲਈ ਸ. ਬਾਦਲ ਤੇ ਹੋਰ ਅਕਾਲੀ ਆਗੂ ਆਵਾਜ਼ ਬੁਲੰਦ ਕਰਦੇ ਰਹੇ ਹਨ, ਉਹੀ ਸਭ ਕੁਝ ਫਿਲਮ 'ਸਾਡਾ ਹੱਕ' ਦਾ




ਵਿਸ਼ਾ-ਵਸਤੂ ਹੈ ਜਿਸ 'ਤੇ ਅਫਸਰਸ਼ਾਹੀ ਦੇ ਪ੍ਰਭਾਵ ਹੇਠ ਬਾਦਲ ਸਰਕਾਰ ਨੇ ਪਾਬੰਦੀ ਲਾਈ ਹੈ। ਉਨ੍ਹਾਂ ਪੁੱਛਿਆ ਕਿ ਪੰਜਾਬ ਵਿਚ ਵਾਪਰੇ ਖ਼ੂਨੀ ਦੌਰ ਨੂੰ ਪਰਦੇ ਉਤੇ ਦਿਖਾਉਣ ਨਾਲ ਕਿਵੇਂ ਪੰਜਾਬ ਤੇ ਭਾਰਤ ਦੀ ਕਾਨੂੰਨ-ਵਿਵਸਥਾ ਨੂੰ ਖਤਰਾ ਹੋ ਸਕਦਾ ਹੈ। ਇਸੇ ਤਰ੍ਹਾਂ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਫਿਲਮ 'ਤੇ ਰੋਕ ਲਾਉਣ ਦੇ ਫੈਸਲੇ ਨੂੰ ਬੋਲਣ ਦੀ ਆਜ਼ਾਦੀ ਦਾ ਗਲਾ ਘੁੱਟਣ ਵਾਲਾ ਗੈਰ ਲੋਕਤੰਤਰੀ ਫ਼ੈਸਲਾ ਕਰਾਰ ਦਿੱਤਾ ਹੈ। ਸ. ਪੀਰ ਮੁਹੰਮਦ ਨੇ ਆਖਿਆ ਕਿ 'ਸਾਡਾ ਹੱਕ' ਫ਼ਿਲਮ ਦੇ ਵਿਰੋਧ ਵਿਚ ਕੀਤਾ ਜਾ ਰਿਹਾ ਪ੍ਰਚਾਰ ਬਿਲਕੁਲ ਨਿਰਾਧਾਰ ਹੈ ਜਦੋਂਕਿ ਇਹ ਫ਼ਿਲਮ ਕਿਸੇ ਧਰਮ, ਫ਼ਿਰਕੇ ਜਾਂ ਵਰਗ ਦੇ ਖਿਲਾਫ਼ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਫ਼ਿਲਮ ਦਾ ਨਾਇਕ ਜੇਕਰ ਸਿੱਖ ਹੈ ਤਾਂ ਇਸ ਦਾ ਨਿਰਮਾਤਾ ਦਿਨੇਸ਼ ਸੂਦ ਇਕ ਹਿੰਦੂ ਹੈ ਜਿਸ ਕਰਕੇ ਇਸ ਫ਼ਿਲਮ ਵਿਚ ਕਿਸੇ ਵਿਸ਼ੇਸ਼ ਫ਼ਿਰਕੇ ਜਾਂ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਗਲਤ ਹਨ।

## ਸੈਂਸਰ ਬੋਰਡ ਤੋਂ ਮਸਾਂ ਖਹਿੜਾ ਛੁਡਾਇਆ

**ਚੰਡੀਗੜ੍ਹ:** ਪੰਜਾਬੀ ਫਿਲਮ 'ਸਾਡਾ ਹੱਕ' ਪਹਿਲੇ ਦਿਨ ਹੀ ਵਿਵਾਦਾਂ ਵਿਚ ਘਿਰ ਗਈ ਸੀ। ਇਸ ਫਿਲਮ ਦੇ ਨਿਰਮਾਤਾ ਕੁਲਜਿੰਦਰ ਸਿੰਘ ਸਿੱਧੂ ਨੇ ਜਦੋਂ ਪਿਛਲੇ ਵਰ੍ਹੇ 20 ਅਕਤੂਬਰ ਨੂੰ ਇਸ ਫਿਲਮ ਦੇ ਪ੍ਰਦਰਸ਼ਨ ਲਈ ਸੈਂਸਰ ਬੋਰਡ ਤੋਂ ਸਰਟੀਫਿਕੇਟ ਦੀ ਮੰਗ ਕੀਤੀ ਤਾਂ ਮਾਮਲਾ ਉਦੋਂ ਹੀ ਭਖ ਗਿਆ ਸੀ ਕਿਉਂਕਿ ਸੈਂਸਰ ਬੋਰਡ ਨੇ ਫਿਲਮ 'ਤੇ ਰੋਕ ਲਾਉਣ ਦਾ ਫੈਸਲਾ ਸੁਣਾ ਦਿੱਤਾ ਸੀ। ਸ. ਸਿੱਧੂ ਨੇ 14 ਨਵੰਬਰ, 2012 ਨੂੰ ਸੈਂਸਰ ਬੋਰਡ ਦੀ ਰੀਵਿਊ ਕਮੇਟੀ ਅੱਗੇ ਅਪੀਲ ਪਾਈ ਸੀ। ਕਮੇਟੀ ਨੇ ਵੀ ਫਿਲਮ 'ਤੇ ਰੋਕ ਲਾਉਣ ਦੀ ਸਿਫ਼ਾਰਸ਼ ਕੀਤੀ ਸੀ। ਕਮੇਟੀ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਇਸ ਫਿਲਮ ਵਿਚ ਪੁਲਿਸ ਤੇ ਉਸ ਸਮੇਂ ਦੀ ਸਰਕਾਰ ਦੀ ਗਲਤ ਤਸਵੀਰ ਪੇਸ਼ ਕੀਤੀ ਗਈ ਹੈ। ਇਸ ਫਿਲਮ ਵਿਚ ਦਿੱਤੇ ਧਾਰਮਿਕ ਨਾਅਰੇ 'ਰਾਜ ਕਰੇਗਾ ਖਾਲਸਾ' 'ਤੇ ਵੀ ਇਤਰਾਜ਼ ਉਠਾਇਆ ਗਿਆ ਸੀ। ਇਸ ਫਿਲਮ ਦੇ ਨਿਰਮਾਤਾ ਨੇ ਸ਼੍ਰੋਮਣੀ ਕਮੇਟੀ ਦੀ ਸ਼ਰਨ ਲਈ। ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਤੇ ਰਜਿੰਦਰ ਸਿੰਘ ਮਹਿਤਾ ਦੀ ਅਗਵਾਈ ਹੇਠ ਇਕ ਸਕਰੀਨਿੰਗ ਕਮੇਟੀ ਬਣਾ ਕੇ ਫਿਲਮ ਦੀ ਸਮੀਖਿਆ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਫਿਲਮ ਦੀ ਪ੍ਰਸ਼ੰਸਾ ਕੀਤੀ ਤੇ ਸੈਂਸਰ ਬੋਰਡ ਤੋਂ ਫਿਲਮ 'ਤੇ ਲਾਈ ਰੋਕ ਹਟਾਉਣ ਦੀ ਮੰਗ ਕੀਤੀ। ਪਿਛਲੇ ਵਰ੍ਹੇ 20 ਦਸੰਬਰ ਨੂੰ ਇਹ ਮਾਮਲਾ ਸੈਂਸਰ ਬੋਰਡ ਦੀ ਸਿਖਰਲੀ ਸੰਸਥਾ 'ਫਿਲਮ ਸਰਟੀਫਿਕੇਸ਼ਨ ਅਪੀਲੈਟ ਟ੍ਰਿਬਿਊਨਲ' ਕੋਲ ਪੁੱਜਾ। ਟ੍ਰਿਬਿਊਨਲ ਦੇ ਚੇਅਰਮੈਨ ਲਲਿਤ ਭਾਸੀਨ ਤੇ ਇਸ ਦੇ ਮੈਂਬਰਾਂ ਨੇ ਇਸ ਫਿਲਮ ਨੂੰ ਹਰੀ ਝੰਡੀ ਦੇ ਦਿੱਤੀ ਸੀ।

## ਅਕਾਲ ਤਖ਼ਤ ਦੇ ਜਥੇਦਾਰ ਤੋਂ ਦਖ਼ਲ ਮੰਗਿਆ

**ਅੰਮ੍ਰਿਤਸਰ:** ਪੰਜਾਬੀ ਫਿਲਮ 'ਸਾਡਾ ਹੱਕ' ਦੇ ਨਿਰਮਾਤਾ ਤੇ ਮੁੱਖ ਕਲਾਕਾਰ ਕੁਲਜਿੰਦਰ ਸਿੰਘ ਸਿੱਧੂ ਨੇ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਹਦਾਇਤ ਕਰਨ ਕਿ ਉਹ ਇਸ ਫਿਲਮ 'ਤੇ ਰੋਕ ਖ਼ਤਮ ਕਰਨ। ਦੂਜੇ ਪਾਸੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰਨ ਮਗਰੋਂ ਅਗਲੀ ਕਾਰਵਾਈ ਲਈ ਕਹਿਣਗੇ। ਇਸ ਦੌਰਾਨ ਫਿਲਮ ਸਮਰਥਕਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਇਕੱਠੇ ਹੋ ਕੇ ਅਰਦਾਸ ਵੀ ਕੀਤੀ ਹੈ। ਫਿਲਮ ਦੇ ਨਿਰਮਾਤਾ ਕੁਲਜਿੰਦਰ ਸਿੰਘ ਸਿੱਧੂ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਪੀਰ ਮੁਹੰਮਦ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮੰਗ ਪੱਤਰ ਸੌਂਪਿਆ। ਇਸ ਮੰਗ ਪੱਤਰ ਵਿਚ ਉਨ੍ਹਾਂ ਅਪੀਲ ਕੀਤੀ ਹੈ ਕਿ ਉਹ ਉਪ ਮੁੱਖ ਮੰਤਰੀ ਨੂੰ ਇਸ ਫਿਲਮ 'ਤੇ ਲਾਈ ਰੋਕ ਖ਼ਤਮ ਕਰਨ ਦੀ ਸਿਫਾਰਸ਼ ਕਰਨ।

## ਫਿਲਮ 'ਤੇ ਪਾਬੰਦੀ ਦਰੁਸਤ: ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਫ਼ਿਲਮ 'ਸਾਡਾ ਹੱਕ' 'ਤੇ ਪਾਬੰਦੀ ਲਾਏ ਜਾਣ ਨੂੰ ਦਰੁਸਤ ਕਰਾਰ ਦਿੰਦਿਆਂ ਇਸ ਗੱਲੋਂ ਇਨਕਾਰ ਕੀਤਾ ਕਿ ਇਹ ਫੈਸਲਾ ਪੰਜਾਬ ਸਰਕਾਰ ਨੇ ਆਰਐਸਐਸ ਜਾਂ ਭਾਜਪਾ ਦੇ ਦਬਾਅ ਹੇਠ ਲਿਆ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਇਹ ਪਾਬੰਦੀ ਮਹਿਜ਼ ਅਮਨ ਤੇ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਦੇ ਮੱਦੇਨਜ਼ਰ ਲਾਈ ਹੈ। ਸ. ਬਾਦਲ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਫਿਲਮ ਪ੍ਰਤੀ ਨਾ ਹੀ ਕੋਈ ਪ੍ਰਚਾਰ ਜਾਂ ਸਹਿਯੋਗ ਕੀਤਾ ਹੈ ਤੇ ਨਾ ਹੀ ਉਨ੍ਹਾਂ ਖੁਦ ਇਹ ਵੇਖੀ ਹੈ। ਉਨ੍ਹਾਂ ਤਰਕ ਦਿੱਤਾ ਕਿ ਪੰਜਾਬ ਅੰਦਰ ਬੜੀ ਮੁਸ਼ਕਲ ਨਾਲ ਅਮਨ ਸ਼ਾਂਤੀ ਬਣੀ ਹੈ ਤੇ ਵਿਕਾਸ ਦੀ ਗੱਲ ਤੁਰੀ ਹੈ। ਫਿਲਮ ਤਹਿਤ ਅਜਿਹੀਆਂ ਭੜਕਾਊ ਗੱਲਾਂ ਨਾਲ ਰਾਜ ਦਾ ਅਮਨ ਮੁੜ ਖਤਰੇ ਵਿਚ ਪੈਣ ਦਾ ਡਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਪੱਕਾ ਇਰਾਦਾ ਹੈ ਕਿ ਜਿਥੇ ਵੀ ਅਮਨ ਤੇ ਕਾਨੂੰਨ ਨਾਲ ਖਿਲਵਾੜ ਪੈਦਾ ਕਰਨ ਦੀ ਨੀਯਤ ਸਾਹਮਣੇ ਆਵੇਗੀ, ਉਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀ ਕੀਤਾ ਜਾਵੇਗਾ।

## ਬਹੁਤੇ ਹਿੰਦੂ ਸੰਗਠਨਾਂ ਨੂੰ ਵੀ ਨਹੀਂ ਇਤਰਾਜ਼

**ਅੰਮ੍ਰਿਤਸਰ:** ਪੰਜਾਬੀ ਫਿਲਮ 'ਸਾਡਾ ਹੱਕ' ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ ਸਬ ਕਮੇਟੀ ਨੇ ਸਮੀਖਿਆ ਦੌਰਾਨ ਇਸ ਦੇ ਦ੍ਰਿਸ਼ਾਂ ਬਾਰੇ ਕੋਈ ਇਤਰਾਜ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਨੇ ਨਾ ਸਿਰਫ ਇਸ ਫ਼ਿਲਮ ਨੂੰ ਹਰੀ ਝੰਡੀ ਦਿੱਤੀ ਸਗੋਂ ਇਸ ਸਬੰਧੀ ਅਪੀਲੈਟ ਟ੍ਰਿਬਿਊਨਲ ਨੂੰ ਵੀ ਸਿਫਾਰਸ਼ ਕੀਤੀ ਸੀ। ਸ਼੍ਰੋਮਣੀ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਦਮਦਮੀ ਟਕਸਾਲ, ਅਕਾਲੀ ਦਲ ਅੰਮ੍ਰਿਤਸਰ, ਸਿੱਖ ਕੌਂਸਲ ਪੰਜਾਬ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਇਸ ਫਿਲਮ ਨੂੰ ਸਰਾਹਿਆ ਗਿਆ ਹੈ। ਹਿੰਦੂ ਜਥੇਬੰਦੀਆਂ ਸ੍ਰੀ ਦੁਰਗਾ ਮਾਤਾ ਮੰਦਿਰ ਕਮੇਟੀ, ਲੁਧਿਆਣਾ ਤੇ ਹਿੰਦੂ ਸੁਰੱਖਿਆ ਕਮੇਟੀ, ਲੁਧਿਆਣਾ ਤੇ ਸ਼ਿਵ ਸੈਨਾ ਦੇ ਇਕ ਧੜੇ ਨੇ ਵੀ ਇਸ ਫਿਲਮ ਨੂੰ ਦੇਖਣ ਬਾਅਦ ਮਾਨਤਾ ਦਿੱਤੀ ਹੈ। ਸ਼ਿਵ ਸੈਨਾ ਦੇ ਕੁਝ ਧੜੇ ਇਸ ਦਾ ਵਿਰੋਧ ਕਰ ਰਹੇ ਹਨ ਜਿਨ੍ਹਾਂ ਨੇ ਚਿਤਾਵਨੀ ਦਿੱਤੀ ਹੈ ਕਿ ਫਿਲਮ ਦੇ ਜਾਰੀ ਹੋਣ 'ਤੇ ਇਸ ਦਾ ਵਿਰੋਧ ਕਰਨਗੇ। ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਸ਼ਿਵ ਸੈਨਾ ਕਾਰਕੁਨਾਂ ਨੇ ਫਿਲਮ ਦੌਰਾਨ ਵਿਘਨ ਪਾਉਣ ਦਾ ਯਤਨ ਕੀਤਾ ਤਾਂ ਉਹ ਉਨ੍ਹਾਂ ਨੂੰ ਕਰੜੇ ਹੱਥੀਂ ਲੈਣਗੇ।

ਗੁਲਜ਼ਾਰ ਸਿੰਘ ਮੁਲਤਾਨੀ ਅਤੇ ਪਰਿਵਾਰ ਵਲੋਂ ਆਪ ਸਭ ਨੂੰ

# ਵਿਸਾਖੀ ਮੁਬਾਰਕ



ਗੁਲਜ਼ਾਰ ਸਿੰਘ ਮੁਲਤਾਨੀ ਅਤੇ ਮਿੰਨੀ ਮੁਲਤਾਨੀ

ਸਮੂਹ ਭਾਈਚਾਰੇ ਨੂੰ ਖਾਲਸਾ ਪੰਥ ਦੇ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ

## Pan-Oceanic Group

8501 W. Higgins Rd., Suite 630, Chicago, IL 60631
Ph: 773-601-8408, Fax: 773-601-8409
www.panoceanicinc.com



President and CEO: Nick Gakhal

‘ਪੰਜਾਬ ਟਾਈਮਜ਼’ ਦੇ ਪਾਠਕਾਂ ਅਤੇ ਸਮੂਹ ਭਾਈਚਾਰੇ ਨੂੰ ਵਿਸਾਖੀ ਦੇ ਤਿਓਹਾਰ ਦੀ

## ਲੱਖ ਲੱਖ ਵਧਾਈ

**Allstates Transportation Company**
**(630) 668-3570**

# ਪੰਚਇਤੀ ਚੋਣਾਂ ਲਈ ਬਸਪਾ ਤੇ ਸਾਂਝਾ ਮੋਰਚਾ ਹੋਵੇਗਾ ਇਕਜੁੱਟ

**ਚੰਡੀਗੜ੍ਹ:** ਪੰਜਾਬ ਵਿਚ ਸੱਤਾਧਾਰੀ ਅਕਾਲੀ-ਭਾਜਪਾ ਸਰਕਾਰ ਨੂੰ ਪੰਚਾਇਤ ਚੋਣਾਂ ਵਿਚ ਢਾਹ ਲਾਉਣ ਲਈ ਬਹੁਜਨ ਸਮਾਜ ਪਾਰਟੀ ਤੇ ਸਾਂਝੇ ਮੋਰਚੇ ਵਿਚਾਲੇ ਗਠਜੋੜ ਦੇ ਆਸਾਰ ਹਨ। ਸਾਂਝੇ ਮੋਰਚੇ ਤੇ ਬਸਪਾ ਦੇ ਆਗੂਆਂ ਵਿਚ ਪਹਿਲੇ ਦੌਰ ਦੀ ਗੱਲਬਾਤ ਹੋ ਗਈ ਹੈ। ਇਸ ਤੋਂ ਪਹਿਲਾਂ ਦੋਹਾਂ ਧਿਰਾਂ ਵਿਚਾਲੇ ਵਿਧਾਨ ਸਭਾ ਚੋਣਾਂ ਵੇਲੇ ਵੀ ਗਠਜੋੜ ਲਈ ਗੱਲਬਾਤ ਸਿਰੇ 'ਤੇ ਆ ਕੇ ਟੁੱਟ ਗਈ ਸੀ। ਬਸਪਾ ਪਹਿਲੀ ਵਾਰ ਪੰਚਾਇਤ ਚੋਣਾਂ ਵਿਚ ਹਿੱਸਾ ਲਵੇਗੀ।




ਇਸ ਤੋਂ ਪਹਿਲਾਂ ਬਸਪਾ ਵੱਲੋਂ ਸਿਰਫ਼ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿਚ ਹੀ ਹਿੱਸਾ ਲਿਆ ਜਾਂਦਾ ਰਿਹਾ ਹੈ। ਸਾਂਝੇ ਮੋਰਚੇ ਦੇ ਹੋਂਦ ਵਿਚ ਆਉਣ ਪਿੱਛੋਂ ਪੰਚਾਇਤ ਦੀਆਂ ਇਹ ਪਹਿਲੀਆਂ ਚੋਣਾਂ ਹਨ। ਦੋਵੇਂ ਪਾਰਟੀਆਂ ਹੇਠਲੇ ਪੱਧਰ 'ਤੇ ਆਪਣਾ ਆਧਾਰ ਪੱਕਾ ਕਰਨ ਲਈ ਪੰਚਾਇਤ ਸਮੇਤ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀ ਦੀਆਂ ਚੋਣਾਂ ਲੜਨ ਦਾ ਫੈਸਲਾ ਲੈ ਚੁੱਕੀਆਂ ਹਨ। ਦੋਹਾਂ ਧਿਰਾਂ ਦਾ ਮੰਨਣਾ ਹੈ ਕਿ ਹਾਕਮ ਧਿਰ ਨੂੰ ਵੱਡੀ ਟੱਕਰ ਦੇਣ ਲਈ ਇਕਜੁਟਤਾ ਜ਼ਰੂਰੀ ਹੈ।

ਬਸਪਾ ਆਗੂਆਂ ਨੇ ਨਾਲ ਹੀ ਸਪਸ਼ਟ ਕੀਤਾ ਕਿ ਆਖ਼ਰੀ ਮੋਹਰ ਪਾਰਟੀ ਸੁਪਰੀਮੋ ਮਾਇਆਵਤੀ ਦੀ ਲੱਗਣੀ ਲਾਜ਼ਮੀ ਹੋਵੇਗੀ। ਮਿਲੀ ਜਾਣਕਾਰੀ ਮੁਤਾਬਕ ਮਾਇਆਵਤੀ ਨਾਲ ਗੱਲਬਾਤ ਕਰਨ ਲਈ ਸਾਂਝੇ ਮੋਰਚੇ ਦੇ ਸਰਪ੍ਰਸਤ ਤੇ ਸਾਬਕਾ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਉਂਜ ਬਸਪਾ ਦੇ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ ਨੇ ਵੀ ਪਾਰਟੀ ਹਾਈ ਕਮਾਂਡ ਨਾਲ ਆਪਣੇ ਪੱਧਰ ਉਤੇ ਗੱਲ ਕਰਨ ਲਈ ਹਾਮੀ ਭਰ ਦਿੱਤੀ ਹੈ।

ਇਸੇ ਦੌਰਾਨ ਸਾਂਝੇ ਮੋਰਚੇ ਨੇ ਪੰਚਾਇਤ ਚੋਣਾਂ 'ਤੇ ਵਿਚਾਰ ਕਰਨ ਲਈ 15 ਅਪਰੈਲ ਨੂੰ ਜਲੰਧਰ ਵਿੱਚ ਮੀਟਿੰਗ ਸੱਦ ਲਈ ਹੈ। ਇਸ ਮੀਟਿੰਗ ਵਿਚ ਪੰਜਾਬ ਦੇ ਤਾਜ਼ਾ ਹਾਲਾਤ 'ਤੇ ਵੀ ਚਿੰਤਨ ਹੋਵੇਗਾ। ਪੰਜਾਬ ਬਸਪਾ ਦੇ ਪ੍ਰਧਾਨ ਪ੍ਰਕਾਸ਼ ਸਿੰਘ ਜੰਡਾਲੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਪੰਚਾਇਤ ਸਮੇਤ ਬਲਾਕ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿਚ ਪਹਿਲੀ ਵਾਰ ਹਿੱਸਾ ਲਿਆ ਜਾ ਰਿਹਾ ਹੈ।

ਸਾਂਝੇ ਮੋਰਚੇ ਨਾਲ ਚੋਣ ਗਠਜੋੜ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਦੋਹਾਂ ਧਿਰਾਂ ਲਈ ਲਾਹੇਵੰਦ ਰਹੇਗਾ ਪਰ ਇਸ ਲਈ ਪਾਰਟੀ ਸੁਪਰੀਮੋ ਦੀ ਮੋਹਰ ਜ਼ਰੂਰੀ ਹੈ। ਉਧਰ ਸਾਂਝੇ ਮੋਰਚੇ ਦੇ ਨੇਤਾ ਬੰਤ ਬਰਾੜ ਦਾ ਕਹਿਣਾ ਹੈ ਕਿ ਜੇਕਰ ਦੋਹਾਂ ਪਾਰਟੀਆਂ ਵਿਚ ਪੰਚਾਇਤ ਚੋਣਾਂ ਰਲ ਕੇ ਲੜਨ ਦੀ ਸਹਿਮਤੀ ਬਣ ਜਾਵੇ ਤਾਂ ਇਸ ਦੇ ਵਧੀਆ ਨਤੀਜੇ ਸਾਹਮਣੇ ਆ ਸਕਦੇ ਹਨ। ਉਨ੍ਹਾਂ ਨੇ ਦੋਹਾਂ ਧਿਰਾਂ ਵਿਚ ਚੋਣ ਸਮਝੌਤੇ ਦੀ ਤੁਰੀ ਗੱਲਬਾਤ ਦਾ ਸਵਾਗਤ ਕੀਤਾ ਹੈ।

# ਕੈਪਟਨ ਅਮਰਿੰਦਰ ਨਾਲ ਕੋਈ ਮਤਭੇਦ ਨਹੀਂ: ਬਾਜਵਾ





**ਚੰਡੀਗੜ੍ਹ:** ਪਾਰਟੀ ਅੰਦਰ ਧੜੇਬੰਦੀ ਨੂੰ ਕੋਰੀ ਅਫ਼ਵਾਹ ਦੱਸਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਪੂਰੀ ਹਮਾਇਤ ਪ੍ਰਾਪਤ ਹੈ ਤੇ ਹਾਈ ਕਮਾਂਡ ਵੱਲੋਂ ਉਨ੍ਹਾਂ ਦੀ ਸਲਾਹ ਨਾਲ ਹੀ ਪੰਜਾਬ ਇਕਾਈ ਲਈ ਚਾਰ ਮੀਤ ਪ੍ਰਧਾਨ ਨਿਯੁਕਤ ਕੀਤੇ ਗਏ ਹਨ। ਉਹ ਪੰਜਾਬ ਦੀਆਂ ਸਮੂਹ ਧਰਮ ਨਿਰਪੱਖ ਪਾਰਟੀਆਂ ਦੀ ਮਦਦ ਨਾਲ ਆ ਰਹੀਆਂ ਵੱਖ-ਵੱਖ ਚੋਣਾਂ ਦੌਰਾਨ ਅਕਾਲੀ-ਭਾਜਪਾ ਸਰਕਾਰ ਨੂੰ ਚੱਲਦਾ ਕਰਨ ਲਈ ਕੋਈ ਕਸਰ ਨਹੀਂ ਛੱਡਣਗੇ।

ਸ੍ਰੀ ਬਾਜਵਾ ਨੇ ਕਿਹਾ ਕਿ 23 ਮਾਰਚ ਨੂੰ ਉਨ੍ਹਾਂ ਦੀ ਤਾਜਪੋਸ਼ੀ ਵਾਲੇ ਦਿਨ ਕੈਪਟਨ ਵੱਲੋਂ ਵਿਧਾਇਕਾਂ ਤੇ ਹੋਰ ਲੀਡਰਸ਼ਿਪ ਨੂੰ ਲੰਚ ਦੇ ਕੇ ਕੁਝ ਵੀ ਗਲਤ ਨਹੀਂ ਕੀਤਾ ਗਿਆ ਕਿਉਂਕਿ ਇਸ ਤੋਂ ਬਾਅਦ ਉਨ੍ਹਾਂ ਨੇ ਬਕਾਇਦਾ ਸਮਾਗਮ ਵਿਚ ਪੁੱਜ ਕੇ ਉਨ੍ਹਾਂ ਨੂੰ ਪੂਰੀ ਹਮਾਇਤ ਦੇਣ ਦਾ ਐਲਾਨ ਕੀਤਾ ਸੀ। ਪੰਜਾਬ ਵਿਚ ਕੀਤੀਆਂ ਜਾ ਰਹੀਆਂ ਵਰਕਰ ਮੀਟਿੰਗਾਂ ਦੌਰਾਨ ਕੈਪਟਨ ਦਾ ਆਉਣਾ ਜ਼ਰੂਰੀ ਨਹੀਂ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਕੋਈ ਵੀ ਕਾਂਗਰਸੀ ਵਿਧਾਇਕ ਅਕਾਲੀ ਦਲ ਵਿਚ ਸ਼ਾਮਲ ਨਹੀਂ ਹੋ ਰਿਹਾ ਤੇ ਮੋਗਾ ਦੇ ਵਿਧਾਇਕ ਜੋਗਿੰਦਰਪਾਲ ਜੈਨ ਖ਼ਿਲਾਫ਼ ਦਰਜ ਹੋਏ ਇਕ ਕੇਸ ਦੇ ਡਰ ਕਾਰਨ ਹੀ ਉਹ ਹੁਕਮਰਾਨ ਪਾਰਟੀ ਵਿਚ ਸ਼ਾਮਲ ਹੋਏ ਹਨ। ਸ. ਬਾਜਵਾ ਨੇ ਕਿਹਾ ਕਿ ਉਹ ਪੰਜਾਬ ਦੇ ਦੌਰੇ ਤੋਂ ਬਾਅਦ ਆਪਣੀ ਨਵੀਂ ਟੀਮ ਦਾ ਐਲਾਨ ਕਰ ਦੇਣਗੇ।

ਅਕਾਲੀ ਦਲ-ਭਾਜਪਾ ਗਠਜੋੜ ਸਰਕਾਰ ਵੱਲੋਂ ਕਾਂਗਰਸੀ ਵਰਕਰਾਂ ਖ਼ਿਲਾਫ਼ ਬਦਲਾਖੋਰੀ ਤਹਿਤ ਦਰਜ ਕਰਵਾਏ ਜਾ ਰਹੇ ਝੂਠੇ ਕੇਸਾਂ ਦੇ ਮਾਮਲੇ ਵਿਚ ਪੀੜਤ ਵਰਕਰਾਂ ਨੂੰ ਪਾਰਟੀ ਵੱਲੋਂ ਮੁਫ਼ਤ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਣ ਲਈ ਸ. ਬਾਜਵਾ ਵੱਲੋਂ ਇਥੇ 'ਟੋਲ ਫਰੀ ਨੰਬਰ' ਸ਼ੁਰੂ ਕੀਤਾ ਗਿਆ। ਪਹਿਲੇ ਪੜਾਅ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪੀੜਤ ਕਾਂਗਰਸੀ ਵਰਕਰਾਂ ਲਈ ਇਹ ਸਹੂਲਤ ਦਿੱਤੀ ਗਈ ਹੈ ਤੇ ਬਾਅਦ ਵਿਚ ਹੋਰ ਜ਼ਿਲ੍ਹਿਆਂ ਲਈ ਇਹ ਸਹੂਲਤ ਸ਼ੁਰੂ ਕੀਤੀ ਜਾਵੇਗੀ। ਵਕੀਲ ਜੈਵੀਰ ਸਿੰਘ ਸ਼ੇਰਗਿੱਲ ਸਮੇਤ 25 ਵਕੀਲਾਂ ਦਾ ਪੈਨਲ ਮੁਫ਼ਤ ਕਾਨੂੰਨੀ ਸਹਾਇਤਾ ਦੇਵੇਗਾ। ਪ੍ਰਦੇਸ਼ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੇਂਦਰੀ ਗ੍ਰਾਂਟਾਂ ਵਿਚ ਕੀਤੀ ਕਰੋੜਾਂ ਰੁਪਏ ਦੀ ਹੇਰਾਫੇਰੀ ਦਾ ਮੁੱਦਾ ਉਹ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲ ਉਠਾ ਕੇ ਇਸ ਦੀ ਸੀ.ਬੀ.ਆਈ ਜਾਂਚ ਕਰਾਉਣ ਦੀ ਮੰਗ ਕਰਨਗੇ।

# ਐਨ ਆਰ ਆਈ ਸਭਾ ਦੇ ਪ੍ਰਧਾਨ 'ਤੇ ਲਟਕੀ ਕਾਨੂੰਨੀ ਤਲਵਾਰ

**ਚੰਡੀਗੜ੍ਹ:** ਬੜੇ ਲੰਮੇ ਸਮੇਂ ਬਾਅਦ ਐਨਆਰਆਈ ਸਭਾ ਦੀ ਪ੍ਰਧਾਨਗੀ ਲੈਣ ਵਿਚ ਕਾਮਯਾਬ ਹੋਏ ਜਸਵੀਰ ਸਿੰਘ ਸ਼ੇਰਗਿੱਲ 'ਤੇ ਕਾਨੂੰਨੀ ਤਲਵਾਰ ਲਟਕ ਗਈ ਹੈ। ਸਾਬਕਾ ਪ੍ਰਧਾਨ ਕਮਲਜੀਤ ਸਿੰਘ ਹੇਅਰ ਵੱਲੋਂ ਹਾਈ ਕੋਰਟ ਵਿਚ ਕੀਤੀ ਗਈ ਰਿੱਟ 'ਤੇ ਪੰਜਾਬ ਸਰਕਾਰ ਤੇ ਸਭਾ ਦੇ ਪ੍ਰਧਾਨ ਜਸਵੀਰ ਸਿੰਘ ਸ਼ੇਰਗਿੱਲ ਨੂੰ ਨੋਟਿਸ ਕੱਢ ਦਿੱਤਾ ਗਿਆ ਕਿ ਉਹ ਦੱਸਣ ਕਿ ਉਨ੍ਹਾਂ ਨੇ ਬਣਾਈਆਂ ਤਕਰੀਬਨ 700 ਵੋਟਾਂ ਦੇ ਪੈਸੇ ਆਪ ਕਿਉਂ ਭਰੇ ਹਨ। ਇਸ ਮਾਮਲੇ ਦੀ ਅਗਲੀ ਪੇਸ਼ੀ 13 ਮਈ ਨੂੰ ਹੋਵੇਗੀ ਜਿਸ ਵਿਚ ਇਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਦੇਣਾ ਹੋਵੇਗਾ।

ਹਰ ਦੋ ਸਾਲ ਬਾਅਦ ਹੁੰਦੀ ਇਸ ਚੋਣ ਦਾ ਇਤਿਹਾਸ ਇਹੀ ਰਿਹਾ ਹੈ ਕਿ ਚੋਣ ਦੌਰਾਨ ਜਿਹੜਾ ਉਮੀਦਵਾਰ ਚੋਣ ਹਾਰ ਜਾਂਦਾ ਹੈ, ਉਹ ਅਦਾਲਤ ਵਿਚ ਚਲਿਆ ਜਾਂਦਾ ਹੈ। ਜਦੋਂ ਤੱਕ ਅਦਾਲਤਾਂ ਦਾ ਫੈਸਲਾ ਆਉਂਦਾ ਹੈ, ਉਦੋਂ ਤੱਕ ਜਿੱਤਿਆ ਪ੍ਰਧਾਨ ਆਪਣਾ ਕਾਰਜਕਾਲ ਪੂਰਾ ਕਰਕੇ ਅਗਲੀ ਚੋਣ ਦੀ ਤਿਆਰੀ ਵਿਚ ਲੱਗ ਜਾਂਦਾ ਹੈ। ਜ਼ਿਕਰਯੋਗ ਹੈ ਕਿ ਇਸ ਵਾਰ ਐਨ.ਆਰ.ਆਈ ਸਭਾ ਦੀ ਪ੍ਰਧਾਨਗੀ ਲਈ ਹੋਈ ਚੋਣ ਵਿਚ ਦੁਬਈ ਤੋਂ ਐਨ.ਆਰ.ਆਈ ਸਭਾ ਦੇ ਮੈਂਬਰਾਂ ਨੇ ਵੱਡੀ ਗਿਣਤੀ ਵਿਚ ਵੋਟਾਂ ਪਾਈਆਂ ਸਨ ਜਿਸ ਕਾਰਨ ਚੋਣ ਨਤੀਜੇ ਇਕਤਰਫਾ ਹੀ ਹੋ ਗਏ ਸਨ। ਸਾਬਕਾ ਪ੍ਰਧਾਨ ਕਮਲਜੀਤ ਹੇਅਰ ਵੱਲੋਂ ਇਹ ਦੋਸ਼ ਲਾਇਆ ਗਿਆ ਹੈ ਕਿ ਜਸਵੀਰ ਸਿੰਘ ਸ਼ੇਰਗਿੱਲ ਨੇ ਰਸੀਦ ਨੰਬਰ 62462 ਤੋਂ ਲੈ ਕੇ 62498 ਤੱਕ ਆਪਣੇ ਨਾਂ ਉਤੇ ਰਸੀਦਾਂ ਕਟਵਾਈਆਂ ਹਨ। ਸਭਾ ਦਾ ਮੈਂਬਰ ਬਣਨ ਲਈ 5000 ਰੁਪਏ ਦੀ ਫੀਸ ਤੈਅ ਹੈ। ਪਿਛਲੇ ਲੰਮੇ ਸਮੇਂ ਤੋਂ ਹਾਰਨ ਵਾਲਾ ਉਮੀਦਵਾਰ ਅਦਾਲਤਾਂ ਦੀ ਸ਼ਰਨ ਵਿਚ ਜਾ ਕੇ ਪ੍ਰਧਾਨਗੀ ਦੀ ਚੋਣ ਨੂੰ ਚੁਣੌਤੀ ਦਿੰਦਾ ਆ ਰਿਹਾ ਹੈ। ਪਿਛਲੀਆਂ ਲਗਾਤਾਰ ਦੋ ਚੋਣਾਂ ਦੌਰਾਨ ਜੇਤੂ ਰਹੇ ਕਮਲਜੀਤ ਹੇਅਰ ਵਿਰੁੱਧ ਅਦਾਲਤ ਵਿਚ ਜਸਵੀਰ ਸਿੰਘ ਸ਼ੇਰਗਿੱਲ ਤੇ ਪ੍ਰੀਤਮ ਸਿੰਘ ਨਰੰਗਪੁਰ ਨੇ ਵੀ ਅਦਾਲਤਾਂ ਦਾ ਸਹਾਰਾ ਲਿਆ ਸੀ।

# ਮਨਪ੍ਰੀਤ ਬਾਦਲ ਦੀ ਕਾਂਗਰਸ ਬਾਰੇ ਸੁਰ ਫਿਰ ਨਰਮ

**ਸੰਗਰੂਰ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਉਸ ਫੈਸਲੇ ਦਾ ਸਵਾਗਤ ਕੀਤਾ ਹੈ ਜਿਸ ਵਿਚ ਉਨ੍ਹਾਂ ਨੇ ਧਰਮ ਨਿਰਪੱਖ ਪਾਰਟੀਆਂ ਨੂੰ ਅਕਾਲੀ-ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖ਼ਿਲਾਫ਼ ਇਕ ਮੰਚ 'ਤੇ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਰਮ ਨਿਰਪੱਖ ਪਾਰਟੀਆਂ ਨੂੰ ਇਸ ਵੇਲੇ ਇਕੱਠੇ ਹੋਣ ਦੀ ਲੋੜ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਅਜਿਹਾ ਕਰਨਾ ਸਵਾਗਤਯੋਗ ਹੈ।

ਉਨ੍ਹਾਂ ਕਿਹਾ ਕਿ ਉਹ ਭਾਵੇਂ ਸਾਂਝੇ ਮੋਰਚੇ ਦੇ ਚੇਅਰਮੈਨ ਹਨ ਪਰ ਕੋਈ ਵੀ ਫੈਸਲਾ ਸਾਂਝੇ ਮੋਰਚੇ ਵਿਚ ਸ਼ਾਮਲ ਸਿਆਸੀ ਪਾਰਟੀਆਂ ਦੀ ਸਹਿਮਤੀ ਨਾਲ ਹੀ ਲਿਆ ਜਾਂਦਾ ਹੈ ਤੇ ਇਸ ਬਾਰੇ ਵਿਚਾਰ ਕੀਤਾ ਜਾਵੇਗਾ। ਅਕਾਲੀ-ਭਾਜਪਾ ਦੇ ਚਿੰਤਨ ਸੰਮੇਲਨ ਬਾਰੇ ਉਨ੍ਹਾਂ ਕਿਹਾ ਕਿ ਗੋਆ



ਵਿਚ ਬੈਠ ਕੇ ਮਸਲੇ ਹੱਲ ਨਹੀਂ ਹੋ ਸਕਦੇ। ਪੰਜਾਬ ਬੇਹੱਦ ਮਾੜੇ ਦੌਰ ਵਿਚੋਂ ਲੰਘ ਰਿਹਾ ਹੈ। ਮੁਲਾਜ਼ਮਾਂ ਨੂੰ ਸਾਲ ਦੇ ਸ਼ੁਰੂ ਦੇ ਮਹੀਨਿਆਂ ਵਿਚ ਹੀ ਸਮੇਂ ਸਿਰ ਤਨਖਾਹਾਂ ਨਹੀਂ ਮਿਲ ਰਹੀਆਂ ਜਿਸ ਰਾਜ ਵਿਚ ਕੁਝ ਮਹੀਨਿਆਂ ਵਿਚ ਹੀ ਚਾਰ ਏਐਸਆਈ ਅਫਸਰਾਂ ਦਾ ਕਤਲ ਹੋ ਜਾਵੇ ਉਸ ਰਾਜ ਦੇ ਇਸ ਤੋਂ ਮਾੜੇ ਹਾਲਾਤ ਹੋਰ ਨਹੀਂ ਹੋ ਸਕਦੇ।

ਸ. ਬਾਦਲ ਨੇ ਕਿਹਾ ਕਿ 15 ਤੇ 16 ਅਪਰੈਲ ਨੂੰ ਸਾਂਝੇ ਮੋਰਚੇ ਦੇ ਇਜਲਾਸ ਵਿਚ ਸਮਾਜ ਦੇ ਹਰ ਵਰਗ ਦੇ ਫਿਕਰਮੰਦ ਨੁਮਾਇੰਦੇ ਸ਼ਾਮਲ ਹੋ ਰਹੇ ਹਨ ਜਿਸ ਵਿਚ ਸਿਹਤ, ਕਿਸਾਨ, ਅਮਨ ਕਾਨੂੰਨ ਦੀ ਸਥਿਤੀ ਅਤੇ ਪੰਜਾਬ ਦੇ ਦਰਪੇਸ਼ ਮਸਲਿਆਂ ਦੇ ਹੱਲ ਲਈ ਵਿਚਾਰ-ਵਟਾਂਦਰਾ ਕਰਕੇ ਸਾਂਝੇ ਮੋਰਚੇ ਵੱਲੋਂ ਇਕ ਖਰੜਾ ਰਿਲੀਜ਼ ਕੀਤਾ ਜਾਵੇਗਾ। 'ਸਾਡਾ ਹੱਕ' ਫਿਲਮ 'ਤੇ ਲਾਈ ਪਾਬੰਦੀ ਬਾਰੇ ਉਨ੍ਹਾਂ ਕਿਹਾ ਕਿ ਜਮਹੂਰੀਅਤ ਵਿਚ ਹਰ ਬੰਦੇ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੋਣਾ ਚਾਹੀਦਾ ਹੈ ਪਰ ਜੇ ਕੁਝ ਬੋਲਣ ਜਾਂ ਵਿਖਾਉਣ ਨਾਲ ਅਮਨ ਸ਼ਾਂਤੀ ਨੂੰ ਕੋਈ ਖਤਰਾ ਹੈ ਤਾਂ ਇਹ ਸਰਕਾਰ ਨੇ ਵੇਖਣਾ ਹੈ।

# ਪਰਵਾਸੀ ਭਾਰਤੀਆਂ ਨੂੰ ਡਾਕਟਰੀ ਦੀ ਪੜ੍ਹਾਈ ਲਈ ਦੇਣਾ ਪਵੇਗਾ ਟੈਸਟ

**ਚੰਡੀਗੜ੍ਹ:** ਐਮਬੀਬੀਐਸ ਵਿਚ ਦਾਖ਼ਲੇ ਲਈ ਪਰਵਾਸੀ ਭਾਰਤੀਆਂ (ਐਨਆਰਆਈ ਕੋਟਾ) ਵਾਸਤੇ ਸਾਂਝਾ ਟੈਸਟ ਲਾਜ਼ਮੀ ਕਰ ਦਿੱਤਾ ਗਿਆ ਹੈ। ਇਹ ਟੈਸਟ ਕੌਮੀ ਪੱਧਰ 'ਤੇ ਲਿਆ ਜਾਵੇਗਾ। ਮੈਡੀਕਲ ਕੌਂਸਲ ਆਫ ਇੰਡੀਆ ਵੱਲੋਂ ਨਵੇਂ ਫੈਸਲੇ ਦੀ ਜਾਣਕਾਰੀ ਸੂਬਾ ਸਰਕਾਰਾਂ ਨੂੰ ਦੇ ਦਿੱਤੀ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਐਮ.ਬੀ.ਬੀ.ਐਸ. ਤੇ ਬੀ.ਡੀ.ਐਸ. ਕੋਰਸਾਂ ਵਿਚ ਐਨ.ਆਰ.ਆਈ ਕੋਟੇ ਦੀਆਂ 15 ਫੀਸਦੀ ਸੀਟਾਂ ਰਾਖਵੀਆਂ ਹਨ। ਚਾਲੂ ਵਿਦਿਅਕ ਸਾਲ ਤੱਕ ਐਨ.ਆਰ.ਆਈ. ਕੋਟੇ ਦੀਆਂ ਸੀਟਾਂ ਲਈ ਕੋਈ ਟੈਸਟ ਨਹੀਂ ਲਿਆ ਜਾਂਦਾ ਸੀ ਤੇ ਅਕਾਦਮਿਕ ਮੈਰਿਟ ਨੂੰ ਆਧਾਰ ਮੰਨ ਕੇ ਦਾਖ਼ਲਾ ਕਰ ਲਿਆ ਜਾਂਦਾ ਸੀ। ਨਵੇਂ ਫੈਸਲੇ ਮੁਤਾਬਿਕ ਐਨ.ਆਰ.ਆਈ. ਕੋਟੇ ਦੀਆਂ ਸੀਟਾਂ ਮੁੱਖ ਕੌਮੀ ਪੱਧਰ ਦੇ ਟੈਸਟ ਵਿਚੋਂ ਭਰੀਆਂ ਜਾਣਗੀਆਂ ਪਰ ਦਾਖ਼ਲਾ ਕੌਂਸਲਿੰਗ ਰਾਜ ਪੱਧਰ 'ਤੇ ਕੀਤੀ ਜਾਵੇਗੀ। ਕੌਂਸਲਿੰਗ ਦਾ ਅਧਿਕਾਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੂੰ ਦਿੱਤਾ ਗਿਆ ਹੈ। ਕੌਂਸਲ ਵੱਲੋਂ ਕੋਟੇ ਲਈ ਦਾਖ਼ਲੇ ਦੀਆਂ ਸ਼ਰਤਾਂ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਇਨ੍ਹਾਂ ਵਿਚ ਪੰਜਾਬ ਦਾ ਜੰਮਪਲ ਹੋਣ ਦੇ ਨਾਲ ਵਿਦੇਸ਼ੀ ਪਾਸਪੋਰਟ ਦੀ ਸ਼ਰਤ ਹੋਣੀ ਬਰਕਰਾਰ ਰੱਖੀ ਗਈ ਹੈ। ਐਨ.ਆਰ.ਆਈ ਕੋਟੇ ਦੀ ਫੀਸ ਡਾਲਰਾਂ ਵਿਚ ਲਈ ਜਾਵੇਗੀ। ਫੀਸ ਤੈਅ ਕਰਨ ਦਾ ਹੱਕ ਰਾਜ ਸਰਕਾਰਾਂ 'ਤੇ ਛੱਡ ਦਿੱਤਾ ਗਿਆ ਹੈ। ਇਨ੍ਹਾਂ ਕਾਲਜਾਂ ਵਿਚ ਐਮ.ਬੀ.ਬੀ.ਐਸ. ਦੀਆਂ ਸੀਟਾਂ ਦੀ ਕੁੱਲ ਗਿਣਤੀ 1070 ਹੈ। ਇਸ ਤੋਂ ਬਿਨਾਂ 14 ਡੈਂਟਲ ਕਾਲਜ ਹਨ। ਬੀ.ਡੀ.ਐਸ. ਦੀਆਂ ਸੀਟਾਂ ਦੀ ਗਿਣਤੀ 1190 ਹੈ।

# ਸਿੱਖ ਨਸਲਕੁਸ਼ੀ ਬਾਰੇ ਪਟੀਸ਼ਨ 'ਤੇ ਮੁੜ ਗੌਰ ਕੀਤੀ ਜਾਵੇ: ਕਲਕੱਤਾ

**ਚੰਡੀਗੜ੍ਹ:** ਅਮਰੀਕਾ ਦੀ ਅਦਾਲਤ ਵੱਲੋਂ ਸਿੱਖ ਨਸਲਕੁਸ਼ੀ ਬਾਰੇ ਪਟੀਸ਼ਨ ਨੂੰ ਰੱਦ ਕੀਤੇ ਜਾਣ 'ਤੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਤੇ ਸਿੱਖ ਵਿਦਵਾਨ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਅਮਰੀਕਾ ਪ੍ਰਸ਼ਾਸਨ ਇਸ 'ਤੇ ਮੁੜ ਵਿਚਾਰ ਕਰੇ। ਉਨ੍ਹਾਂ ਕਿਹਾ ਕਿ ਸਿੱਖ ਨਸਲਕੁਸ਼ੀ ਦਾ ਸਿਰਫ ਸ਼ਬਦਿਕ ਅਰਥ ਨਹੀਂ ਦੇਖਣਾ ਚਾਹੀਦਾ ਸਗੋਂ ਇਸ ਮਾਮਲੇ ਵਿਚ 1980 ਤੋਂ ਲੈ ਕੇ 1995 ਤੱਕ ਦੇ ਸਮੇਂ ਵਿਚ ਹੋਏ ਸਿੱਖਾਂ ਦੇ ਸਮੁੱਚੇ ਘਾਣ ਨੂੰ ਸਿੱਖ ਨਸਲਕੁਸ਼ੀ ਦੇ ਘੇਰੇ ਵਿਚ ਰੱਖ ਕੇ ਦੇਖਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਅਮਰੀਕਾ ਪ੍ਰਸ਼ਾਸਨ ਨੇ ਇਸ ਪਟੀਸ਼ਨ ਨੂੰ ਇਸ ਲਈ ਰੱਦ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੇ ਇਸ ਨੂੰ ਸਿਰਫ ਨਵੰਬਰ 1984 ਦੇ ਸਿੱਖ ਕਤਲੇਆਮ ਤੱਕ ਸੀਮਤ ਰੱਖ ਕੇ ਦੇਖਿਆ



ਹੈ। ਸਿੱਖ ਨਸਲਕੁਸ਼ੀ ਪਟੀਸ਼ਨ ਦੇ ਘੇਰੇ ਵਿਚ 1980 ਤੋਂ ਲੈ ਕੇ 1995 ਤੱਕ ਦੇ ਸਮੇਂ ਨੂੰ ਰੱਖਿਆ ਜਾਣਾ ਚਾਹੀਦਾ ਹੈ। ਇਸ ਸਮੇਂ ਦੌਰਾਨ ਸਿੱਖਾਂ 'ਤੇ ਭਾਰੀ ਅਣਮਨੁੱਖੀ ਤਸ਼ੱਦਦ ਹੋਇਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਉਸ ਅਰਸੇ ਦੌਰਾਨ ਸਿੱਖਾਂ ਦੀ ਹੋਂਦ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ ਸੀ। ਉਨ੍ਹਾਂ ਅਮਰੀਕਾ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਸਿੱਖ ਨਸਲਕੁਸ਼ੀ ਪਟੀਸ਼ਨ 'ਤੇ ਮੌਜੂਦਾ ਤੱਥਾਂ ਦੇ ਆਧਾਰ 'ਤੇ ਮੁੜ ਵਿਚਾਰ ਕੀਤਾ ਜਾਵੇ।

# ਕੈਪਟਨ ਨੂੰ ਹੁਣ ਹਵਾਲਾ ਕਾਂਡ ਵਿਚ ਉਲਝਾਉਣ ਦੀ ਤਿਆਰੀ

**ਚੰਡੀਗੜ੍ਹ:** ਇਨਫੋਰਸਮੈਂਟ ਡਾਇਰੈਕਟਰ ਨੇ ਵੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਹਵਾਲਾ ਮਾਮਲੇ ਦੀ ਪੜਤਾਲ ਆਰੰਭਣ ਦਾ ਫੈਸਲਾ ਕੀਤਾ ਹੈ। ਇਹ ਪੜਤਾਲ ਲੁਧਿਆਣਾ ਦੇ ਬਹੁਚਰਚਿਤ ਸਿਟੀ ਸੈਂਟਰ ਘੁਟਾਲੇ ਨਾਲ ਜੁੜੇ ਤੱਥਾਂ ਬਾਰੇ ਕੀਤੀ ਜਾਣੀ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਪੰਜਾਬ ਵਿਜੀਲੈਂਸ ਬਿਊਰੋ ਨੂੰ ਇਸ ਬਾਰੇ ਪੱਤਰ ਲਿਖ ਦਿੱਤਾ ਹੈ।

ਸੂਤਰਾਂ ਅਨੁਸਾਰ ਈ.ਡੀ ਦੇ ਵਿਸ਼ੇਸ਼ ਡਾਇਰੈਕਟਰ ਕਰਨੈਲ ਸਿੰਘ ਨੇ ਵਿਜੀਲੈਂਸ ਬਿਊਰੋ ਨੂੰ ਸਿਟੀ ਸੈਂਟਰ ਘੁਟਾਲੇ ਨਾਲ ਜੁੜੇ ਦਸਤਾਵੇਜ਼ ਮੁਹੱਈਆ ਕਰਾਉਣ ਲਈ ਕਿਹਾ ਹੈ। ਈ.ਡੀ ਵੱਲੋਂ ਅਪਰੈਲ ਮਹੀਨੇ ਵਿਚ ਹੀ ਬਿਊਰੋ ਦੇ ਮੁਖੀ ਸੁਰੇਸ਼ ਅਰੋੜਾ ਨੂੰ ਇਸ ਬਾਰੇ ਪੱਤਰ ਲਿਖਿਆ ਗਿਆ ਹੈ। ਈ.ਡੀ. ਦੀ ਪੜਤਾਲ ਦੇ ਦਾਇਰੇ ਵਿਚ ਸਾਬਕਾ ਮੁੱਖ ਮੰਤਰੀ ਦੇ ਪੁੱਤਰ



ਰਣਇੰਦਰ ਸਿੰਘ ਵੀ ਆ ਸਕਦੇ ਹਨ। ਸਿਟੀ ਸੈਂਟਰ ਘੁਟਾਲੇ ਬਾਰੇ ਵਿਜੀਲੈਂਸ ਬਿਊਰੋ ਨੇ ਮਾਰਚ 2007 ਵਿਚ ਸੂਬੇ ਅੰਦਰ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਆਉਣ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੇ ਸਪੁੱਤਰ ਰਣਇੰਦਰ ਸਿੰਘ, ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ, ਟੂਡੇ ਹੋਮਜ਼ ਦੇ ਮਾਲਕਾਂ ਤੇ ਹੋਰਾਂ ਵਿਰੁੱਧ ਧੋਖਾਧੜੀ ਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ।

ਵਿਜੀਲੈਂਸ ਵੱਲੋਂ ਦਰਜ ਕੀਤਾ ਗਿਆ ਇਹ ਮਾਮਲਾ ਇਸ ਸਮੇਂ ਲੁਧਿਆਣਾ ਦੀ ਅਦਾਲਤ ਵਿਚ ਚੱਲ ਰਿਹਾ ਹੈ। ਸਿਟੀ ਸੈਂਟਰ ਦਾ ਪ੍ਰੋਜੈਕਟ ਮਈ 2005 ਵਿਚ ਸ਼ੁਰੂ ਹੋਇਆ ਸੀ। ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਇਸ ਮਾਮਲੇ ਵਿਚ ਬਹੁ ਕਰੋੜੀ ਘਪਲਾ ਹੋਣ ਦੇ ਦੋਸ਼ ਲਾਏ ਤਾਂ ਤਤਕਾਲੀ ਕੈਪਟਨ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਸੀ। ਦੋਸ਼ਾਂ ਵਿਚ ਘਿਰਨ ਤੋਂ ਬਾਅਦ ਸਰਕਾਰ ਨੇ ਲੁਧਿਆਣਾ ਦੇ ਨਗਰ ਸੁਧਾਰ ਟਰੱਸਟ ਨੂੰ ਭੰਗ ਵੀ ਕਰ ਦਿੱਤਾ ਸੀ। ਤਤਕਾਲੀ ਸਰਕਾਰ ਨੇ ਇਸ ਮਾਮਲੇ ਤੋਂ ਪੱਲਾ ਛੁਡਾਉਣ ਦਾ ਯਤਨ ਤਾਂ ਕੀਤਾ ਪਰ ਸੱਤਾ ਤਬਦੀਲ ਹੋਣ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਤੇ ਹੋਰਾਂ ਖਿਲਾਫ਼ ਮਾਮਲਾ ਦਰਜ ਹੋ ਗਿਆ ਸੀ। ਈ.ਡੀ ਦੀ ਪੜਤਾਲ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਤੇ ਹੋਰਾਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ।

# ਪੀ ਐਚ ਓ ਵਲੋਂ ਪੰਜਾਬੀ ਯੂਥ ਫੈਸਟੀਵਲ 13 ਜੁਲਾਈ ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਵਲੋਂ "ਪੰਜਾਬੀ ਯੂਥ ਫੈਸਟੀਵਲ" ਨਾਂ ਉਤੇ ਇਕ ਸਭਿਆਚਾਰਕ ਮੇਲਾ ਆਉਂਦੀ 13 ਜੁਲਾਈ ਨੂੰ ਡੈਸ ਪਲੇਨਜ਼ ਥੀਏਟਰਜ਼, ਡੈਸ ਪਲੇਨਜ਼ ਵਿਖੇ ਸ਼ਾਮ 7 ਵਜੇ ਕਰਵਾਇਆ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਕਾਰਜਕਾਰੀ ਸਕੱਤਰ ਸ. ਮਹਿੰਦਰ ਸਿੰਘ ਰਕਾਲਾ ਨੇ ਦੱਸਿਆ ਕਿ ਇਸ ਮੇਲੇ ਦਾ ਮਨੋਰਥ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਅਮੀਰ ਸਭਿਆਚਾਰਕ ਵਿਰਸੇ ਨਾਲ ਜੋੜਨ ਦੇ ਨਾਲ-ਨਾਲ ਉਨ੍ਹਾਂ ਨੂੰ ਇਕ ਅਜਿਹਾ ਮੰਚ ਮੁਹੱਈਆ ਕਰਨਾ ਹੈ ਜਿਸ ਰਾਹੀਂ ਉਹ ਆਪਣੀ ਕਲਾ ਦਾ ਮੁਜਾਹਰਾ ਕਰ ਸਕਣ। ਨੌਜਵਾਨ ਪੀੜ੍ਹੀ ਵਿਚ ਪ੍ਰਬੰਧਕੀ ਗੁਣਾਂ ਦੇ ਵਿਕਾਸ ਨੂੰ ਧਿਆਨ ਵਿਚ ਰਖਦਿਆਂ ਇਹ ਸਾਰਾ ਪ੍ਰੋਗਰਾਮ ਉਨ੍ਹਾਂ ਦੇ ਪ੍ਰਬੰਧ ਹੇਠ ਹੀ ਹੋਵੇਗਾ। ਇਸ ਮੇਲੇ ਦੌਰਾਨ ਗਿੱਧੇ, ਭੰਗੜੇ, ਸਕਿੱਟਾਂ ਤੋਂ ਇਲਾਵਾ ਗੀਤ-ਸੰਗੀਤ ਤੇ ਹੋਰ ਬੜਾ ਕੁਝ ਹੋਵੇਗਾ।

ਸ. ਰਕਾਲਾ ਨੇ ਦੱਸਿਆ ਕਿ ਇਸ ਵਰ੍ਹੇ ਲਈ ਪੀ ਐਚ ਓ ਦੇ ਬੋਰਡ ਦਾ ਪੁਨਰ ਗਠਨ ਕੀਤਾ ਗਿਆ ਹੈ ਜਿਸ ਮੁਤਾਬਕ ਮਨਮਿੰਦਰ ਸਿੰਘ ਭੱਠਲ ਪ੍ਰਧਾਨ, ਹਰਜੀਤ ਸਿੰਘ ਗਿੱਲ ਮੀਤ ਪ੍ਰਧਾਨ ਅਤੇ ਲਖਬੀਰ ਸਿੰਘ ਸੰਧੂ ਨੂੰ ਖਜ਼ਾਨਚੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਬੋਰਡ ਵਿਚ ਰੂਪਵਿੰਦਰ ਸਿੰਘ ਢਿੱਲੋਂ, ਦਰਸ਼ਨ ਸਿੰਘ ਬਸਰਾਓਂ, ਬਿਕਰਮ ਸਿੰਘ ਸਿੱਧੂ, ਡਾ. ਹਰਜਿੰਦਰ ਸਿੰਘ ਖਹਿਰਾ, ਟੋਨੀ ਸੰਘੇੜਾ, ਤੇਜੀ ਮਿਨਹਾਸ, ਪਰਮਜੀਤ ਸਿੰਘ ਸੰਘਾ ਅਤੇ ਜੈ ਰਾਮ ਸਿੰਘ ਕਾਹਲੋਂ ਨੂੰ ਲਿਆ ਗਿਆ ਹੈ। ਯੂਥ ਕੋਆਰਡੀਨੇਟਰ ਪ੍ਰਭਪਾਲ ਕੌਰ ਸੰਧੂ ਅਤੇ ਕਮਲ ਸੈਣੀ ਤੋਂ ਇਲਾਵਾ ਲਗਭਗ 25 ਹੋਰ ਨੌਜਵਾਨ ਇਸ ਪ੍ਰੋਗਰਾਮ ਦੇ ਪ੍ਰਬੰਧ ਵਿਚ ਯੋਗਦਾਨ ਪਾਉਣਗੇ। ਇਸ ਪ੍ਰੋਗਰਾਮ ਨੂੰ ਲੈ ਕੇ ਉਨ੍ਹਾਂ ਵਿਚ ਭਾਰੀ ਉਤਸ਼ਾਹ ਹੈ। ਪੀ ਐਚ ਓ ਵਲੋਂ ਉਲੀਕੇ ਗਏ ਇਸ ਪ੍ਰੋਗਰਾਮ ਦੀ ਸੰਸਥਾ ਦੇ ਸਾਬਕਾ ਪ੍ਰਬੰਧਕਾਂ ਅਤੇ ਮਿਡਵੈਸਟ ਦੇ ਭਾਈਚਾਰੇ ਵਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ। ਹੋਰ ਜਾਣਕਾਰੀ ਲਈ ਈਮੇਲ: phochicago@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*To Advertise with Punjab Times*
***Call: 847-359-0746***

# ਹਰਿਮੰਦਰ ਸਾਹਿਬ ਬਾਰੇ ਪੁਸਤਕ ਵੰਡਣ 'ਤੇ ਰੋਕ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਬਾਰੇ ਅੰਗਰੇਜ਼ੀ ਵਿਚ ਪ੍ਰਕਾਸ਼ਤ ਨਵੀਂ ਪੁਸਤਕ 'ਏ ਸਪਿਰਚੂਅਲ ਜਰਨੀ ਆਫ ਹਰਿਮੰਦਰ ਸਾਹਿਬ' ਨੂੰ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਰਿਲੀਜ਼ ਕੀਤਾ ਪਰ ਤੁਰੰਤ ਬਾਅਦ ਇਸ ਪੁਸਤਕ ਵਿਚ ਹੋਰ ਵਾਧਾ ਕਰਨ ਦੇ ਮੰਤਵ ਨਾਲ ਇਸ ਦੀ ਵੰਡ 'ਤੇ ਰੋਕ ਲਾ ਦਿੱਤੀ। ਆਮ ਨਾਲੋਂ ਵੱਡੇ ਆਕਾਰ ਦੀ ਇਸ ਪੁਸਤਕ ਵਿਚ ਸ੍ਰੀ ਹਰਿਮੰਦਰ ਸਾਹਿਬ ਤੇ ਰੋਜ਼ ਦੀ ਮਰਿਆਦਾ ਸਮੇਤ ਹੋਰ ਇਤਿਹਾਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਰੂਪ ਸਿੰਘ ਨੇ ਜਾਣਕਾਰੀ ਮੁਹੱਈਆ ਕੀਤੀ ਹੈ ਜਦੋਂਕਿ ਇਸ ਲਈ ਫੋਟੋਗ੍ਰਾਫੀ ਦਾ ਕੰਮ ਦਿੱਲੀ ਵਾਸੀ ਫੋਟੋਗ੍ਰਾਫਰ ਰੁਪਿੰਦਰ ਖੁੱਲਰ ਨੇ ਕੀਤਾ ਹੈ। ਪੁਸਤਕ ਦੀ ਪ੍ਰਕਾਸ਼ਨਾ ਸਵਿੰਦਰਪਾਲ ਸਿੰਘ ਵੱਲੋਂ ਕਰਵਾਈ ਗਈ ਹੈ ਜਿਨ੍ਹਾਂ ਐਲਾਨ ਕੀਤਾ ਕਿ ਇਹ ਪੁਸਤਕ ਸਿੱਖ ਸੰਗਤਾਂ ਵਿਚ ਮੁਫਤ ਵੰਡੀ ਜਾਵੇਗੀ।

ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਪੁਸਤਕ ਨੂੰ ਜਾਰੀ ਕਰਨ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਪੁਸਤਕ ਦੀ ਸ਼ਲਾਘਾ ਕੀਤੀ ਤੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਅਤਿ-ਅਹਿਮ ਵਿਅਕਤੀਆਂ ਨੂੰ ਧਾਰਮਿਕ ਪੁਸਤਕਾਂ ਦੇ ਰੂਪ ਵਿਚ ਇਹ ਪੁਸਤਕ ਭੇਟ ਕੀਤੀ ਜਾਵੇਗੀ ਪਰ ਕੁਝ ਸਮਾਂ ਬਾਅਦ ਉਨ੍ਹਾਂ ਇਸ ਪੁਸਤਕ ਦੀ ਵੰਡ 'ਤੇ ਅਗਲੇ ਹੁਕਮਾਂ ਤਕ ਰੋਕ ਲਾਉਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਸ ਪੁਸਤਕ ਵਿਚ ਇਤਿਹਾਸ ਪੱਖੋਂ ਤੇ ਹੋਰ ਲੋੜੀਂਦੀ ਜਾਣਕਾਰੀ ਸ਼ਾਮਲ ਕਰਨ ਦੀ ਲੋੜ ਹੈ। ਇਸ ਤੋਂ ਬਿਨਾ ਇਸ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ਤੇ ਵਿਸਥਾਰ ਕਰਨਾ ਵੀ ਜ਼ਰੂਰੀ ਹੈ। ਰਹਿ ਗਈਆਂ ਕਮੀਆਂ ਨੂੰ ਪੂਰਾ ਕਰਨ ਤੇ ਪੰਜਾਬੀ ਅਨੁਵਾਦ ਕਰਨ ਮਗਰੋਂ ਹੀ ਇਸ ਨੂੰ ਸੰਗਤਾਂ 'ਚ ਭੇਜਿਆ ਜਾਵੇਗਾ। ਪੁਸਤਕ ਨੂੰ ਪਹਿਲਾਂ ਰਿਲੀਜ਼ ਕਰਨ ਤੇ ਮੁੜ ਕਾਹਲੀ ਨਾਲ ਰੋਕ ਲਾਉਣ ਦੇ ਫੈਸਲੇ ਨੇ ਸ਼੍ਰੋਮਣੀ ਕਮੇਟੀ ਦੀ ਅਜਿਹੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਲਾਇਆ ਹੈ।

## ਸਾਹਿਤ ਸਭਾ ਬਣਾਉਣ ਬਾਰੇ ਮੀਟਿੰਗ 21 ਨੂੰ

**ਸ਼ਿਕਾਗੋ (ਬਿਊਰੋ):** ਕੁਝ ਪੰਜਾਬੀ ਪ੍ਰੇਮੀਆਂ ਵਲੋਂ ਸ਼ਿਕਾਗੋ ਇਲਾਕੇ 'ਚ ਪੰਜਾਬੀ ਸਾਹਿਤ ਸਭਾ ਬਣਾਉਣ ਲਈ ਯਤਨ ਅਰੰਭੇ ਗਏ ਹਨ। ਇਸ ਸਬੰਧੀ ਇਕ ਮੀਟਿੰਗ ਆਉਂਦੀ 21 ਅਪਰੈਲ ਨੂੰ ਪੈਲਾਟਾਈਨ ਟਾਊਨ ਦੀ ਲਾਇਬਰੇਰੀ (700 ਈਸਟ ਨਾਰਥ ਕੋਰਟ) ਵਿਚ ਸ਼ਾਮ 4 ਵਜੇ ਰੂਮ ਨੰਬਰ 3 ਵਿਚ ਰੱਖੀ ਗਈ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬੀ ਕਲਚਰਲ ਸੁਸਾਇਟੀ ਨਾਲ ਚਿਰੋਕਣੇ ਜੁੜੇ ਹੋਏ ਸ੍ਰੀ ਠਾਕਰ ਸਿੰਘ ਬਸਾਤੀ ਨੇ ਦੱਸਿਆ ਕਿ ਸ਼ਿਕਾਗੋ ਏਰੀਏ ਵਿਚ ਪੰਜਾਬੀ ਸਾਹਿਤ ਸਭਾ ਦੀ ਲੋੜ ਚਿਰਾਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ। ਹਿੰਦੀ ਸਾਹਿਤ ਪ੍ਰੇਮੀਆਂ ਵਲੋਂ ਹਿੰਦੀ ਲਵਰਜ਼ ਕਲੱਬ ਅਤੇ ਉਰਦੂ ਸਾਹਿਤ ਪ੍ਰੇਮੀਆਂ ਵਲੋਂ ਉਰਦੂ ਮੁਸ਼ਾਇਰਾ ਕਲੱਬ ਬਣਾਏ ਜਾ ਚੁਕੇ ਹਨ। ਪੰਜਾਬੀ ਵਿਚ ਬਹੁਤ ਸਾਰਾ ਸਾਹਿਤ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਉਪਲਬਧ ਹੈ ਅਤੇ ਹੋਰ ਰਚਿਆ ਜਾ ਰਿਹਾ ਹੈ। ਦੋਹਾਂ ਤਰ੍ਹਾਂ ਦੇ ਸਾਹਿਤ ਨੂੰ ਇਕ ਦੂਜੀ ਲਿਪੀ ਵਿਚ ਤਬਦੀਲ ਕਰਨ ਦੀ ਵੀ ਲੋੜ ਹੈ। ਸਾਹਿਤ ਸਭਾ ਬਣਾਉਣ ਬਾਰੇ ਇਸ ਮੀਟਿੰਗ ਬਾਰੇ ਹੋਰ ਜਾਣਕਾਰੀ ਲਈ ਸ੍ਰੀ ਠਾਕਰ ਬਸਾਤੀ ਨਾਲ ਫੋਨ 847-736-6092 ਜਾਂ ਪ੍ਰੋ. ਜਗਿੰਦਰ ਸਿੰਘ ਰਮਦੇਵ ਫੋਨ 847-543-7565 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਵਿਖੇ ਵਿਸਾਖੀ ਸਮਾਗਮ 13 ਅਤੇ 14 ਨੂੰ

**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ ਵਿਖੇ ਵਿਸਾਖੀ ਦਾ ਦਿਹਾੜਾ 13 ਅਤੇ 14 ਅਪਰੈਲ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। 13 ਅਪਰੈਲ ਸਨਿਚਰਵਾਰ ਸ਼ਾਮੀ 7 ਤੋਂ 8 ਵਜੇ ਤਕ ਕੀਰਤਨ ਹੋਵੇਗਾ। ਇਸ ਮੌਕੇ ਲੰਗਰ ਦੀ ਸੇਵਾ ਸ. ਮੰਗਲ ਸਿੰਘ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

ਐਤਵਾਰ 14 ਅਪਰੈਲ ਨੂੰ ਸਵੇਰੇ 10 ਤੋਂ 11 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਜਾਵੇਗਾ ਅਤੇ ਇਹ ਸੇਵਾ ਧਾਮੀ ਪਰਿਵਾਰ ਵਲੋਂ ਹੋਵੇਗੀ। ਨਿਊ ਯਾਰਕ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਈ ਮਹਿੰਦਰ ਸਿੰਘ ਸਾਗਰ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। ਲੰਗਰ ਦੀ ਸੇਵਾ ਭਾਈ ਹੀਰਾ ਸਿੰਘ ਤੇ ਪਰਿਵਾਰ ਵਲੋਂ ਹੋਵੇਗੀ।

**Freightliner For sale**

**Freightliner automatic 2006 for sale along with vanguard trailer (2008).**
**Miles on odometer 510,000 miles. Excellent condition**
**Inquiries welcome from serious buyers who can arrange their financing.**
**Call Kris: 630-430-7472**

**SUPER TRAVEL**
847-676-9090, 773-465-5566
*E-mail: supertravel2003@yahoo.com*
**Lowest Fares With Excellent Service**
*United Airlines*
*British Airways*

*Jet Airways, Air India, KLM, Lufthansa, Delta, Qatar Airlines.*
**For Emergency Call anytime at 847-673-3825**
***EARLY BIRD SALE!!!!***
**Domestic fares available**

**Sistar Mortgage**
Minimizing Cost, Maximizing Investment
www.SistarMortgage.com

**Balbir (Bill) Grewal,** Loan Officer
*Residential & Commercial Loans*
**(734) 330-8859 Mobile**
**(586) 802-7385 Fax**
**Balbir.Grewal@SistarMortgage.com**
***Refinance up to 125% value of the house.***
***Loans Available In Most States!***
**> 100% FHA Financing > Residential (Purchase & *Refinance) > Self Employed > Cash Out Refinance > Investment Property Loans > Jumbo Loans > Commercial Property With Business or Business Only**

**ਗੁਰਪਤਵੰਤ ਸਿੰਘ ਪੰਨੂੰ**
**ਅਟਾਰਨੀ ਐਟ ਲਾਅ**

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
**ਕੀ ਤੁਸੀਂ ਡੀਪੋਰਟ ਹੋ ਰਹੇ ਹੋ?**
**ਜਾਂ ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ?**
**ਤੁਹਾਡੀ ਸੇਵਾ ਵਿਚ ਹਾਜ਼ਰ ਅਟਾਰਨੀ ਪੰਨੂੰ**
**ਇੰਮੀਗ੍ਰੇਸ਼ਨ ਅਤੇ ਡੀਪੋਰਟੇਸ਼ਨ ਡਿਫੈਂਸ**
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ (10 ਸਾਲਾ ਰਿਹਾਇਸ਼ੀ ਕੇਸ)
- ਡੀਪੋਰਟੇਸ਼ਨ ਦੇ ਕੇਸ ਖੋਲ੍ਹਣ ਲਈ ਮੋਸ਼ਨ

**ਮੁਫਤ ਕਾਨੂੰਨੀ ਸਲਾਹ ਲਈ ਸੰਪਰਕ ਕਰੋ**
NEW YORK
T 718.672.8000
75-20 ASTORIA BLVD, SUITE 170
JACKSON HEIGHTS, NEW YORK 11370
* ADMITTED IN THE STATE OF NEW YORK ONLY
CALIFORNIA
T 510.796.9000
39180 LIBERTY STREET, SUITE 118
FREEMONT, CA 94538


*Madan Khatri*
**Wish you Happy Visakhi**
**ਸਮੂਹ ਸਰਪ੍ਰਸਤਾਂ ਨੂੰ**
**ਵਿਸਾਖੀ ਮੁਬਾਰਕ**
**Madan Khatri 1-847-530-1550**
*A Broker who can work with you from Beginning to End, Call Now!*
**Top Producer in 2011 at the Prudential Office!**
**Interest Rates are below 3.75% and PRICES are DOWN 30% ! Buy A Home anywhere in Metro NOW !!**
**Prudential at 25 Turner Ave., Elk Grove Village, IL**
**www.PropertyZoo.com**

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**



**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**


# ਗੋਆ 'ਚ ਵਿਚਾਰ ਮੰਥਨ ਕਿ ਸੈਰ-ਸਪਾਟਾ?

*(ਸਫਾ ਇਕ ਦੀ ਬਾਕੀ)*

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਨੋਟਿਸ ਲੈਣਾ ਚਾਹੀਦਾ ਹੈ। ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਤੁੜ ਨੇ ਆਖਿਆ ਕਿ ਇਹ ਸ਼੍ਰੋਮਣੀ ਅਕਾਲੀ ਦਲ ਦਾ ਆਧੁਨਿਕ ਸਭਿਆਚਾਰ ਹੈ। ਪੁਰਾਣੇ ਟਕਸਾਲੀ ਅਕਾਲੀ ਤਾਂ ਵਧੇਰੇ ਤੇਜਾ ਸਿੰਘ ਸਮੁੰਦਰੀ ਹਾਲ ਜਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੈਠ ਕੇ ਵਿਚਾਰ ਕਰਦੇ ਸਨ। ਇਨ੍ਹਾਂ ਥਾਂਵਾਂ 'ਤੇ ਹੀ ਸਿਖਲਾਈ ਕੈਂਪ ਲਾਏ ਜਾਂਦੇ ਸਨ। ਜਥੇਦਾਰਾਂ ਨੇ ਪੰਜ ਤਾਰਾ ਹੋਟਲਾਂ ਤੇ ਸਮੁੰਦਰੀ ਸਾਹਿਲਾਂ ਕੰਢੇ ਬੈਠ ਕੇ ਕੀ ਲੈਣਾ ਹੈ? ਉਨ੍ਹਾਂ ਆਖਿਆ ਕਿ ਜਿਵੇਂ ਇਸ ਵੇਲੇ ਸਰਕਾਰ ਆਰਥਿਕ ਤੰਗੀ ਦੇ ਦੌਰ ਵਿਚੋਂ ਲੰਘ ਰਹੀ ਹੈ, ਅਜਿਹੇ ਸਮੇਂ ਸਰਕਾਰ ਵੱਲੋਂ ਅਜਿਹਾ ਖਰਚ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਉਧਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਗਠਜੋੜ ਦਾ ਗੋਆ ਸੰਮੇਲਨ ਪੰਜਾਬ ਦੇ ਲੋਕਾਂ ਨਾਲ ਇੱਕ ਹੋਰ ਕੋਝਾ ਮਜ਼ਾਕ ਹੈ। ਕਾਂਗਰਸ ਪ੍ਰਧਾਨ ਨੇ ਕਿਹਾ ਕਿ ਜੇ ਸੁਖਬੀਰ ਸਿੰਘ ਬਾਦਲ ਅਜੇ ਵੀ ਇਹ ਸੋਚਦੇ ਹਨ ਕਿ



*ਗੋਆ ਦੀ ਬੀਚ ਉਤੇ ਆਨੰਦ ਲੈ ਰਹੇ ਅਕਾਲੀ ਆਗੂ।*

ਉਹ ਗੋਆ ਤੋਂ ਪੰਜਾਬ ਦੀ ਅਰਥ ਵਿਵਸਥਾ ਤੇ ਕਾਨੂੰਨ ਵਿਵਸਥਾ ਤੇ ਹੋਰਾਂ ਸਮੱਸਿਆਵਾਂ ਦਾ ਹੱਲ ਕੱਢ ਲਿਆਉਣਗੇ ਤਾਂ ਉਹ ਸੁਪਨਿਆਂ ਵਿਚ ਜੀਅ ਰਹੇ ਹਨ।

ਵਿਚਾਰ ਮੰਥਨ ਦੌਰਾਨ ਵਿਧਾਇਕਾਂ ਤੇ ਮੰਤਰੀਆਂ ਨੇ ਉਹੀ ਮੁੱਦੇ ਉਭਾਰੇ ਜਿਹੜੇ ਉਹ ਆਮ ਤੌਰ 'ਤੇ ਸਥਾਨਕ ਇਕੱਠਾਂ ਤੇ ਮੀਡੀਆ ਸਾਹਮਣੇ ਉਭਾਰਦੇ ਹਨ, ਪਰ ਸਰਕਾਰ ਨੇ ਇਨ੍ਹਾਂ ਦੀ ਪੂਰਤੀ ਲਈ ਕੋਈ ਰਣਨੀਤੀ ਨਹੀਂ ਬਣਾਈ। ਸਰਕਾਰ ਦੇ ਆਪਣੇ ਵਿਧਾਇਕਾਂ ਦੀ ਆਮ ਰਾਏ ਹੈ ਕਿ ਬੁਨਿਆਦੀ ਢਾਂਚੇ ਦੇ ਕਈ ਕਾਰਜ ਲੋਕਾਂ ਦੀਆਂ ਉਮੀਦਾਂ ਮੁਤਾਬਕ ਨਹੀਂ ਚੱਲ ਰਹੇ। ਸ਼ਗਨ ਸਕੀਮ ਦੀ ਰਕਮ ਨਵ-ਵਿਆਹੀਆਂ ਲੜਕੀਆਂ ਨੂੰ ਨਹੀਂ ਮਿਲ ਰਹੀ।

ਇਸ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਗੋਆ ਵਿਚ ਵਿਚਾਰ ਮੰਥਨ ਦਾ ਪਹਿਲਾਂ ਉਹ ਵਿਰੋਧ ਕਰਦੇ ਸਨ ਪਰ ਇੱਥੇ ਆ ਕੇ ਹੁਣ ਉਹ ਇਸ ਦੇ ਸਭ ਤੋਂ ਵੱਡੇ ਹਮਾਇਤੀ ਬਣ ਗਏ ਹਨ। ਇਹ ਸੰਮੇਲਨ ਬਹੁਤ ਲਾਹੇਵੰਦ ਰਿਹਾ ਤੇ ਇਕ ਦੂਜੇ ਨਾਲ ਘੁਲ-ਮਿਲਣ ਦਾ ਵਧੀਆ ਮੌਕਾ ਮਿਲਿਆ।

ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਅਗਲਾ ਵਿਚਾਰ ਮੰਥਨ ਨਾਂਦੇੜ (ਮਹਾਰਾਸ਼ਟਰ) ਵਿਚ ਹਜ਼ੂਰ ਸਾਹਿਬ ਵਿਚ ਹੋਵੇਗਾ। ਵਿਚਾਰ ਮੰਥਨ ਦੇ ਸਮਾਪਤੀ ਸੈਸ਼ਨ ਵਿਚ ਮੁੱਖ ਮੰਤਰੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਅਨੋਖੇ ਵਿਚਾਰਾਂ ਕਾਰਨ ਹੀ ਪਾਰਟੀ ਨੇ 2012 ਦੀਆਂ ਵਿਧਾਨ ਸਭਾ ਚੋਣਾਂ ਜਿੱਤੀਆਂ ਸਨ। ਉਨ੍ਹਾਂ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮ ਸਿੰਘ ਮਜੀਠੀਆ ਦੀ ਵੀ ਤਾਰੀਫ਼ ਕੀਤੀ। ਸ. ਬਾਦਲ ਨੇ ਕਿਹਾ ਕਿ ਦੇਸ਼ ਨੂੰ ਫੌਰੀ ਤੌਰ 'ਤੇ ਸੰਘੀ ਢਾਂਚੇ ਦੀ ਲੋੜ ਹੈ। ਵਿਕਾਸ ਦਾ ਸਾਰਾ ਜ਼ਿੰਮਾ ਰਾਜਾਂ 'ਤੇ ਛੱਡ ਦੇਣਾ ਚਾਹੀਦਾ ਹੈ।

# ਅਕਾਲੀ ਧੜਿਆਂ ਦੀ ਆਪਸੀ ਟੱਕਰ ਵਿਚ ਇਕ ਹਲਾਕ

**ਫ਼ਰੀਦਕੋਟ:** ਪੰਜਾਬ ਦੇ ਮੁੱਖ ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ ਅਤੇ ਸਾਬਕਾ ਮੰਤਰੀ ਗੁਰਦੇਵ ਸਿੰਘ ਬਾਦਲ ਦੇ ਸਮਰਥਕਾਂ ਵਿਚਾਲੇ ਜੈਤੋ ਦੇ ਰਾਮ ਲੀਲ੍ਹਾ ਗਰਾਊਂਡ ਵਿਚ ਖੂਨੀ ਝੜਪ ਹੋਈ ਜਿਸ ਵਿਚ ਦਸ ਵਿਅਕਤੀ ਜ਼ਖ਼ਮੀ ਹੋ ਗਏ। ਇਸੇ ਦੌਰਾਨ ਇਕ ਹਮਲਾਵਰ ਚਮਕੌਰ ਸਿੰਘ ਨੇ ਐਮਰਜੈਂਸੀ ਵਿਭਾਗ ਵਿਚ ਦਾਖਲ ਰਣਜੀਤ ਸਿੰਘ ਤੇ ਗੁਰਬਖਸ਼ ਸਿੰਘ 'ਤੇ ਪੁਲਿਸ ਦੀ ਹਾਜ਼ਰੀ ਵਿਚ ਗੋਲੀਆਂ ਚਲਾ ਦਿੱਤੀਆਂ ਜਿਸ ਨਾਲ ਰਣਜੀਤ ਸਿੰਘ ਵਾਸੀ ਸੇਵੇਵਾਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦੋਂਕਿ ਪਹਿਲਾਂ ਹੀ ਜ਼ਖ਼ਮੀ ਗੁਰਬਖਸ਼ ਸਿੰਘ ਦੇ ਦੋ ਹੋਰ ਗੋਲੀਆਂ ਵੱਜੀਆਂ। ਇਹ ਗੋਲੀਆਂ ਲੱਗਣ ਤੋਂ ਬਾਅਦ ਗੁਰਬਖਸ਼ ਸਿੰਘ ਨੂੰ ਡੀ.ਐਮ.ਸੀ. ਲੁਧਿਆਣਾ ਰੈਫ਼ਰ ਕਰ ਦਿੱਤਾ।

ਮਰਨ ਵਾਲਾ ਰਣਜੀਤ ਸਿੰਘ ਬਰਾੜ ਧੜੇ ਨਾਲ ਸਬੰਧਤ ਸੀ। ਜ਼ਖ਼ਮੀਆਂ ਵਿਚ ਬਹੁਤੇ ਵਿਅਕਤੀ ਪਿੰਡ ਸੇਵੇਵਾਲਾ ਨਾਲ ਸਬੰਧਤ ਹਨ। ਕੁਝ ਦਿਨ ਪਹਿਲਾਂ ਹੀ ਸ. ਬਰਾੜ ਨੂੰ ਕੋਟਕਪੂਰਾ ਦੇ ਨਾਲ ਨਾਲ ਜੈਤੋ ਵਿਧਾਨ ਸਭਾ ਹਲਕੇ ਦਾ ਇੰਚਾਰਜ ਵੀ ਬਣਾਇਆ ਗਿਆ ਹੈ ਜਿਸ ਕਰ ਕੇ ਮਨਤਾਰ ਬਰਾੜ ਤੇ ਗੁਰਦੇਵ ਬਾਦਲ ਦੇ ਸਮਰਥਕਾਂ ਵਿਚਾਲੇ ਕਾਫੀ ਟਕਰਾਅ ਚੱਲ ਰਿਹਾ ਹੈ। ਜ਼ਖ਼ਮੀਆਂ ਨੇ ਦੱਸਿਆ ਕਿ ਉਨ੍ਹਾਂ ਦਾ ਪਿਛਲੇ ਕੁਝ ਸਮੇਂ ਤੋਂ ਆਪਸੀ ਟਕਰਾਅ ਚਲ ਰਿਹਾ ਸੀ ਜਿਸ ਨੇ ਭਿਆਨਕ ਘਟਨਾ ਦਾ ਰੂਪ ਅਖਤਿਆਰ ਕਰ ਲਿਆ। ਹੈਰਾਨੀ ਦੀ ਗੱਲ ਹੈ ਕਿ ਘਟਨਾ ਸਮੇਂ ਪੁਲਿਸ ਮੁਲਾਜ਼ਮ ਵੀ ਹਾਜ਼ਰ ਸਨ, ਪਰ ਅਕਾਲੀ ਸਮਰਥਕਾਂ ਦੇ ਹੌਸਲੇ ਦੇਖ ਕੇ ਪੁਲਿਸ ਮੌਕੇ ਤੋਂ ਖਿਸਕ ਗਈ।

ਹਮਲਾਵਰਾਂ ਨੇ ਦਰਜਨਾਂ ਪੁਲਿਸ ਅਧਿਕਾਰੀਆਂ ਦੀ ਹਾਜ਼ਰੀ ਵਿਚ ਧਮਕੀ ਦਿੱਤੀ ਕਿ ਉਹ ਆਪਣੇ ਨਾਲ ਹੋਈ ਧੱਕੇਸ਼ਾਹੀ ਦਾ ਬਦਲਾ ਲੈਣਗੇ। ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਹੀ ਪਿੰਡ ਔਲਖ ਦੇ ਸਰਪੰਚ ਸੁਖਮੰਦਰ ਸਿੰਘ ਦਾ ਵੀ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸੁਖਮੰਦਰ ਸਿੰਘ ਵੀ ਗੁਰਦੇਵ ਸਿੰਘ ਬਾਦਲ ਦਾ ਕਰੀਬੀ ਸਾਥੀ ਸੀ। ਸੁਖਮੰਦਰ ਸਿੰਘ ਦੇ ਕਤਲ ਵਿਚ ਮਨਤਾਰ ਸਿੰਘ ਬਰਾੜ ਦੇ ਕਰੀਬੀ ਰਿਸ਼ਤੇਦਾਰ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਪਿਛਲੇ ਤਿੰਨ ਮਹੀਨਿਆਂ ਵਿਚ ਇਹ ਦੂਜਾ ਕਤਲ ਹੈ ਜਿਸ ਵਿਚ ਦੋ ਅਕਾਲੀ ਧੜੇ ਸ਼ਾਮਲ ਹਨ।

## ਵਿਆਹ ਤੋਂ ਚੌਵੀ ਘੰਟਿਆਂ ਬਾਅਦ ਜੋੜੇ ਵੱਲੋਂ ਖੁਦਕੁਸ਼ੀ

**ਪਠਾਨਕੋਟ:** ਪਿੰਡ ਭੋਆ ਵਿਚ ਪ੍ਰੇਮੀ ਜੋੜੇ ਵੱਲੋਂ ਕਰਾਇਆ ਪ੍ਰੇਮ ਵਿਆਹ ਚੌਵੀ ਘੰਟਿਆਂ ਬਾਅਦ ਦੁਖਾਂਤ ਵਿਚ ਬਦਲ ਗਿਆ। ਦੋਵਾਂ ਨੇ ਜ਼ਹਿਰੀਲੀ ਵਸਤੂ ਖਾ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ। ਦੋਵੇਂ ਇਕ ਹੀ ਜਾਤ ਨਾਲ ਸਬੰਧਤ ਸਨ। ਲੜਕੇ ਦਾ ਨਾਂ ਲਖਵਿੰਦਰ ਸਿੰਘ ਤੇ ਲੜਕੀ ਦਾ ਨਾਂ ਮਨਜੋਤ ਕੌਰ ਸੀ। ਦੋਵੇਂ 25 ਕੁ ਸਾਲ ਦੇ ਸਨ। ਪਠਾਨਕੋਟ ਦੇ ਐਸ.ਐਸ.ਪੀ. ਸ੍ਰੀ ਐਸ ਕੇ ਕਾਲੀਆ ਅਨੁਸਾਰ ਉਨ੍ਹਾਂ ਕੋਲੋਂ ਖੁਦਕੁਸ਼ੀ ਨੋਟ ਮਿਲਿਆ ਹੈ ਜਿਸ ਵਿਚ ਲਿਖਿਆ ਹੈ ਕਿ ਉਹ ਆਪਣੀ ਮਰਜ਼ੀ ਨਾਲ ਆਤਮ-ਹੱਤਿਆ ਕਰ ਰਹੇ ਹਨ ਤੇ ਇਸ ਲਈ ਉਨ੍ਹਾਂ ਦੇ ਮਾਪਿਆਂ ਨੂੰ ਕਸੂਰਵਾਰ ਨਾ ਮੰਨਿਆ ਜਾਵੇ। ਉਂਜ ਇਹ ਵੀ ਲਿਖਿਆ ਹੈ ਕਿ ਉਨ੍ਹਾਂ ਨੇ ਵਿਆਹ, ਮਾਪਿਆਂ ਦੀ ਮਰਜ਼ੀ ਖਿਲਾਫ਼ ਕਰਵਾਇਆ ਸੀ।

## ਸੂਡਾਨ ਵਿਚ ਭਾਰਤੀ ਕਰਨਲ ਸਣੇ ਪੰਜ ਸੈਨਿਕ ਹਲਾਕ

**ਨਵੀਂ ਦਿੱਲੀ:** ਦੱਖਣੀ ਸੂਡਾਨ ਵਿਚ ਬਾਗੀਆਂ ਨਾਲ ਹੋਈ ਲੜਾਈ ਵਿਚ ਭਾਰਤੀ ਫੌਜ ਦਾ ਇਕ ਲੈਫਟੀਨੈਂਟ ਕਰਨਲ, ਇਕ ਜੇਸੀਓ ਤੇ ਤਿੰਨ ਜਵਾਨ ਹਲਾਕ ਹੋ ਗਏ ਜਦਕਿ ਚਾਰ ਜਵਾਨ, ਫੱਟੜ ਹੋ ਗਏ। ਮਾਰੇ ਗਏ ਲੈਫਟੀਨੈਂਟ ਕਰਨਲ ਮਹੀਪਾਲ ਸਿੰਘ ਦਾ ਸਬੰਧ ਹਰਿਆਣਾ ਦੇ ਮਹਿੰਦਰਗੜ੍ਹ ਨਾਲ ਹੈ। ਸੰਯੁਕਤ ਰਾਸ਼ਟਰ ਸ਼ਾਂਤੀ ਸੈਨਾ ਦਾ 32 ਮੈਂਬਰੀ ਭਾਰਤੀ ਕਾਫਲਾ ਜਦੋਂ ਜੋਂਗਲੇਈ ਵਿਖੇ ਪੁੱਜਿਆ ਤਾਂ ਇਸ ਦੀ ਬਾਗੀਆਂ ਨਾਲ ਝੜਪ ਹੋ ਗਈ। ਮ੍ਰਿਤਕਾਂ ਦੀ ਪਛਾਣ ਲੈਫਟੀਨੈਂਟ ਕਰਨਲ ਮਹੀਪਾਲ ਸਿੰਘ, ਹੌਲਦਾਰ ਹੀਰਾ ਲਾਲ ਤੇ ਹੌਲਦਾਰ ਭਰਤ ਸਨਮਲ, ਨਾਇਕ ਸੂਬੇਦਾਰ ਸ਼ਿਵ ਕੁਮਾਰ ਪਲ ਤੇ ਸਿਪਾਹੀ ਨੰਦ ਕਿਸ਼ੋਰ ਜੋਸ਼ੀ ਵਜੋਂ ਹੋਈ ਹੈ। ਜੋਸ਼ੀ ਉਤਰਾਖੰਡ ਦੇ ਪਿਥੌਰਾਗੜ੍ਹ ਦਾ ਸੀ। ਲੈਫਟੀਨੈਂਟ ਕਰਨਲ ਕਾਫਲੇ ਦੀ ਅਗਵਾਈ ਕਰ ਰਹੇ ਸਨ ਜਦਕਿ ਸੈਕਿੰਡ-ਇਨ-ਕਮਾਂਡ ਕੈਪਟਨ ਭਗੀਰਥ ਸਿੰਘ ਹਮਲੇ ਵਿਚ ਫੱਟੜ ਹੋ ਗਏ। ਰੱਖਿਆ ਮੰਤਰਾਲੇ ਅਨੁਸਾਰ ਚਾਰ ਜਵਾਨ ਫੱਟੜ ਹੋਏ ਹਨ ਤੇ ਦੁਵੱਲੀ ਗੋਲੀਬਾਰੀ ਵਿਚ ਸੱਤ ਸਥਾਨਕ ਸ਼ਹਿਰੀ ਵੀ ਮਾਰੇ ਗਏ। ਦੱਖਣੀ ਸੂਡਾਨ ਜੁਲਾਈ 2011 ਵਿਚ ਹੋਂਦ ਵਿਚ ਆਇਆ ਸੀ। ਉਥੇ ਨਸਲੀ ਲੜਾਈਆਂ ਆਮ ਹਨ ਤੇ ਇਸੇ ਕਰ ਕੇ ਉਥੇ ਸੰਯੁਕਤ ਰਾਸ਼ਟਰ ਸ਼ਾਂਤੀ ਸੈਨਾ ਭੇਜੀ ਗਈ ਹੈ।

# ਸ਼੍ਰੋਮਣੀ ਕਮੇਟੀ ਪਾਕਿਸਤਾਨ ਵੱਲੋਂ ਘੱਟ ਵੀਜ਼ੇ ਦੇਣ ਤੋਂ ਖ਼ਫ਼ਾ

*(ਸਫਾ ਇਕ ਦੀ ਬਾਕੀ)*

1400 ਯਾਤਰੂਆਂ ਦੀ ਸੂਚੀ ਭੇਜੀ ਗਈ ਸੀ, ਪਰ ਹੁਣ ਪਾਕਿਸਤਾਨੀ ਸਫਾਰਤਖਾਨੇ ਵੱਲੋਂ ਸਿਰਫ 300 ਸ਼ਰਧਾਲੂਆਂ ਨੂੰ ਵੀਜ਼ੇ ਦੇਣ ਦੀ ਹਾਮੀ ਭਰੀ ਗਈ ਜਿਸ ਦਾ ਸ਼੍ਰੋਮਣੀ ਕਮੇਟੀ ਨੇ ਵਿਰੋਧ ਕਰਦਿਆਂ ਇਸ ਵਾਰ ਜਥਾ ਨਾ ਭੇਜਣ ਦਾ ਫੈਸਲਾ ਕੀਤਾ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਪਾਕਿਸਤਾਨੀ ਸਫਾਰਤਖਾਨੇ ਨੂੰ ਅਪੀਲ ਕੀਤੀ ਸੀ ਕਿ ਘੱਟੋ ਘੱਟ 70 ਤੋਂ 80 ਫੀਸਦੀ ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਜਾਣ ਤਾਂ ਹੀ ਉਹ ਸਿੱਖ ਸ਼ਰਧਾਲੂਆਂ ਦਾ ਜਥਾ ਭੇਜ ਸਕਦੇ ਹਨ। ਵੱਡੀ ਗਿਣਤੀ ਵਿਚ ਵੀਜ਼ੇ ਨਾ ਮਿਲਣ ਕਾਰਨ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਾਕਿਸਤਾਨੀ ਸਫਾਰਤਖਾਨੇ ਵੱਲੋਂ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਸ਼੍ਰੋਮਣੀ ਕਮੇਟੀ ਨਾਲ ਪੱਖਪਾਤ ਕੀਤਾ ਜਾ ਰਿਹਾ ਹੈ। ਹਰ ਵਾਰ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਸ਼ਰਧਾਲੂਆਂ ਦੀ ਸੂਚੀ ਵਿਚੋਂ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਬਿਨਾਂ ਕਾਰਨ ਦੱਸੇ ਹੀ ਵੀਜ਼ੇ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਪਾਕਿਸਤਾਨੀ ਸਫਾਰਤਖਾਨੇ ਦੇ ਇਸ ਵਤੀਰੇ ਖ਼ਿਲਾਫ਼ ਉਹ ਪਾਕਿਸਤਾਨ ਸਰਕਾਰ ਨੂੰ ਸ਼ਿਕਾਇਤ ਕਰਨਗੇ।



*ਵੀਜ਼ੇ ਨਾ ਦੇਣ ਖ਼ਿਲਾਫ਼ ਰੋਸ ਪ੍ਰਗਟ ਕਰ ਰਹੇ ਸ਼ਰਧਾਲੂ।*


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪਰਵਾਸੀ ਭਾਰਤੀ ਦੇਸ਼ ਦੇ ਵਿਕਾਸ 'ਚ ਹਿੱਸਾ ਪਾਉਣ: ਕਿਰਨ ਬੇਦੀ

**ਸਿਆਟਲ (ਬਿਊਰੋ):** ਪਰਵਾਸੀ ਭਾਰਤੀਆਂ ਨੂੰ ਆਪਣੇ ਪਿਛੋਕੜ ਨੂੰ ਹਮੇਸ਼ਾਂ ਚੇਤੇ ਰਖਣਾ ਚਾਹੀਦਾ ਹੈ ਅਤੇ ਆਪਣੇ ਪਿੰਡਾਂ ਅਤੇ ਸ਼ਹਿਰਾਂ ਵਿਚ ਲੋੜਵੰਦ ਲੋਕਾਂ ਦੀ ਮਦਦ ਕਰਨ ਤੋਂ ਇਲਾਵਾ ਭ੍ਰਿਸ਼ਟਾਚਾਰ ਮੁਕਤ ਭਾਰਤ ਸਿਰਜਣ ਲਈ ਹਰ ਉਪਰਾਲਾ ਕਰਨਾ ਚਾਹੀਦਾ ਹੈ। ਇਹ ਵਿਚਾਰ ਸਾਬਕਾ ਪੁਲਿਸ ਕਮਿਸ਼ਨਰ ਅਤੇ ਹੁਣ ਸਮਾਜ ਭਲਾਈ ਦੇ ਕਾਰਜਾਂ ਵਿਚ ਜੁਟੀ ਉਘੀ ਸ਼ਖਸੀਅਤ ਡਾ. ਕਿਰਨ ਬੇਦੀ ਨੇ ਇਥੇ ਕੈਲੀਫੋਰਨੀਆ ਦੀ ਉਘੀ ਵਕੀਲ ਅਨੂ ਪੇਸ਼ਾਵਰੀਆ ਦੇ ਨਵੇਂ ਵਕਾਲਤ ਦਫਤਰ ਦੇ ਉਦਘਾਟਨ ਮੌਕੇ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ। ਜ਼ਿਕਰਯੋਗ ਹੈ ਕਿ ਅਨੂ ਪੇਸ਼ਾਵਰੀਆ ਡਾ. ਕਿਰਨ ਬੇਦੀ ਦੀ ਭੈਣ ਹੈ ਅਤੇ



*ਡਾ. ਕਿਰਨ ਬੇਦੀ ਅਤੇ ਅਨੂ ਪੇਸ਼ਾਵਰੀਆ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ*

ਕੈਲੀਫੋਰਨੀਆ ਵਿਚ ਉਸ ਦਾ ਦਫਤਰ ਹੈ।

ਡਾ. ਕਿਰਨ ਬੇਦੀ ਨੇ ਕਿਹਾ ਕਿ ਭਾਰਤ ਵਿਚ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ, ਖਾਸ ਕਰ ਸਿੱਖਿਆ ਅਤੇ ਸਿਹਤ ਸੰਭਾਲ ਦੇ ਖੇਤਰ ਵਿਚ। ਇਨ੍ਹਾਂ ਖੇਤਰਾਂ ਵਿਚ ਪਰਵਾਸੀ ਭਾਰਤੀ ਵਿਸ਼ੇਸ਼ ਰੋਲ ਨਿਭਾ ਸਕਦੇ ਹਨ। ਉਨ੍ਹਾਂ ਇਸ ਮੌਕੇ ਹਾਜਰ ਲੋਕਾਂ ਦੇ ਭਾਰਤੀ ਰਾਜ ਪ੍ਰਬੰਧ ਬਾਰੇ ਸਵਾਲਾਂ ਦੇ ਜਵਾਬ ਵੀ ਦਿਤੇ। ਉਨ੍ਹਾਂ ਨਾਲ ਦੋ ਗੱਲਾਂ ਕਰਨ ਲਈ ਵਡੀ ਗਿਣਤੀ ਵਿਚ ਲੋਕ ਪਹੁੰਚੇ ਹੋਏ ਸਨ ਅਤੇ ਉਨ੍ਹਾਂ ਬੜੀ ਗਰਮਜੋਸ਼ੀ ਨਾਲ ਕਿਰਨ ਬੇਦੀ ਦਾ ਸਵਾਗਤ ਕੀਤਾ।

ਪ੍ਰੋਗਰਾਮ ਦੇ ਸ਼ੁਰੂ ਵਿਚ ਅਨੂ ਪੇਸ਼ਾਵਰੀਆ ਦੀ ਇਕ ਮੁਵੱਕਿਲ ਮਾਲਵਿਕਾ ਬਿੰਦਰਾ ਨੇ ਅਨੂ ਦੀ ਜਾਣ ਪਛਾਣ ਕਰਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਸੰਨ 2000 ਵਿਚ ਅਮਰੀਕੀ ਇਮੀਗ੍ਰੇਸ਼ਨ ਵਿਭਾਗ ਵਲੋਂ ਵਿਸ਼ੇਸ਼ ਮਾਣ-ਸਤਿਕਾਰ ਦਿਤਾ ਗਿਆ ਸੀ। ਇਸ ਤੋਂ ਇਲਾਵਾ ਉਸ ਨੂੰ ਮਨੁੱਖੀ ਹੱਕਾਂ ਅਤੇ ਪਰਵਾਸੀਆਂ ਦੇ ਕਾਨੂੰਨੀ ਹੱਕਾਂ ਲਈ ਲੜਨ ਕਰਕੇ ਬਹੁਤ ਸਾਰੇ ਮਾਣ-ਸਨਮਾਨ ਮਿਲ ਚੁਕੇ ਹਨ। ਉਹ ਇਕ ਉਘੀ ਵਕੀਲ ਹੀ ਨਹੀਂ ਸਗੋਂ ਇਕ ਨਾਮੀ ਖਿਡਾਰੀ ਅਤੇ ਸਮਾਜ ਸੇਵੀ ਵੀ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਅਨੂ ਪੇਸ਼ਾਵਰੀਆ ਨੇ ਸਿਆਟਲ ਦੇ ਭਾਰਤੀ ਭਾਈਚਾਰੇ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਅਮਰੀਕਾ ਵਿਚ ਪਰਵਾਸੀਆਂ ਦੇ ਹੱਕਾਂ ਲਈ ਡਟ ਕੇ ਲੜਨਗੇ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਪਰਵਾਸੀ ਲੋਕਾਂ ਲਈ ਕਾਨੂੰਨਾਂ ਵਿਚ ਕਈ ਊਣਤਾਈਆਂ ਹਨ ਜਿਨ੍ਹਾਂ ਲਈ ਕਾਨੂੰਨੀ ਅਤੇ ਸਿਆਸੀ ਲੜਾਈ ਲੜਨ ਦੀ ਲੋੜ ਹੈ। ਭਾਰਤ ਵਿਚ ਲੋਕਾਂ ਨੂੰ ਕਾਨੂੰਨ ਬਾਰੇ ਬਹੁਤੀ ਜਾਣਕਾਰੀ ਨਹੀਂ ਹੁੰਦੀ ਜਿਸ ਕਰਕੇ ਵਕੀਲ ਕੁਝ ਵੀ ਤੋੜ-ਮਰੋੜ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ ਪਰ



*ਦੋਵੇਂ ਭੈਣਾਂ-ਕਿਰਨ ਅਤੇ ਅਨੂ*

ਅਮਰੀਕਾ ਵਿਚ ਅਜਿਹਾ ਸੰਭਵ ਨਹੀਂ ਹੈ। ਸਾਨੂੰ ਸਾਵਧਾਨ ਹੋਣ ਅਤੇ ਇਥੋਂ ਦੇ ਕਾਨੂੰਨ ਪ੍ਰਤੀ ਖਬਰਦਾਰ ਰਹਿਣ ਦੀ ਲੋੜ ਹੈ। ਪ੍ਰੋਗਰਾਮ ਦੇ ਅਖੀਰ ਵਿਚ ਡਾ. ਕਿਰਨ ਬੇਦੀ ਅਤੇ ਕੈਂਟ ਕਸਬੇ ਦੀ ਮੇਅਰ ਸੂਜ਼ੀ ਕੁਕ ਨੇ ਅਨੂ ਪੇਸ਼ਾਵਰੀਆ ਦੀ ਪੁਸਤਕ ਰਿਲੀਜ਼ ਕੀਤੀ।

## ਖਹਿਰਾ ਮਿਡਵੈਸਟ ਤੇ ਵੈਸਟ ਕੋਸਟ ਲਈ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਨਿਯੁਕਤ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਪ੍ਰਧਾਨ ਸ. ਮਨਜੀਤ ਸਿੰਘ ਦਸੂਹਾ ਨੇ ਅਕਾਲੀ ਆਗੂ ਸ. ਕੁਲਵੰਤ ਸਿੰਘ ਖਹਿਰਾ ਨੂੰ ਮਿਡਵੈਸਟ ਅਤੇ ਵੈਸਟ ਕੋਸਟ-ਅਮਰੀਕਾ ਦਾ ਐਕਟਿੰਗ ਪ੍ਰਧਾਨ ਬਣਾਇਆ ਹੈ। ਇਸੇ ਦੌਰਾਨ ਨਿਊ ਯਾਰਕ ਵਾਸੀ ਸ. ਮੋਹਨ ਸਿੰਘ ਖੱਟੜਾ ਨੂੰ ਈਸਟ ਕੋਸਟ ਦਾ ਐਕਟਿੰਗ ਪ੍ਰਧਾਨ ਬਣਾਇਆ ਗਿਆ ਹੈ।

ਸ. ਦਸੂਹਾ ਦੇ ਨੇੜਲੇ ਸੂਤਰਾਂ ਅਨੁਸਾਰ ਇਹ ਨਿਯੁਕਤੀਆਂ ਉਨ੍ਹਾਂ ਭਾਰਤ ਵਿਚ ਆਪਣੇ ਵਧੇ ਰੁਝੇਵਿਆਂ ਕਾਰਨ ਪਾਰਟੀ ਲਈ ਸਮਾਂ ਕੁਝ ਘੱਟ ਮਿਲਣ ਕਰਕੇ ਕੀਤੀਆਂ ਹਨ ਤਾਂ ਜੋ ਪਾਰਟੀ ਦੀਆਂ ਗਤੀਵਿਧੀਆਂ ਵਿਚ ਹੋਰ ਤੇਜੀ ਲਿਆਂਦੀ ਜਾ ਸਕੇ। ਅਕਾਲੀ ਦਲ ਦੇ ਸੂਤਰਾਂ ਅਨੁਸਾਰ ਸ. ਦਸੂਹਾ ਨੇ ਇਹ ਨਿਯੁਕਤੀਆਂ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਅਕਾਲੀ ਦਲ ਦੇ ਪਰਵਾਸੀ ਮਾਮਲਿਆਂ ਦੇ ਇੰਚਾਰਜ ਸ. ਸੁਰਜੀਤ ਸਿੰਘ ਰੱਖੜਾ ਨਾਲ ਸਲਾਹ-ਮਸ਼ਵਰਾ ਕਰਕੇ ਅਤੇ ਉਨ੍ਹਾਂ ਦੀ ਪ੍ਰਵਾਨਗੀ ਲੈਣ ਉਪਰੰਤ ਕੀਤੀਆਂ ਗਈਆਂ ਹਨ। ਸ. ਕੁਲਵੰਤ ਸਿੰਘ ਖਹਿਰਾ ਨੇ ਆਪਣੀ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ



*ਕੁਲਵੰਤ ਸਿੰਘ ਖਹਿਰਾ*

ਕਿਹਾ ਕਿ ਉਹ ਦਿੱਤੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।

## ਭਿੰਡਰਾਂਵਾਲੇ ਨਾਲ ਸਬੰਧਤ ਹਰ ਚੀਜ਼ 'ਤੇ ਪਾਬੰਦੀ ਲੱਗੇ: ਕੇ ਪੀ ਐਸ ਗਿੱਲ

**ਚੰਡੀਗੜ੍ਹ:** ਪੰਜਾਬ ਪੁਲੀਸ ਦੇ ਸਾਬਕਾ ਡਾਇਰੈਕਟਰ ਜਨਰਲ ਕੇ.ਪੀ.ਐਸ. ਗਿੱਲ ਨੇ ਫਿਰ ਤਿੱਖੀ ਸ਼ਬਦਾਵਲੀ ਦਾ ਇਸਤੇਮਾਲ ਕਰਦਿਆਂ ਕਿਹਾ ਹੈ ਕਿ ਫ਼ਿਲਮ 'ਸਾਡਾ ਹੱਕ' ਦੀ ਪੂਰੀ ਟੀਮ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਫਿਲਮ 'ਤੇ ਲਾਈ ਪਾਬੰਦੀ ਕਾਫ਼ੀ ਨਹੀਂ ਹੈ ਕਿਉਂਕਿ ਇਹ ਫ਼ਿਲਮ 'ਅਤਿਵਾਦ' ਨੂੰ ਦਰੁਸਤ ਦੱਸਣ ਦੇ ਮਕਸਦ ਨਾਲ ਬਣਾਈ ਗਈ ਹੈ। ਸ. ਗਿੱਲ ਨੇ ਕਿਹਾ ਕਿ ਮਸਾਂ ਮਸਾਂ ਪਰਤੀ ਸ਼ਾਂਤੀ ਨੂੰ ਬਚਾਅ ਕੇ ਰੱਖਣ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਚੀਜ਼ਾਂ 'ਤੇ ਪਾਬੰਦੀ ਲਾਉਣਾ ਜ਼ਰੂਰੀ ਹੈ। ਸੰਤ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ ਦੀ ਵਿਕਰੀ 'ਤੇ ਰੋਕ ਲੱਗਣੀ ਚਾਹੀਦੀ ਹੈ।

ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ਕਰਵਾਏ ਸੈਮੀਨਾਰ ਦੌਰਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਫਿਲਮ 'ਸਾਡਾ ਹੱਕ' ਬਾਰੇ ਪ੍ਰਧਾਨ ਅਵਤਾਰ ਸਿੰਘ ਦੀ ਭੂਮਿਕਾ ਸ਼ਰਮਨਾਕ ਹੈ। ਫਿਲਮ ਵਿਚ ਜਗਤਾਰ ਸਿੰਘ ਹਵਾਰਾ ਤੇ ਬਲਵੰਤ ਸਿੰਘ ਰਾਜੋਆਣਾ ਦੀ ਸਿੱਖ ਗੁਰੂਆਂ ਨਾਲ ਕੀਤੀ ਤੁਲਨਾ ਕਰਨਾ ਵੀ ਨਿੰਦਣਯੋਗ ਹੈ। ਉਨ੍ਹਾਂ ਨੇ ਕਮੇਟੀ 'ਤੇ ਸਿੱਖ ਧਰਮ ਦੇ ਅਕਸ ਨੂੰ ਸੰਵਾਰਨ ਦੀ ਥਾਂ ਵਿਗਾੜਣ ਦਾ ਦੋਸ਼ ਲਾਇਆ।

ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸਾਕਾ ਨਾਲਾ ਤਾਰਾ ਯਾਦਗਾਰ ਬਣਾਉਣਾ ਗਲਤ ਹੈ ਤੇ ਕਮੇਟੀ ਨੂੰ ਇਸ ਦੀ ਆਗਿਆ ਨਹੀਂ ਦੇਣੀ ਚਾਹੀਦੀ। ਇਸ ਨਾਲ ਖ਼ਾਲਿਸਤਾਨ ਦਾ ਗੁਣਗਾਣ ਕਰਨ ਵਾਲਿਆਂ ਨੂੰ ਮੁੜ ਸਟੇਜ ਮਿਲ ਜਾਵੇਗੀ। ਇਹੋ ਜਿਹੀ ਸਟੇਜ ਖ਼ਤਮ ਕਰਨ ਲਈ ਸਾਕਾ ਨੀਲਾ ਤਾਰਾ ਦੀ ਲੋੜ ਪਈ ਸੀ। ਉਂਝ ਉਨ੍ਹਾਂ ਨੇ ਪੰਜਾਬ ਵਿਚ ਮੁੜ ਤੋਂ ਅਤਿਵਾਦ ਦੇ ਸਿਰ ਚੁੱਕਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਖ਼ਾਲਿਸਤਾਨੀਆਂ ਨੂੰ ਵਿਦੇਸ਼ਾਂ ਤੋਂ ਆ ਰਿਹਾ ਪੈਸਾ ਵੀ ਇਸ ਲਈ ਕੰਮ ਨਹੀਂ ਕਰ ਸਕੇਗਾ।

ਸ. ਗਿੱਲ ਨੇ ਕਿਹਾ ਕਿ ਅਤਿਵਾਦ ਦੇ ਖ਼ਾਤਮੇ ਲਈ ਸਖ਼ਤੀ ਵਰਤਣੀ ਜ਼ਰੂਰੀ ਸੀ। ਅਤਿਵਾਦ ਦੇ ਨਾਂ 'ਤੇ ਹਿੰਦੂਆਂ ਤੇ ਸਿੱਖਾਂ ਨੂੰ ਪਾੜ ਦਿੱਤਾ ਗਿਆ ਸੀ। ਇਥੋਂ ਤੱਕ ਕਿ ਦੋਵੇਂ ਫਿਰਕੇ ਸਾਂਝੇ ਸਮਾਗਮਾਂ ਵਿਚ ਅੱਡ ਅੱਡ ਹੋ ਕੇ ਬੈਠਣ ਲੱਗੇ ਸਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੇ ਅਤਿਵਾਦੀਆਂ ਦੀ ਖੁੱਲ੍ਹ ਕੇ ਮੱਦਦ ਕੀਤੀ ਸੀ ਤੇ ਉਨ੍ਹਾਂ ਨੂੰ ਹਥਿਆਰ ਦਿੱਤੇ ਗਏ ਸਨ।

ਸਾਬਕਾ ਪੁਲਿਸ ਮੁਖੀ ਨੇ ਕਿਹਾ ਕਿ ਪੁਲਿਸ ਵੱਲੋਂ ਅਤਿਵਾਦ ਤੋਂ ਬਾਅਦ ਵਿਚ ਕਰਵਾਏ ਸਰਵੇਖਣ ਤੋਂ ਪਤਾ ਲੱਗਿਆ ਕਿ ਅਤਿਵਾਦ ਦਾ ਘੇਰਾ ਸੀਮਤ ਸੀ ਤੇ ਸੀਮਤ ਪਿੰਡਾਂ ਵਿਚ ਹੀ ਵਧੇਰੇ ਕਤਲ ਹੋਏ ਸਨ। ਉਨ੍ਹਾਂ ਨੇ ਆਮ ਲੋਕਾਂ ਨੂੰ ਅਤਿਵਾਦ ਦੇ ਨਾਂ 'ਤੇ ਰੋਟੀਆਂ ਸੇਕਣ ਵਾਲਿਆਂ ਤੋਂ ਦੂਰੀ ਬਣਾ ਕੇ ਰੱਖਣ ਦੀ ਸਲਾਹ ਦਿੱਤੀ ਹੈ।

# Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਗਰੀਨ ਕਾਰਡ ਹੋਲਡਰ, ਜਲਦ ਸਿਟੀਜ਼ਨ ਬਣਨ ਵਾਲੀ ਪਤਲੀ ਤੇ ਸੁਨੱਖੀ ਬੈਂਕ ਜੌਬ ਕਰਦੀ ਤਲਾਕਸ਼ੁਦਾ 27, 5'-3" ਲੜਕੀ ਲਈ ਅਮਰੀਕਾ ਰਹਿੰਦੇ ਕੱਚੇ/ਪੱਕੇ ਲੜਕੇ ਦੀ ਲੋੜ ਹੈ। ਫੋਟੋ ਤੇ ਵੇਰਵਾ ਈਮੇਲ ਕਰੋ: harshbrar@yahoo.com ਜਾਂ ਫੋਨ ਕਰੋ:559-577-9301

ਇੰਡੀਆ ਰਹਿੰਦੀ ਜੱਟ ਸਿੱਖ, 25 ਸਾਲ, ਕੱਦ 5'-4", ਬੀ ਐਸ ਸੀ ਨਰਸਿੰਗ ਲੜਕੀ ਲਈ ਢੁਕਵੇਂ ਅਮਰੀਕੀ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੀ ਮਾਸੀ ਅਮਰੀਕਾ ਵਿਚ ਚੰਗੀ ਤਰ੍ਹਾਂ ਸੈਟਲ ਹੈ। ਸੰਪਰਕ ਕਰੋ, ਫੋਨ 530-227-4566

ਜੱਟ ਸਿੱਖ ਅਮਰੀਕਨ ਸਿਟੀਜ਼ਨ, 32/ 5'-6" ਪਤਲੀ ਖੂਬਸੂਰਤ ਐਮ ਏ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਿਰਫ ਅਮਰੀਕਾ ਰਹਿੰਦੇ ਕੱਚੇ ਜਾਂ ਪੱਕੇ ਲੜਕੇ ਹੀ ਸੰਪਰਕ ਕਰਨ। ਫੋਟੋ ਸਮੇਤ ਆਪਣਾ ਵੇਰਵਾ ਈ-ਮੇਲ ਕਰੋ: kaur.rulez13@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਸਮਰਾ ਸੁੰਦਰ ਵੈਸ਼ਨੂੰ, 28, 5'-9", +2, ਕੈਲੀਫੋਰਨੀਆ 'ਚ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਸੁਨੱਖੀ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦਾ ਹੈ। ਸੰਪਰਕ ਕਰੋ: 559-289-7076 ਜਾਂ 760-590-0426

ਜੱਟ ਸਿੱਖ 26 ਸਾਲ, ਕੱਦ 6 ਫੁੱਟ, ਐਮ ਫਾਰਮਾ, ਇੰਡੀਆ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਨਰਸਿੰਗ ਕਰਦੀ ਲੜਕੀ ਦੀ ਲੋੜ ਹੈ। ਮੁੰਡੇ ਦੇ ਮਾਪੇ ਅਮਰੀਕਾ ਸੈਟਲਡ ਹਨ। ਸੰਪਰਕ ਕਰੋ: 414-218-0532

ਜੱਟ ਸਿੱਖ ਉਮਰ 23 ਸਾਲ, ਕੱਦ 6'-1", ਵਰਕ ਪਰਮਿਟ 'ਤੇ ਕੈਨੇਡਾ ਰਹਿੰਦੇ ਲੜਕੇ ਲਈ ਕੈਨੇਡਾ/ਅਮਰੀਕਾ ਦੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ: 513-787-4237

Wanted US Citizen/Green card holder girl for Saini Sikh boy 28, 5'11" MS Software Engineer working on H-1 visa with a MNC in Silicon Valley CA. Cast no bar. Call: 510-585-5412 & email biodata @harry2007gsp@gmail.com


**Freeway Travel Inc**

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju
Tel: 773-973-0200
Fax: 773-973-0557
2542 W Devon Ave. Chicago IL 60659



**BP Gas Station For Sale**

*Columbia City, Indiana*

Inside sale: $47,000
Outside sale: 45,000 Gallons
U Haul sub station adds extra income.
Price: $525,000

ਕੋਲੰਬਸ, ਇੰਡੀਆਨਾ ਵਿਚ ਬੀ ਪੀ ਗੈਸ ਸਟੇਸ਼ਨ (4 ਪੰਪ) ਵਿਕਾਊ ਹੈ।
ਇਨਸਾਈਡ ਸੇਲ $47,000, ਗੈਸ: 45,000 ਗੈਲਨ
ਯੂ ਹਾਲ ਤੋਂ ਵਾਧੂ ਆਮਦਨ
ਕੀਮਤ: $525,000

*Contact: Goldy Goraya*
Ph: 631-880-2400



**Desi Bazar**

916 E. Main Street #118, Greenwood, IN, 46143
Tel: 317-888-2040, Fax: 317-887-6116

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

# ਪੰਜਾਬ ਵਿਚ ਸੜਕ ਹਾਦਸਿਆਂ ਨੂੰ ਨਹੀਂ ਪੈ ਰਹੀ ਠੱਲ੍ਹ



**ਚੰਡੀਗੜ੍ਹ:** ਪੰਜਾਬ ਵਿਚ ਸੜਕ ਹਾਦਸਿਆਂ ਕਾਰਨ ਅਨਮੋਲ ਜਾਨਾਂ ਦਾ ਅਜਾਈਂ ਜਾਣਾ ਜਾਰੀ ਹੈ ਪਰ ਪੰਜਾਬ ਪੁਲਿਸ ਹਾਲੇ ਵੀ ਇਨ੍ਹਾਂ ਹਾਦਸਿਆਂ ਨੂੰ ਠੱਲ੍ਹਣ ਦੇ ਸਮਰੱਥ ਨਹੀਂ ਜਾਪ ਰਹੀ। ਰਾਜ ਵਿਚ ਸੜਕ ਹਾਦਸਿਆਂ ਦੇ ਮੁੱਖ ਕਾਰਨ ਸ਼ਰਾਬ ਪੀ ਕੇ ਤੇ ਤੇਜ਼ ਰਫਤਾਰੀ ਨਾਲ ਵਾਹਨ ਚਲਾਉਣ ਤੇ ਡਰਾਈਵਿੰਗ ਦੌਰਾਨ

## ਇਕੱਲੇ ਮੁਹਾਲੀ ਜ਼ਿਲ੍ਹੇ ਵਿਚ 260 ਮੌਤਾਂ

ਮੋਬਾਈਲ ਫੋਨਾਂ ਦੀ ਵਰਤੋਂ ਕਰਨਾ ਦੱਸੇ ਜਾ ਰਹੇ ਹਨ। ਭਾਵੇਂ ਪੰਜਾਬ ਦੀ ਟ੍ਰੈਫਿਕ ਪੁਲਿਸ ਵੱਲੋਂ ਚਲਾਨ ਕੱਟ ਕੇ ਕਰੋੜਾਂ ਰੁਪਏ ਜੁਰਮਾਨੇ ਦੇ ਰੂਪ ਵਿਚ ਇਕੱਠੇ ਕੀਤੇ ਜਾ ਰਹੇ ਹਨ ਪਰ ਸੜਕਾਂ ਨੂੰ ਨਿੱਤ-ਦਿਨ ਖੂਨੋ-ਖੂਨ ਕਰਨ ਵਾਲੇ ਕਾਰਨਾਂ ਨੂੰ ਠੱਲ੍ਹਣ ਤੋਂ ਪੁਲਿਸ ਫਿਲਹਾਲ ਅਸਫਲ ਹੈ।

ਹਾਸਲ ਜਾਣਕਾਰੀ ਅਨੁਸਾਰ ਮੁਹਾਲੀ ਜ਼ਿਲ੍ਹੇ ਵਿਚ ਸਭ ਤੋਂ ਵੱਧ 500 ਦੇ ਕਰੀਬ ਸੜਕ ਹਾਦਸੇ ਵਾਪਰੇ ਹਨ ਤੇ ਇਨ੍ਹਾਂ ਵਿਚ 260 ਤੋਂ ਵੱਧ ਵਿਅਕਤੀਆਂ ਦੀ ਮੌਤ ਤੇ 350 ਦੇ ਕਰੀਬ ਵਿਅਕਤੀ ਜ਼ਖ਼ਮੀ ਹੋਏ ਹਨ। ਇਸ ਜ਼ਿਲ੍ਹੇ ਦੀ ਪੁਲਿਸ ਨੇ 34000 ਦੇ ਕਰੀਬ ਚਲਾਨ ਕੱਟ ਕੇ 1.75 ਕਰੋੜ ਰੁਪਏ ਤੋਂ ਵੱਧ ਦੇ ਕਰੀਬ ਜੁਰਮਾਨਾ ਵਸੂਲਿਆ ਹੈ ਜਦਕਿ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਦੇ ਮਹਿਜ 76 ਤੇ ਤੇਜ਼ ਰਫਤਾਰ ਵਾਹਨ ਚਲਾਉਣ ਦੇ 269 ਚਲਾਨ ਹੀ ਕੱਟੇ ਹਨ।

ਕਪੂਰਥਲਾ ਜ਼ਿਲ੍ਹੇ ਦੀ ਪੁਲਿਸ ਅਨੁਸਾਰ ਉਨ੍ਹਾਂ ਕੋਲ ਸ਼ਰਾਬ ਪੀਤੀ ਚੈੱਕ ਕਰਨ ਵਾਲਾ ਯੰਤਰ ਨਾ ਹੋਣ ਕਾਰਨ ਅਜਿਹਾ ਇਕ ਵੀ ਚਲਾਨ ਨਹੀਂ ਕੱਟਿਆ ਗਿਆ। ਉਂਜ ਇਸ ਜ਼ਿਲ੍ਹੇ ਦੀ ਪੁਲਿਸ ਨੇ 18,500 ਦੇ ਕਰੀਬ ਚਲਾਨ ਕੱਟ ਕੇ 51.44 ਲੱਖ ਦੇ ਕਰੀਬ ਜੁਰਮਾਨਾ ਵਸੂਲਿਆ ਹੈ। ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਦੇ ਦੋਸ਼ਾਂ ਤਹਿਤ ਇਕ ਵੀ ਚਲਾਨ ਨਹੀਂ ਕੱਟਿਆ ਗਿਆ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਵਾਪਰੇ 296 ਸੜਕ ਹਾਦਸਿਆਂ ਵਿਚ 243 ਵਿਅਕਤੀਆਂ ਦੀ ਮੌਤ ਹੋਈ ਹੈ ਤੇ 214 ਵਿਅਕਤੀ ਜ਼ਖ਼ਮੀ ਹੋਏ ਹਨ।

ਅੰਮ੍ਰਿਤਸਰ ਸ਼ਹਿਰ ਦੇ ਡਿਪਟੀ ਕਮਿਸ਼ਨਰ ਪੁਲਿਸ ਅਨੁਸਾਰ 23 ਹਜ਼ਾਰ ਦੇ ਕਰੀਬ ਚਲਾਨ ਕੱਟ ਕੇ 1.85 ਕਰੋੜ ਦੇ ਕਰੀਬ ਜੁਰਮਾਨਾ ਵਸੂਲਿਆ ਹੈ ਪਰ ਇਸ ਦੌਰਾਨ ਸ਼ਰਾਬ ਪੀ ਕੇ ਵਾਹਨ ਚਲਾਉਣ ਦੇ ਸਿਰਫ ਪੰਜ ਚਲਾਨ ਹੀ ਕੱਟੇ ਗਏ। ਪਠਾਨਕੋਟ ਜ਼ਿਲ੍ਹੇ ਵਿਚ ਵਾਪਰੇ ਕੁੱਲ 110 ਦੇ ਕਰੀਬ ਸੜਕ ਹਾਦਸਿਆਂ ਦੌਰਾਨ 81 ਵਿਅਕਤੀਆਂ ਦੀ ਮੌਤ ਹੋਈ ਹੈ ਤੇ 90 ਦੇ ਕਰੀਬ ਜ਼ਖ਼ਮੀ ਹੋਏ ਹਨ। ਇਸ ਦੌਰਾਨ ਸ਼ਰਾਬ ਪੀ ਕੇ ਵਾਹਨ ਚਲਾਉਣ ਦੇ ਸਿਰਫ ਪੰਜ ਜਦਕਿ ਤੇਜ਼ ਰਫਤਾਰੀ ਦੇ ਸਿਰਫ 12 ਚਲਾਨ ਹੀ ਕੱਟੇ ਗਏ।

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਪਿਛਲੇ ਵਰ੍ਹੇ ਵਾਪਰੇ 137 ਸੜਕ ਹਾਦਸਿਆਂ ਦੌਰਾਨ 112 ਵਿਅਕਤੀਆਂ ਦੀ ਮੌਤ ਤੇ 67 ਜ਼ਖ਼ਮੀ ਹੋਏ ਸਨ। ਇਸ ਦੌਰਾਨ ਪੁਲਿਸ ਵੱਲੋਂ ਸ਼ਰਾਬ ਪੀ ਕੇ ਵਾਹਨ ਚਲਾਉਣ ਦੇ ਸਿਰਫ 72 ਚਲਾਨ ਹੀ ਕੱਟੇ ਹਨ। ਗੁਰਦਾਸਪੁਰ ਜ਼ਿਲ੍ਹੇ ਵਿਚ ਕੁੱਲ 115 ਦੇ ਕਰੀਬ ਵਾਪਰੇ ਸੜਕ ਹਾਦਸਿਆਂ ਦੌਰਾਨ 90 ਵਿਅਕਤੀਆਂ ਦੀ ਮੌਤ ਤੇ 70 ਦੇ ਕਰੀਬ ਵਿਅਕਤੀ ਜ਼ਖ਼ਮੀ ਹੋਏ ਸਨ। ਇਸ ਦੌਰਾਨ ਸ਼ਰਾਬ ਪੀ ਕੇ ਵਾਹਨ ਚਲਾਉਣ ਦੇ ਸਿਰਫ ਪੰਜ ਤੇ ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਦੇ 105 ਦੇ ਕਰੀਬ ਹੀ ਚਲਾਨ ਕੱਟੇ।

ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ ਵਾਪਰੇ 60 ਸੜਕ ਹਾਦਸਿਆਂ ਦੌਰਾਨ 60 ਵਿਅਕਤੀਆਂ ਦੀ ਮੌਤ ਤੇ 60 ਦੇ ਕਰੀਬ ਜ਼ਖ਼ਮੀ ਹੋਏ ਸਨ ਜਦਕਿ ਪੁਲਿਸ ਨੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਦੇ ਸਿਰਫ ਤਿੰਨ ਤੇ ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਦੇ 50 ਦੇ ਕਰੀਬ ਚਲਾਨ ਹੀ ਕੱਟੇ ਹਨ। ਸੰਗਰੂਰ ਜ਼ਿਲ੍ਹੇ ਵਿਚ ਵਾਪਰੇ 288 ਸੜਕ ਹਾਦਸਿਆਂ ਵਿਚ 174 ਵਿਅਕਤੀਆਂ ਦੀ ਮੌਤ ਤੇ 202 ਵਿਅਕਤੀ ਜ਼ਖ਼ਮੀ ਹੋਏ ਹਨ।

ਰੂਪਨਗਰ ਜ਼ਿਲ੍ਹੇ ਦੀ ਪੁਲਿਸ ਨੇ 12,575 ਚਲਾਨ ਕੱਟ ਕੇ 18.13 ਲੱਖ ਰੁਪਏ ਜੁਰਮਾਨਾ ਵਸੂਲਿਆ ਹੈ ਪਰ ਇਸ ਦੌਰਾਨ ਸ਼ਰਾਬ ਪੀ ਕੇ ਵਾਹਨ ਚਲਾਉਣ ਦੇ ਕੇਵਲ 55 ਤੇ ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਦੇ 50 ਚਲਾਨ ਹੀ ਕੱਟੇ ਹਨ। ਜ਼ਿਲ੍ਹਾ ਮੋਗਾ ਵਿਚ ਵਾਪਰੇ 118 ਸੜਕ ਹਾਦਸਿਆਂ ਦੌਰਾਨ 152 ਵਿਅਕਤੀਆਂ ਦੀ ਮੌਤ ਤੇ 105 ਵਿਅਕਤੀ ਜ਼ਖ਼ਮੀ ਹੋਏ ਹਨ। ਬਰਨਾਲਾ ਜ਼ਿਲ੍ਹੇ ਵਿਚ ਭਾਵੇਂ ਕੁੱਲ 6300 ਦੇ ਕਰੀਬ ਚਲਾਨ ਕੱਟੇ ਗਏ ਪਰ ਸ਼ਰਾਬ ਪੀ ਕੇ ਵਾਹਨ ਚਲਾਉਣ ਦੇ ਪੰਜ ਤੇ ਤੇਜ਼ ਰਫਤਾਰ ਵਾਹਨ ਚਲਾਉਣ ਦੇ ਸਿਰਫ 10 ਚਲਾਨ ਹੀ ਕੱਟੇ ਹਨ।

ਫਿਰੋਜ਼ਪੁਰ ਪੁਲਿਸ ਨੇ 21000 ਦੇ ਕਰੀਬ ਚਲਾਨ ਕੱਟ ਕੇ 78.62 ਲੱਖ ਰੁਪਏ ਜੁਰਮਾਨਾ ਵਸੂਲਿਆ ਹੈ ਪਰ ਸ਼ਰਾਬ ਪੀ ਕੇ ਵਾਹਨ ਚਲਾਉਣ ਦੇ ਕੇਵਲ 26 ਤੇ ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਦੇ 104 ਦੇ ਹੀ ਕਰੀਬ ਚਲਾਨ ਕੱਟੇ ਹਨ। ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਪੁਲਿਸ ਨੇ ਭਾਵੇਂ 12000 ਦੇ ਕਰੀਬ ਚਲਾਨ ਕੱਟ ਕੇ 47.35 ਲੱਖ ਰੁਪਏ ਦੇ ਕਰੀਬ ਵਸੂਲੇ ਹਨ ਪਰ ਤੇਜ਼ ਰਫਤਾਰ ਨਾਲ ਵਾਹਨ ਚਲਾਉਣ ਦੇ ਕੇਵਲ ਅੱਠ ਚਲਾਨ ਹੀ ਕੱਟੇ ਹਨ।

# ਗੁਰਦਾਸਪੁਰ ਗੋਲੀ ਕਾਂਡ ਦੇ ਗਵਾਹਾਂ ਨੂੰ ਧਮਕੀਆਂ ਮਿਲੀਆਂ

**ਗੁਰਦਾਸਪੁਰ:** ਗੁਰਦਾਸਪੁਰ ਗੋਲੀ ਕਾਂਡ ਦੌਰਾਨ ਪੁਲਿਸ ਦੀ ਗੋਲੀਬਾਰੀ ਨਾਲ ਮਾਰੇ ਗਏ ਨੌਜਵਾਨ ਜਸਪਾਲ ਸਿੰਘ ਦੇ ਪਿਤਾ ਨੇ ਦੋਸ਼ੀ ਪੁਲਿਸ ਅਧਿਕਾਰੀਆਂ 'ਤੇ ਗਵਾਹਾਂ ਨੂੰ ਧਮਕਾਉਣ ਦੇ ਗੰਭੀਰ ਦੋਸ਼ ਲਾਏ ਹਨ। ਪਿਛਲੇ ਸਾਲ 29 ਮਾਰਚ ਨੂੰ ਗੁਰਦਾਸਪੁਰ ਵਿਚ ਵਾਪਰੇ ਗੋਲੀ ਕਾਂਡ ਦੀ ਜਾਂਚ ਲਈ ਪੰਜਾਬ ਪੁਲਿਸ ਦੇ ਕਰਾਈਮ ਬਰਾਂਚ ਦੇ ਵਧੀਕ ਇੰਸਪੈਕਟਰ ਜਨਰਲ ਗੁਰਮੀਤ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਵੱਲੋਂ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਟੀਮ ਦੇ ਮੈਂਬਰਾਂ ਵੱਲੋਂ ਮ੍ਰਿਤਕ ਨੌਜਵਾਨ ਜਸਪਾਲ ਸਿੰਘ ਦੇ ਪਿਤਾ ਗੁਰਚਰਨਜੀਤ ਸਿੰਘ ਤੇ ਹੋਰਾਂ ਗਵਾਹਾਂ ਨਾਲ ਗੱਲਬਾਤ ਕੀਤੀ ਗਈ। ਇਸ ਮੌਕੇ ਜਸਪਾਲ ਸਿੰਘ ਦੇ ਪਿਤਾ ਗੁਰਚਰਨਜੀਤ ਸਿੰਘ ਨੇ ਜਾਂਚ ਟੀਮ ਅੱਗੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਇਕ ਸਾਲ ਬੀਤ ਜਾਣ 'ਤੇ ਵੀ ਦੋਸ਼ੀ ਪੁਲਿਸ ਕਰਮਚਾਰੀਆਂ ਦੇ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ। ਸਗੋਂ ਮਾਮਲੇ ਵਿਚ ਜ਼ਿੰਮੇਵਾਰ ਪੁਲਿਸ ਮੁਲਾਜ਼ਮ ਕੇਸ ਦੇ ਗਵਾਹਾਂ ਤੇ ਉਨ੍ਹਾਂ ਨੂੰ ਧਮਕੀਆਂ ਭੇਜ ਰਹੇ ਹਨ।



ਵਧੀਕ ਇੰਸਪੈਕਟਰ ਜਨਰਲ ਗੁਰਮੀਤ ਸਿੰਘ ਨੇ ਇਸ ਦਾ ਗੰਭੀਰਤਾ ਨਾਲ ਨੋਟਿਸ ਲੈਂਦਿਆਂ ਪੀੜਤ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਜਾਂਚ ਦੌਰਾਨ ਕਿਸੇ ਪੱਧਰ 'ਤੇ ਕਿਸੇ ਨਾਲ ਵੀ ਕੋਈ ਰਿਆਇਤ ਨਹੀਂ ਵਰਤੀ ਜਾਵੇਗੀ ਤੇ ਦੋਸ਼ੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਇਸ ਮਾਮਲੇ ਵਿਚ ਜਲੰਧਰ ਦੇ ਸਾਬਕਾ ਕਮਿਸ਼ਨਰ ਸੁੱਚਾ ਰਾਮ ਲੱਧੜ 'ਤੇ ਆਧਾਰਤ ਜਾਂਚ ਟੀਮ ਕੋਲ ਦਿੱਤੇ ਬਿਆਨਾਂ ਨੂੰ ਮੁੜ ਦੁਹਰਾਇਆ ਤੇ ਆਖਿਆ ਕਿ ਜਸਪਾਲ ਸਿੰਘ ਦੀ ਮੌਤ ਪੁਲਿਸ ਦੀ ਗੋਲੀ ਨਾਲ ਹੀ ਹੋਈ ਹੈ।

# ਜ਼ਮੀਨ ਖ਼ਾਤਰ ਪੁੱਤ ਵੱਲੋਂ ਮਾਂ ਦਾ ਕਤਲ

**ਲੰਬੀ:** ਪਿੰਡ ਚੱਕ ਮਿੱਡੂ ਸਿੰਘ ਵਾਲਾ ਵਿਚ ਬੰਦੇ ਨੇ ਆਪਣੀ ਪਤਨੀ ਨਾਲ ਰਲ ਕੇ ਜ਼ਮੀਨ ਦੇ ਲਾਲਚ ਵਿਚ ਕੈਂਸਰ ਪੀੜਤ ਆਪਣੀ ਮਾਂ ਦਾ ਕਤਲ ਕਰ ਦਿੱਤਾ ਹੈ। ਪੁਲਿਸ ਅਨੁਸਾਰ ਥਾਣਾ ਲੰਬੀ ਅਧੀਨ ਪੈਂਦੇ ਪਿੰਡ ਚੱਕ ਮਿੱਡੂ ਸਿੰਘ ਵਾਲਾ ਦੀ ਵਸਨੀਕ ਸੁਖਪ੍ਰੀਤ ਕੌਰ (46) ਦੇ ਪਤੀ ਤਰਸੇਮ ਸਿੰਘ ਦੀ ਤਕਰੀਬਨ ਅੱਠ ਸਾਲ ਪਹਿਲਾਂ ਮੌਤ ਹੋ ਗਈ ਸੀ। ਬਾਅਦ ਵਿਚ ਤਰਸੇਮ ਸਿੰਘ ਦੀ ਤਕਰੀਬਨ 6-7 ਏਕੜ ਜ਼ਮੀਨ ਉਸ ਦੀ ਪਤਨੀ ਸੁਖਪ੍ਰੀਤ ਕੌਰ, ਧੀ ਰਾਜਵਿੰਦਰ ਕੌਰ ਤੇ ਪੁੱਤਰ ਸੰਦੀਪ ਸਿੰਘ ਦੇ ਨਾਂ ਚੜ੍ਹ ਗਈ। ਰਾਜਵਿੰਦਰ ਕੌਰ ਨੇ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਭਰਾ ਦੇ ਨਾਂ ਲਵਾ ਦਿੱਤੀ। ਸੁਖਪ੍ਰੀਤ ਕੌਰ ਛਾਤੀ ਦੇ ਕੈਂਸਰ ਤੋਂ ਪੀੜਤ ਸੀ ਤੇ ਆਪਣੀ ਕੁਝ ਜ਼ਮੀਨ ਵੇਚ ਕੇ ਉਹ ਇਲਾਜ ਕਰਾਉਣਾ ਚਾਹੁੰਦੀ ਸੀ ਪਰ ਸੰਦੀਪ ਸਿੰਘ ਜ਼ਮੀਨ ਵੇਚਣ ਦਾ ਵਿਰੋਧ ਕਰਦਾ ਸੀ। ਇਸ ਗੱਲ ਨੂੰ ਲੈ ਕੇ ਹੋਈ ਤਕਰਾਰ ਬਾਅਦ ਸੰਦੀਪ ਸਿੰਘ ਤੇ ਉਸ ਦੀ ਪਤਨੀ ਸਰਬਜੀਤ ਕੌਰ ਨੇ ਸੁਖਪ੍ਰੀਤ ਕੌਰ ਦੇ ਸਿਰ 'ਤੇ ਰਾਡ ਨਾਲ ਵਾਰ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ। ਮ੍ਰਿਤਕਾ ਦੇ ਭਰਾ ਛਿੰਦਰਪਾਲ ਸਿੰਘ ਦੀ ਸ਼ਿਕਾਇਤ 'ਤੇ ਪੁਲਿਸ ਨੇ ਸੰਦੀਪ ਸਿੰਘ ਤੇ ਉਸ ਦੀ ਪਤਨੀ ਸਰਬਜੀਤ ਕੌਰ ਖਿਲਾਫ਼ ਕੇਸ ਦਰਜ ਕਰ ਲਿਆ ਹੈ।

# ਡੇਰਾ ਸਿਰਸਾ ਦੇ ਮੁਖੀ ਨੂੰ ਖੁਦ ਪੇਸ਼ ਹੋਣ ਤੋਂ ਛੋਟ ਮਿਲੀ

**ਬਠਿੰਡਾ:** ਚੀਫ਼ ਜੁਡੀਸ਼ਲ ਅਸ਼ੋਕ ਕਪੂਰ ਦੀ ਅਦਾਲਤ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਬਠਿੰਡਾ ਅਦਾਲਤ ਵਿਚ ਜ਼ਾਤੀ ਪੇਸ਼ੀ ਤੋਂ ਛੋਟ ਦੇ ਦਿੱਤੀ ਹੈ। ਡੇਰਾ ਮੁਖੀ ਨੇ ਛੇ ਅਪਰੈਲ ਨੂੰ ਅਦਾਲਤ ਵਿਚ ਪੇਸ਼ ਹੋਣਾ ਸੀ ਪਰ ਅਦਾਲਤ ਨੇ ਉਸ ਨੂੰ ਦੂਸਰੀ ਦਫ਼ਾ ਜ਼ਾਤੀ ਪੇਸ਼ੀ ਤੋਂ ਛੋਟ ਦਿੱਤੀ। ਜ਼ਿਲ੍ਹਾ ਪ੍ਰਸ਼ਾਸਨ ਤੇ ਪੁਲਿਸ ਨੇ ਛੋਟ ਮਿਲਣ ਮਗਰੋਂ ਸੁੱਖ ਦਾ ਸਾਹ ਲਿਆ। ਪੁਲਿਸ ਪ੍ਰਸ਼ਾਸਨ ਕਈ ਦਿਨਾਂ ਤੋਂ ਡੇਰਾ ਮੁਖੀ ਦੀ ਆਮਦ ਕਰਕੇ ਸੁਰੱਖਿਆ ਪ੍ਰਬੰਧਾਂ ਵਿਚ ਜੁਟਿਆ ਹੋਇਆ ਸੀ।

ਡੇਰਾ ਸਿਰਸਾ ਦੇ ਮੁਖੀ ਦੇ ਐਡਵੋਕੇਟ ਕੇਵਲ ਸਿੰਘ ਨੇ ਪਹਿਲੀ ਅਪਰੈਲ ਨੂੰ ਚੀਫ਼ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿਚ ਦਰਖਾਸਤ ਦਾਇਰ ਕਰਕੇ ਡੇਰਾ ਮੁਖੀ ਨੂੰ ਛੇ ਅਪਰੈਲ ਦੀ ਪੇਸ਼ੀ ਤੋਂ ਛੋਟ ਦੀ ਮੰਗ ਕੀਤੀ ਸੀ। ਚੀਫ਼ ਜੁਡੀਸ਼ਲ ਮੈਜਿਸਟਰੇਟ ਅਸ਼ੋਕ ਕਪੂਰ ਨੇ ਸਰਕਾਰੀ ਧਿਰ ਨੂੰ ਇਸ ਬਾਰੇ ਨੋਟਿਸ ਜਾਰੀ ਕਰ ਦਿੱਤਾ ਸੀ। ਸਰਕਾਰੀ ਪੱਖ ਵੱਲੋਂ ਕੋਈ ਇਤਰਾਜ਼ ਨਾ ਕਰਨ ਕਰਕੇ ਡੇਰਾ ਮੁਖੀ ਨੂੰ ਮੁੜ ਨਿੱਜੀ ਪੇਸ਼ੀ ਤੋਂ ਛੋਟ ਮਿਲ ਗਈ ਹੈ। ਐਡਵੋਕੇਟ ਕੇਵਲ ਸਿੰਘ ਨੇ ਦੱਸਿਆ ਕਿ ਡੇਰਾ ਮੁਖੀ ਦੀ ਛੇ ਅਪਰੈਲ ਨੂੰ ਪੰਚਕੂਲਾ ਵਿਖੇ ਸੀਬੀਆਈ ਦੀ ਸਪੈਸ਼ਲ ਅਦਾਲਤ ਵਿਚ ਪੇਸ਼ੀ ਹੈ ਜਿਸ ਦੇ ਆਧਾਰ 'ਤੇ ਨਿੱਜੀ ਪੇਸ਼ੀ ਤੋਂ ਛੋਟ ਮੰਗੀ ਗਈ ਸੀ। ਉਨ੍ਹਾਂ ਦੱਸਿਆ ਕਿ ਪੰਚਕੂਲਾ ਅਦਾਲਤ ਦੀ ਜ਼ਿਮਨੀ ਦੀ ਕਾਪੀ ਵੀ ਦਰਖਾਸਤ ਨਾਲ ਲਾਈ ਗਈ ਸੀ।

ਉਪ ਜ਼ਿਲ੍ਹਾ ਅਟਾਰਨੀ ਸੰਜੀਵ ਕੋਛੜ ਨੇ ਦੱਸਿਆ ਕਿ ਡੇਰਾ ਮੁਖੀ ਉੱਚ ਅਦਾਲਤ ਵਿਚ ਛੇ ਅਪਰੈਲ ਨੂੰ ਪੇਸ਼ੀ ਹੈ ਜਿਸ ਕਰਕੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਦੱਸਣਯੋਗ ਹੈ ਕਿ 22 ਫਰਵਰੀ ਵਾਲੀ ਪੇਸ਼ੀ ਤੋਂ ਛੋਟ ਲੈਣ ਸਮੇਂ ਜ਼ਿਲ੍ਹਾ ਪੁਲਿਸ ਕਪਤਾਨ ਵੱਲੋਂ ਜ਼ਿਲ੍ਹਾ ਅਟਾਰਨੀ ਰਾਹੀਂ ਅਦਾਲਤ ਵਿਚ ਇਕ ਦਰਖਾਸਤ ਦਿੱਤੀ ਗਈ ਸੀ ਕਿ ਡੇਰਾ ਸਿਰਸਾ ਦੇ ਮੁਖੀ ਦੀ ਨਿੱਜੀ ਪੇਸ਼ੀ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧ ਤੇ ਬੰਦੋਬਸਤ ਕਰਨ ਵਾਸਤੇ ਕੁਝ ਸਮਾਂ ਚਾਹੀਦਾ ਹੈ ਜਿਸ ਕਰਕੇ ਪਹਿਲੀ ਦਫ਼ਾ ਡੇਰਾ ਮੁਖੀ ਨੂੰ ਨਿੱਜੀ ਪੇਸ਼ੀ ਤੋਂ ਛੋਟ ਮਿਲ ਗਈ ਸੀ। ਥਾਣਾ ਕੋਤਵਾਲੀ ਵਿਚ ਡੇਰਾ ਮੁਖੀ 'ਤੇ 20 ਮਈ, 2007 ਨੂੰ ਧਾਰਾ 295 ਦੇ ਤਹਿਤ ਪੁਲਿਸ ਕੇਸ ਦਰਜ ਹੋਇਆ ਸੀ ਜਿਸ ਦੇ ਸਬੰਧੀ ਉਨ੍ਹਾਂ ਨੂੰ ਅਦਾਲਤ ਨੇ ਪਹਿਲਾਂ 22 ਫਰਵਰੀ ਲਈ ਨਿੱਜੀ ਤੌਰ 'ਤੇ ਤਲਬ ਕੀਤਾ ਸੀ।

# ਵੀ.ਆਈ.ਪੀਜ਼ ਦੀ ਸੁਰੱਖਿਆ 'ਤੇ 15.69 ਕਰੋੜ ਖਰਚਾ

**ਚੰਡੀਗੜ੍ਹ:** ਪੰਜਾਬ ਸਰਕਾਰ ਹਰ ਮਹੀਨੇ ਵੀਆਈਪੀਜ਼ ਦੀ ਸੁਰੱਖਿਆ ਉਤੇ 15.69 ਕਰੋੜ ਰੁਪਏ ਖਰਚ ਕਰਦੀ ਹੈ। ਇਨ੍ਹਾਂ ਵੀਆਈਪੀਜ਼ ਵਿਚੋਂ 65 ਉਤੇ ਫੌਜਦਾਰੀ ਮੁਕੱਦਮੇ ਚੱਲ ਰਹੇ ਹਨ।



ਇਹ ਜਾਣਕਾਰੀ ਜਸਟਿਸ ਜੀ.ਐਸ. ਸਿੰਘਵੀ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਡਿਵੀਜ਼ਨ ਬੈਂਚ ਨੂੰ ਅਦਾਲਤੀ ਵਕੀਲ ਹਰੀਸ਼ ਸਾਲਵੇ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਨੇ 1294 ਜਨ ਆਗੂਆਂ ਤੇ ਹੋਰਾਂ ਵਿਅਕਤੀਆਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਹੋਈ ਹੈ। ਇਨ੍ਹਾਂ ਵਿਚ 65 ਖਿਲਾਫ ਫੌਜਦਾਰੀ ਕੇਸ ਚੱਲ ਰਹੇ ਹਨ। ਅਜਿਹੇ ਵਿਅਕਤੀਆਂ ਵਿਚ ਛੇ ਵਿਧਾਇਕ ਸ਼ਾਮਲ ਹਨ। 36 ਧਾਰਮਿਕ ਆਗੂਆਂ ਤੇ 19 ਮੀਡੀਆ ਹਸਤੀਆਂ ਨੂੰ ਵੀ ਸੁਰੱਖਿਆ ਮਿਲੀ ਹੋਈ ਹੈ।

# ਆਈ.ਏ.ਐਸ. ਅਫਸਰ ਦੀ 21 ਸਾਲਾਂ 'ਚ 40 ਵਾਰ ਬਦਲੀ

**ਚੰਡੀਗੜ੍ਹ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਤੇ ਰੀਅਲ ਅਸਟੇਟ ਦੀ ਵੱਡੀ ਕੰਪਨੀ ਡੀਐਲਐਫ ਵਿਚਾਲੇ ਜ਼ਮੀਨ ਦੇ ਲੈਣ-ਦੇਣ ਨੂੰ ਬੇਨਿਯਮੀਆਂ ਕਾਰਨ ਰੱਦ ਕਰਨ ਕਰਕੇ ਸੁਰਖੀਆਂ ਵਿਚ ਚਮਕੇ ਆਈ.ਏ.ਐਸ. ਅਧਿਕਾਰੀ ਅਸ਼ੋਕ ਖੇਮਕਾ ਨੂੰ ਹਰਿਆਣਾ ਸਰਕਾਰ ਨੇ ਇਕ ਵਾਰ ਮੁੜ ਬਦਲ ਦਿੱਤਾ ਹੈ। ਉਨ੍ਹਾਂ ਨੂੰ ਹਰਿਆਣਾ ਬੀਜ ਵਿਕਾਸ ਨਿਗਮ ਦੇ ਪ੍ਰਬੰਧਕੀ ਡਾਇਰੈਕਟਰ ਦੇ ਅਹੁਦੇ ਤੋਂ ਬਦਲ ਕੇ ਘੱਟ ਅਹਿਮੀਅਤ ਵਾਲੇ ਪੁਰਾਤੱਤਵ ਵਿਭਾਗ ਦਾ ਸਕੱਤਰ ਲਾ ਦਿੱਤਾ ਹੈ।

ਇਸ ਸੰਤਾਲੀ ਸਾਲਾ ਅਫਸਰ ਨੂੰ 21 ਸਾਲ ਦੀ ਸਰਵਿਸ ਵਿਚ ਚਾਲੀ ਵਾਰ ਬਦਲਿਆ ਜਾ ਚੁੱਕਾ ਹੈ। ਖੇਮਕਾ ਹਰ ਥਾਂ ਗਲਤ ਕੰਮ ਖਿਲਾਫ ਡਟ ਜਾਂਦਾ ਹੈ ਜਿਸ ਕਾਰਨ ਉਸ ਨੂੰ ਬਦਲ ਦਿੱਤਾ ਜਾਂਦਾ ਹੈ ਪਰ ਉਹ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਰਦਾ। ਖੇਮਕਾ ਨੇ ਹਰਿਆਣਾ ਬੀਜ ਵਿਕਾਸ ਨਿਗਮ ਪ੍ਰਬੰਧਕੀ ਡਾਇਰੈਕਟਰ ਦੇ ਅਹੁਦੇ 'ਤੇ ਹੁੰਦੇ ਹੋਏ ਇਕ ਵਿਦੇਸ਼ੀ ਕੰਪਨੀ ਕੋਲੋਂ ਕਣਕ ਦੇ ਬੀਜਾਂ ਨੂੰ ਉਲੀ, ਕੁੰਗੀ ਦੀ ਬੀਮਾਰੀ ਤੋਂ ਬਚਾਉਣ ਲਈ ਦਰਾਮਦ ਕੀਤੀ ਦਵਾਈ ਦੀ ਸਮਰੱਥਾ 'ਤੇ ਸੁਆਲੀਆ ਨਿਸ਼ਾਨ ਲਾਏ ਸਨ।

ਉਨ੍ਹਾਂ ਨੇ ਇਸ ਦੀ ਦਵਾਈ ਪਰਖ ਕਰਨੀ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਇਹ ਦਵਾਈ ਸੈਂਟਰਲ ਇਨਸੈਕਟੀਸਾਈਡ ਬੋਰਡ ਐਂਡ ਰਜਿਸਟਰੇਸ਼ਨ ਕਮੇਟੀ ਕੋਲ ਰਜਿਸਟਰਡ ਨਹੀਂ ਕਰਵਾਈ ਗਈ। ਇਹ ਦਵਾਈ ਸਾਲ 2010 ਤੋਂ ਖਰੀਦੀ ਜਾ ਰਹੀ ਸੀ ਤੇ ਉਨ੍ਹਾਂ ਨੇ ਇਹ ਦਵਾਈ ਮੰਗਵਾਉਣ ਦੀ ਪ੍ਰੀਕਿਰਿਆ ਰੋਕ ਦਿੱਤੀ। ਇਸ ਕਾਰਨ ਹਰਿਆਣਾ ਦੇ ਖੇਤੀਬਾੜੀ ਵਿਭਾਗ ਵਿਚ ਵੱਡੇ ਪੱਧਰ 'ਤੇ ਹਲਚਲ ਮੱਚ ਗਈ ਸੀ। ਇਸ ਮੁੱਦੇ ਨੂੰ ਲੈ ਕੇ ਖੇਮਕਾ ਦੀ ਆਪਣੇ ਬੌਸ ਨਾਲ ਖੜਕ ਗਈ ਸੀ ਤੇ ਉਨ੍ਹਾਂ ਨੇ ਇਸ ਸਿਲਸਿਲੇ ਵਿਚ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਦੋ ਪੱਤਰ ਵੀ ਲਿਖੇ ਸਨ।



ਪ੍ਰਾਪਤ ਜਾਣਕਾਰੀ ਅਨੁਸਾਰ ਉਨ੍ਹਾਂ ਨੇ ਖੇਤੀਬਾੜੀ ਵਿਭਾਗ ਦੇ ਪ੍ਰਮੁੱਖ ਸਕੱਤਰ ਆਪਣੇ ਬੌਸ ਰੋਸ਼ਨ ਲਾਲ ਨੂੰ ਇਕ ਹੋਰ ਪੱਤਰ ਲਿਖਿਆ ਹੈ ਜਿਸ ਵਿਚ ਉਨ੍ਹਾਂ ਕਿਹਾ ਕਿ ਵਿਦੇਸ਼ੀ ਕੰਪਨੀ ਨੇ ਝੂਠੇ ਦਾਅਵੇ ਕਰਕੇ ਦਵਾਈ ਦਿੱਤੀ ਹੈ ਤੇ ਇਸ ਨੂੰ ਦੇਣ ਤੋਂ ਪਹਿਲਾਂ ਇਸ ਦੀ ਰਜਿਸਟਰੇਸ਼ਨ ਵੀ ਨਹੀਂ ਕਰਵਾਈ ਤੇ ਭਾਰਤ ਵਿਚਲੇ ਮੁਖੀ ਤੇ ਕੰਪਨੀ ਦੇ ਹੋਰ ਸੀਨੀਅਰ ਅਧਿਕਾਰੀ ਖ਼ਿਲਾਫ਼ ਸੈਕਸ਼ਨ-29 ਦੇ ਤਹਿਤ ਕੇਸ ਦਰਜ ਕਰਵਾਇਆ ਜਾਵੇ। ਸੀ.ਬੀ.ਆਈ. ਕਿਸੇ ਸੂਬਾ ਸਰਕਾਰ ਦੇ ਮਾਮਲੇ ਦੀ ਤਾਂ ਹੀ ਜਾਂਚ ਕਰ ਸਕਦੀ ਹੈ ਜੇਕਰ ਰਾਜ ਸਰਕਾਰ ਸਿਫਾਰਸ਼ ਕਰੇ ਜਾਂ ਹਾਈ ਕੋਰਟ ਹੁਕਮ ਦੇਵੇ। ਇਸ ਲਈ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਨਹੀਂ ਕਰ ਸਕੇਗੀ।

ਉਂਜ ਇਹ ਮਾਮਲਾ ਅਦਾਲਤ ਵਿਚ ਵੀ ਚਲਾ ਗਿਆ ਹੈ। ਹਰਿਆਣਾ ਸਰਕਾਰ ਨੇ ਇਸ ਤੋਂ ਪਹਿਲਾਂ ਖੇਮਕਾ ਨੂੰ ਚੱਕ ਹੱਦਬੰਦੀ ਦੇ ਡਾਇਰੈਕਟਰ ਜਨਰਲ ਤੇ ਜ਼ਮੀਨ ਰਿਕਾਰਡ ਕਮ ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ ਦੇ ਅਹੁਦੇ ਤੋਂ ਬਦਲ ਬੀਜ ਨਿਗਮ ਵਿਚ ਭੇਜ ਦਿੱਤਾ ਸੀ ਤਾਂ ਉਨ੍ਹਾਂ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਪੱਤਰ ਲਿਖਿਆ ਸੀ ਕਿ ਉਨ੍ਹਾਂ ਦੀ ਬਦਲੀ ਕਰਦੇ ਸਮੇਂ ਸਰਕਾਰ ਨੇ ਆਪਣੇ ਹੀ ਨਿਯਮਾਂ ਦੀ ਉਲੰਘਣਾ ਕੀਤੀ ਹੈ। ਨਿਯਮਾਂ ਅਨੁਸਾਰ ਕਿਸੇ ਆਈਏਐਸ ਅਧਿਕਾਰੀ ਨੂੰ ਦੋ ਸਾਲ ਤੋਂ ਪਹਿਲਾਂ ਨਹੀਂ ਬਦਲਿਆ ਜਾਵੇਗਾ ਪਰ ਉਨ੍ਹਾਂ ਨੂੰ ਬਦਲ ਦਿੱਤਾ ਗਿਆ।

# ਅਕਾਲੀ ਦਲ ਬਣਿਆ ਆਰ ਐਸ ਐਸ ਦਾ ਹੱਥ ਠੋਕਾ: ਜਥੇਦਾਰ ਭਾਈ ਰਣਜੀਤ

**ਕਲਾਨੌਰ:** ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਹੈ ਕਿ ਅਜੋਕੇ ਸਮੇਂ ਵਿਚ ਸਿੱਖ ਪੰਥ ਵਿਚ ਆ ਰਹੀ ਗਿਰਾਵਟ ਦਾ ਮੁੱਖ ਕਾਰਨ ਸ਼੍ਰੋਮਣੀ ਅਕਾਲੀ ਦਲ ਤੇ ਐਸ ਜੀ ਪੀ ਸੀ ਦਾ ਆਰ ਐਸ ਐਸ ਦਾ ਹੱਥ ਠੋਕਾ ਬਣਨਾ ਹੈ। ਭਾਈ ਰਣਜੀਤ ਸਿੰਘ ਨੇ ਪੰਜਾਬ ਵਿਚ ਫ਼ਿਲਮ 'ਸਾਡਾ ਹੱਕ' 'ਤੇ ਲਾਈ ਰੋਕ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਆਪਣੇ ਆਪ ਕੋਈ ਵੀ ਫੈਸਲਾ ਨਹੀਂ ਲੈ ਸਕਦੇ ਤੇ ਇਨ੍ਹਾਂ ਨੂੰ ਜੋ ਆਰ ਐਸ ਐਸ ਕਹਿੰਦੀ ਹੈ, ਇਹ ਉਹੀ ਕਰੀ ਜਾ ਰਹੇ ਹਨ। ਇਸ ਕਾਰਨ ਸਿੱਖੀ ਦਾ ਘਾਣ ਹੋ ਰਿਹਾ ਹੈ।

ਭਾਈ ਰਣਜੀਤ ਸਿੰਘ ਨੇ ਕਿਹਾ ਕਿ ਪਹਿਲਾਂ ਅਕਾਲੀ ਦਲ ਵਿਚ ਸ਼ਾਮਲ ਹੋਣ ਲਈ ਕੋਈ ਪੈਮਾਨਾ ਹੁੰਦਾ ਸੀ ਪਰ ਅੱਜਕੱਲ੍ਹ ਅਕਾਲੀ ਬਣਨ ਲਈ ਰਿਸ਼ੇਤਦਾਰ, ਧੀ, ਪੁੱਤਰ ਜਾਂ ਅਕਾਲੀ ਦਲ ਵਿਚ ਸ਼ਾਮਲ ਹੋਣ ਵਾਲੇ ਪ੍ਰਤੀ ਕੋਈ ਹੋਰ ਨਿੱਜੀ ਮੁਫ਼ਾਦ ਹੋਣਾ ਜ਼ਰੂਰੀ ਹੈ। ਸੂਬੇ ਵਿਚ ਸੱਤਾ ਦੀ ਭੁੱਖ ਵਿਚ ਸਿੱਖ ਸਿਧਾਤਾਂ ਨੂੰ ਛਿੱਕੇ ਟੰਗ ਕੇ ਸਮਾਜ ਵਿਚ ਵਿਚਰਿਆ ਜਾ ਰਿਹਾ ਹੈ ਜੋ ਫਿਕਰ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸ. ਬਾਦਲ ਵੱਲੋਂ ਧਾਰਮਿਕ ਮਸਲਿਆਂ ਵਿਚ ਵੀ ਬੇਤੁਕੀ ਦਖ਼ਲਅੰਦਾਜ਼ੀ ਕਰਕੇ ਧਰਮ ਨੂੰ ਵੱਡੀ ਢਾਹ ਲਾਈ ਜਾ ਰਹੀ ਹੈ।

ਉਨ੍ਹਾਂ ਐਲਾਨ ਕੀਤਾ ਕਿ ਪੰਥ ਨਾਲ ਧਰੋਹ ਕਰਨ ਵਾਲਿਆਂ ਨੂੰ ਸਮਾਂ ਆਉਣ 'ਤੇ ਸਿੱਖ ਕੌਮ ਨੂੰ ਹਿਸਾਬ ਦੇਣਾ ਪਵੇਗਾ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸੂਬਾ ਕਰਜ਼ਾਈ ਹੁੰਦਾ ਜਾ ਰਿਹਾ ਹੈ, ਗਰੀਬ ਜਨਤਾ 'ਤੇ ਵਾਧੂ ਟੈਕਸਾਂ ਦਾ ਬੋਝ ਪਾਇਆ ਜਾ ਰਿਹਾ ਹੈ। ਸੂਬੇ ਦੇ ਸਰਕਾਰੀ ਕਰਮਚਾਰੀਆਂ ਨੂੰ ਤਨਖਾਹ ਦੇਣ ਦੇ ਪੈਸੇ ਨਹੀਂ ਹਨ ਤੇ ਇਹ ਸਰਕਾਰ ਆਪਣਾ ਵਿਕਾਸ ਕਰਨ ਦੇ ਰਾਹ ਤੁਰੀ ਹੋਈ ਹੈ। ਉਨ੍ਹਾਂ ਨੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ਮੀਰ ਦੀ ਆਵਾਜ਼ ਪਛਾਣਨ ਤਾਂ ਜੋ ਪੰਥ ਦੀ ਵਿਗੜਦੀ ਦਸ਼ਾ ਨੂੰ ਸੁਧਾਰਿਆ ਜਾ ਸਕੇ।

# ਚੁਰਾਸੀ ਕਤਲੇਆਮ ਕੇਸ ਵਿਚ ਚਾਰ ਦੋਸ਼ੀਆਂ ਦੀ ਉਮਰ ਕੈਦ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਦਿੱਲੀ ਛਾਉਣੀ ਖੇਤਰ ਵਿਚ ਦੋ ਸਿੱਖਾਂ ਦੀ ਹੱਤਿਆ ਕਰਨ ਦੇ ਦੋਸ਼ੀਆਂ ਲਾਲ ਬਹਾਦਰ ਤੇ ਤਿੰਨ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖੀ ਹੈ।

ਸੈਸ਼ਨ ਅਦਾਲਤ ਨੇ ਸਬੂਤਾਂ ਦੀ ਘਾਟ ਦੇ ਆਧਾਰ 'ਤੇ ਇਨ੍ਹਾਂ ਨੂੰ 31 ਅਕਤੂਬਰ, 1990 ਨੂੰ ਬਰੀ ਕਰ ਦਿੱਤਾ ਸੀ ਪਰ ਦਿੱਲੀ ਹਾਈ ਕੋਰਟ ਨੇ ਸੈਸ਼ਨ ਅਦਾਲਤ ਦਾ ਫੈਸਲਾ ਰੱਦ ਕਰਦਿਆਂ ਇਨ੍ਹਾਂ ਨੂੰ 27 ਅਗਸਤ, 2008 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਜਸਟਿਸ ਪੀ. ਸਤਸ਼ਿਵਮ ਤੇ ਐਮ.ਵਾਈ. ਇਕਬਾਲ 'ਤੇ ਆਧਾਰਤ ਸੁਪਰੀਮ ਕੋਰਟ ਦੇ ਬੈਂਚ ਨੇ ਹਾਈ ਕੋਰਟ ਦੇ ਫੈਸਲੇ ਉਪਰ ਮੋਹਰ ਲਾ ਦਿੱਤੀ।

ਚੌਹਾਂ ਦੋਸ਼ੀਆਂ ਖਿਲਾਫ ਹਰਜੀਤ ਕੌਰ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਸੀ। ਸ਼ਿਕਾਇਤ ਵਿਚ ਹਰਜੀਤ ਕੌਰ ਨੇ ਕਿਹਾ ਸੀ ਕਿ ਉਸ ਦੇ ਪਤੀ ਤੇ ਸਹੁਰੇ ਨੂੰ ਉਸ ਦੀਆਂ ਅੱਖਾਂ ਸਾਹਮਣੇ ਚਾਰੋਂ ਦੋਸ਼ੀਆਂ ਨੇ ਜ਼ਿੰਦਾ ਜਲਾ ਦਿੱਤਾ ਸੀ।

ਹਾਈ ਕੋਰਟ ਨੇ ਸੈਸ਼ਨ ਕੋਰਟ ਦਾ ਫੈਸਲਾ ਉਲਟਾਉਂਦਿਆਂ ਇਹ ਫੈਸਲਾ ਦਿੱਤਾ ਸੀ ਕਿ ਅਜਿਹੇ ਘਿਨਾਉਣੇ ਕੇਸਾਂ ਵਿਚ ਸ਼ਿਕਾਇਤ ਦਰਜ ਕਰਵਾਉਣ ਵਿਚ ਦੇਰੀ ਜਾਂ ਗਵਾਹੀਆਂ ਦਰਜ ਕਰਵਾਉਣ ਵਿਚ ਢਿੱਲ-ਮੱਠ ਜਾਂ ਜੱਕੋ-ਤੱਕੀ ਦਾ ਲਾਭ ਮੁਲਜ਼ਮਾਂ ਨੂੰ ਨਹੀਂ ਮਿਲਣਾ ਚਾਹ ਸੁਪਰੀਮ ਕੋਰਟ ਨੇ ਸਿਰਫ ਆਪਣੇ ਫੈਸਲੇ ਦਾ ਮੁੱਖ ਅੰਸ਼ ਹੀ ਪੜ੍ਹਿਆ।

# ਕੇਂਦਰੀ ਏਜੰਸੀ ਵੱਲੋਂ ਕੈਪਟਨ ਵਿਰੁਧ ਕੇਸ ਦੀ ਰਿਪੋਰਟ ਤਲਬ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁਧ ਵਿਜੀਲੈਂਸ ਬਿਊਰੋ ਵੱਲੋਂ ਦਰਜ ਭ੍ਰਿਸ਼ਟਾਚਾਰ ਤੇ ਧੋਖਾਧੜੀ ਦੇ ਮਾਮਲੇ ਵਿਚ ਕੇਂਦਰੀ ਏਜੰਸੀ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਦਿਖਾਈ ਦਿਲਚਸਪੀ ਤੋਂ ਬਾਅਦ ਕੇਸ ਨੂੰ ਨਵਾਂ ਮੋੜ ਆਉਣ ਦਾ ਖ਼ਦਸ਼ਾ ਹੈ। ਈ.ਡੀ. ਨੇ ਵਿਜੀਲੈਂਸ ਬਿਊਰੋ ਨੂੰ ਲਿਖੇ ਪੱਤਰ ਰਾਹੀਂ ਸਾਬਕਾ ਮੁੱਖ ਮੰਤਰੀ ਤੇ ਹੋਰਾਂ ਵਿਰੁਧ ਦਰਜ ਕੇਸ ਦੀ ਐਫਆਈਆਰ ਦੀ ਕਾਪੀ ਤੇ ਚਲਾਨ ਦੀ ਕਾਪੀ ਮੁਹੱਈਆ ਕਰਾਏ ਜਾਣ ਦੀ ਮੰਗ ਕੀਤੀ ਹੈ।

ਸੂਤਰਾਂ ਦਾ ਕਹਿਣਾ ਹੈ ਕਿ ਤਫ਼ਤੀਸ਼ ਨਾਲ ਸਬੰਧਤ ਇਨ੍ਹਾਂ ਦੋਲਾਂ ਮਹੱਤਵਪੂਰਨ ਦਸਤਾਵੇਜ਼ਾਂ ਦੇ ਆਧਾਰ 'ਤੇ ਈ.ਡੀ. ਨੇ ਕਾਂਗਰਸ ਦੇ ਇਸ ਸੀਨੀਅਰ ਆਗੂ ਸਮੇਤ ਹੋਰਾਂ ਖਿਲਾਫ਼ ਹਵਾਲਾ ਕਾਰੋਬਾਰ ਦੀ ਪੜਤਾਲ ਕਰਨ ਦਾ ਫੈਸਲਾ ਕੀਤਾ ਹੈ। ਈ.ਡੀ. ਦੇ ਅਧਿਕਾਰੀਆਂ ਨੇ ਬਿਊਰੋ ਦੇ ਲੁਧਿਆਣਾ ਸਥਿਤ ਵਿਜੀਲੈਂਸ ਅਫਸਰਾਂ ਤੋਂ ਇਹ ਦਸਤਾਵੇਜ਼ ਮੰਗੇ ਹਨ ਪਰ ਈ.ਡੀ. ਨੂੰ ਇਹ ਦਸਤਾਵੇਜ਼ ਅਜੇ ਤੱਕ ਹਾਸਲ ਨਹੀਂ ਹੋਏ। ਵਿਜੀਲੈਂਸ ਦੇ ਲੁਧਿਆਣਾ ਸਥਿਤ ਅਫਸਰਾਂ ਦਾ ਕਹਿਣਾ ਹੈ ਕਿ ਈ.ਡੀ. ਦਾ ਪੱਤਰ ਮਿਲਿਆਂ ਅਜੇ ਜ਼ਿਆਦਾ ਦਿਨ ਨਹੀਂ ਹੋਏ। ਇਸ ਲਈ ਪੱਤਰ 'ਤੇ ਅਗਲੀ ਕਾਰਵਾਈ ਸੀਨੀਅਰ ਅਧਿਕਾਰੀਆਂ ਨੇ ਹੀ ਕਰਨੀ ਹੈ। ਦੂਜੇ ਪਾਸੇ ਬਿਊਰੋ ਦੇ ਮੁਖੀ ਸੁਰੇਸ਼ ਅਰੋੜਾ ਨੇ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਹੈ।

ਸਿਟੀ ਸੈਂਟਰ ਘੁਟਾਲੇ ਸਬੰਧੀ ਵਿਜੀਲੈਂਸ ਬਿਊਰੋ ਨੇ ਮਾਰਚ 2007 ਵਿਚ ਸੂਬੇ 'ਚ ਅਕਾਲੀ ਭਾਜਪਾ ਗੱਠਜੋੜ ਦੀ ਸਰਕਾਰ ਆਉਣ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ, ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ, ਟੂਡੇ ਹੋਮਜ਼ ਦੇ ਮਾਲਕਾਂ ਤੇ ਹੋਰਾਂ ਵਿਰੁਧ ਧੋਖਾਧੜੀ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਸੀ। ਵਿਜੀਲੈਂਸ ਵੱਲੋਂ ਦਰਜ ਕੀਤਾ ਗਿਆ ਇਹ ਕੇਸ ਇਸ ਸਮੇਂ ਲੁਧਿਆਣਾ ਦੀ ਅਦਾਲਤ ਵਿਚ ਚੱਲ ਰਿਹਾ ਹੈ। ਸਿਟੀ ਸੈਂਟਰ ਦਾ ਪ੍ਰੋਜੈਕਟ ਮਈ 2005 ਵਿਚ ਸ਼ੁਰੂ ਹੋਇਆ ਸੀ। ਉਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਇਸ ਮਾਮਲੇ ਵਿਚ ਬਹੁਕਰੋੜੀ ਘਪਲਾ ਹੋਣ ਦੇ ਦੋਸ਼ ਲਾਏ ਤਾਂ ਤਤਕਾਲੀਨ ਕੈਪਟਨ ਸਰਕਾਰ ਬੁਰੀ ਤਰ੍ਹਾਂ ਘਿਰ ਗਈ ਸੀ। ਇਸ ਮਗਰੋਂ ਸਰਕਾਰ ਨੇ ਲੁਧਿਆਣਾ ਦੇ ਨਗਰ ਸੁਧਾਰ ਟਰੱਸਟ ਨੂੰ ਭੰਗ ਵੀ ਕਰ ਦਿੱਤਾ ਸੀ।

# ਲੋਹ ਮਹਿਲਾ ਮਾਰਗਰੇਟ ਥੈਚਰ ਦਾ ਦੇਹਾਂਤ

**ਲੰਡਨ:** ਬਰਤਾਨੀਆ ਦੀ ਪਹਿਲੀ ਤੇ ਇਕੋ ਇਕ ਮਹਿਲਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦਾ ਦੇਹਾਂਤ ਹੋ ਗਿਆ। ਉਹ 87 ਵਰ੍ਹਿਆਂ ਦੇ ਸਨ। ਉਨ੍ਹਾਂ ਨੇ ਵਿਸ਼ਵ ਸਿਆਸਤ ਵਿਚ ਆਪਣੀ ਡੂੰਘੀ ਛਾਪ ਛੱਡੀ ਹੈ।

ਸ੍ਰੀਮਤੀ ਮਾਰਗਰੇਟ ਥੈਚਰ ਸਪੱਸ਼ਟ ਗੱਲ ਕਹਿਣ ਅਤੇ ਸਖ਼ਤ ਸਟੈਂਡ ਲੈਣ ਕਾਰਨ ਵੀਹਵੀਂ ਸਦੀ ਦੀਆਂ ਸਭ ਤੋਂ ਵੱਧ ਪ੍ਰਭਾਵ ਵਾਲੀਆਂ ਸ਼ਖ਼ਸੀਅਤਾਂ ਵਿਚੋਂ ਸਨ। ਉਨ੍ਹਾਂ ਨੇ ਖੁੱਲ੍ਹੀ ਮੰਡੀ ਆਰਥਿਕਤਾ ਨੂੰ ਮੁੜ ਪ੍ਰਭਾਵਸ਼ਾਲੀ ਢੰਗ ਨਾਲ ਉਭਾਰਿਆ। ਉਨ੍ਹਾਂ ਬਰਤਾਨਵੀ ਪ੍ਰਧਾਨ ਮੰਤਰੀ ਵਜੋਂ ਸਭ ਤੋਂ ਲੰਬਾ ਸਮਾਂ (1979-1990) ਕਾਰਜਕਾਲ ਨਿਭਾਇਆ।


ਲੋੜ ਹੈ

ਜੇਨਜ਼ਵਿਲ, ਵਿਸਕਾਨਸਿਨ ਵਿਚ ਇਕ ਭਾਰਤੀ ਰੈਸਟੋਰੈਂਟ ਨੂੰ ਕਰੀ ਸ਼ੈਫ, ਤੰਦੂਰੀਏ ਕੁੱਕ, ਕਿਚਨ ਹੈਲਪਰ ਅਤੇ ਵੇਟਰਾਂ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਹੋਰ ਸਹੂਲਤਾਂ*

**HELP WANTED**

*in Indian Restaurant in Janesville, WI.*

Curry Chef, Tandoori Cook, Kitchen Helper and Waiters.

*ਸੰਪਰਕ ਕਰੋ*

608-312-1336 ਜਾਂ 608-299-0958



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*National Truck Driving School*

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi

Office: (866) 933-3038

Balhar S. Ranu Cell:916-502-7733

Yuba City Ph:530-419-5058

1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

ਸਸਤੀਆਂ ਦਰਾਂ-ਇਕ ਵਾਰ ਦਾ ਕਮਿਸ਼ਨ-ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No minimums

Call Paul at 1-800-705-3863

Transportation Funding Group, Inc.

Minneapolis , MN 55426

ਪੰਜਾਬ ਟਾਈਮਜ਼

ਸਨਿਚਰਵਾਰ, 13 ਅਪਰੈਲ 2013

## ਵਿਸਾਖੀ ਦੀ ਸਾਖੀ

ਵਿਸਾਖੀ ਪੰਜਾਬ ਲਈ ਸਦਾ ਵਿਸ਼ੇਸ਼ ਰਹੀ ਹੈ। ਇਸ ਦਾ ਸਿੱਧਾ ਸਬੰਧ ਫਸਲ ਦੀ ਆਮਦ ਨਾਲ ਜੁੜਿਆ ਹੋਇਆ ਹੈ। ਹੱਥੀਂ ਕਿਰਤ ਦੀ ਇਸ ਤੋਂ ਵੱਡੀ ਕੋਈ ਹੋਰ ਮਿਸਾਲ ਲੱਭਣੀ ਔਖੇਰੀ ਹੈ। ਇਹ ਗੱਲ ਵੱਖਰੀ ਹੈ ਕਿ ਵਕਤ ਦੇ ਬੀਤਣ ਨਾਲ ਸਾਰੇ ਖੇਤਰਾਂ ਵਿਚ ਹੋਈ ਚੰਗੀ-ਚੋਖੀ ਤਬਦੀਲੀ ਦੇ ਨਾਲ-ਨਾਲ ਇਸ ਪਾਸੇ ਵੀ ਵਾਹਵਾ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਕੁਝ ਰੀਤਾਂ-ਰਸਮਾਂ ਤਾਂ ਮੁੱਢੋਂ-ਸੁੱਢੋਂ ਹੀ ਬਦਲ ਗਈਆਂ ਹਨ, ਪਰ ਵਿਸਾਖੀ ਦਾ ਜਲੌਅ ਅੱਜ ਵੀ ਬਰਕਰਾਰ ਹੈ। ਇਹ ਅਸਲ ਵਿਚ ਮਨੁੱਖ ਦੀ ਜ਼ਿੰਦਗੀ ਦੇ ਜਸ਼ਨਾਂ ਨਾਲ ਜੁੜੀਆਂ ਉਹ ਤੰਦਾਂ ਹਨ ਜਿਹੜੀਆਂ ਬਹੁਤ ਦੂਰ-ਦੂਰ ਤੱਕ ਤਣੀਆਂ ਹੋਈਆਂ ਹਨ। ਇਨ੍ਹਾਂ ਤੰਦਾਂ ਦੀ ਇਕ ਲਿਸ਼ਕੋਰ 1699 ਦੀ ਵਿਸਾਖੀ ਨਾਲ ਜੁੜੀ ਹੋਈ ਹੈ ਜਦੋਂ ਦਸਮ ਪਾਤਿਸ਼ਾਹ ਗੋਬਿੰਦ ਸਿੰਘ ਨੇ ਅਨੰਦਪੁਰ ਸਾਹਿਬ ਦੀ ਧਰਤੀ ਉਤੇ ਖਾਲਸਾ ਪੰਥ ਸਾਜਿਆ। ਇਸ ਘਟਨਾ ਨੇ ਆਉਣ ਵਾਲੇ ਇਤਿਹਾਸ ਦਾ ਮੁਹਾਣ ਹੀ ਮੋੜ ਕੇ ਰੱਖ ਦਿੱਤਾ। ਇਸ ਤੋਂ ਬਾਅਦ ਤਾਂ ਜੰਗ ਅਤੇ ਜ਼ਿੰਦਗੀ ਬੰਦੇ ਦੇ ਨਾਲ ਖਹਿ-ਖਹਿ ਕੇ ਚੱਲੀਆਂ। ਜੰਗ ਅਤੇ ਜ਼ਿੰਦਗੀ ਦੀਆਂ ਇਹ ਮਜ਼ਬੂਤ ਤੰਦਾਂ ਹੀ 18ਵੀਂ ਸਦੀ ਦੇ ਵਰਕਿਆਂ ਉਤੇ ਸੂਹੇ ਸ਼ਬਦ ਬਣ ਕੇ ਉਕਰੀਆਂ ਗਈਆਂ। ਅਜਿਹੇ ਹੀ ਸੂਹੇ ਸ਼ਬਦਾਂ ਦੀ ਇਕ ਧੂਣੀ 1919 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਚ ਬਲੀ ਸੀ ਜਦੋਂ ਜੱਲਿਆਂਵਾਲੇ ਬਾਗ ਵਿਚ ਇਕੱਠੇ ਹੋਏ ਨਿਹੱਥੇ ਵਤਨ ਪ੍ਰੇਮੀਆਂ ਉਤੇ ਅੰਗਰੇਜ਼ ਸ਼ਾਸਕਾਂ ਨੇ ਗੋਲੀ ਚਲਾ ਦਿੱਤੀ ਸੀ। ਇਸ ਖੂਨੀ ਕਾਂਡ ਤੋਂ ਬਾਅਦ ਦਾ ਇਤਿਹਾਸ ਜੇ ਫਰੋਲੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਧਰਤੀ ਉਤੇ ਸਿਆਸੀ, ਧਾਰਮਿਕ, ਸਮਾਜਕ, ਸਭਿਆਚਾਰਕ ਅਤੇ ਕਲਾ ਦੇ ਖੇਤਰ ਵਿਚ ਕਿੰਨੀਆਂ ਵੱਡੀਆਂ ਤਬਦੀਲੀਆਂ ਲਈ ਰਾਹ ਮੋਕਲਾ ਹੋਇਆ। ਇਸ ਖੂਨੀ ਕਾਂਡ ਤੋਂ ਪੈਦਾ ਹੋਏ ਦਰਦ ਨੂੰ ਕਈ ਵਰ੍ਹਿਆਂ ਬਾਅਦ ਭਗਤ ਸਿੰਘ ਅਤੇ ਊਧਮ ਸਿੰਘ ਵਰਗੇ ਨੌਜਵਾਨਾਂ ਨੇ ਇੰਨੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਅੰਗਰੇਜ਼ ਸ਼ਾਸਕਾਂ ਨੂੰ ਲੈਣੇ ਦੇ ਦੇਣੇ ਪੈ ਗਏ ਅਤੇ 20ਵੀਂ ਸਦੀ ਦਾ ਤੀਜਾ ਦਹਾਕਾ ਉਸ ਅੰਗਰੇਜ਼ ਹਕੂਮਤ ਦੇ ਕਫਨ ਲਈ ਕਿੱਲ ਸਾਬਤ ਹੋਇਆ ਜਿਸ ਦੇ ਰਾਜ ਵਿਚ ਕਦੀ ਸੂਰਜ ਨਹੀਂ ਸੀ ਛਿਪਦਾ। ਇਤਿਹਾਸ ਦੇ ਇਹ ਸੁਨਹਿਰੀ ਪੰਨੇ ਹਰ ਕਾਲ ਵਿਚ ਜੁਝਾਰੂਆਂ ਲਈ ਪ੍ਰੇਰਨਾ ਦਾ ਸਰੋਤ ਬਣਦੇ ਰਹੇ ਹਨ ਅਤੇ ਇਤਿਹਾਸ ਦਾ ਇਹ ਦੌਰ ਇਨ੍ਹਾਂ ਜੁਝਾਰੂਆਂ ਦੇ ਐਨ ਨਾਲੋ-ਨਾਲ ਮੜਕ ਨਾਲ ਤੁਰਦਾ ਰਿਹਾ ਹੈ।

ਇਸ ਲਿਹਾਜ਼ ਨਾਲ ਵਾਚੀਏ ਤਾਂ 2013 ਦੀ ਵਿਸਾਖੀ ਵੀ ਵਿਸ਼ੇਸ਼ ਬਣ ਗਈ ਜਾਪਦੀ ਹੈ। ਕਈ ਅਜਿਹੀ ਘਟਨਾਵਾਂ ਉਪਰੋਥਲੀ ਹੋਈਆਂ ਹਨ ਜਿਨ੍ਹਾਂ ਨੇ ਸਭ ਦਾ ਧਿਆਨ ਖਿੱਚਿਆ। ਪਹਿਲੀ ਘਟਨਾ ਸਿੱਖਾਂ ਦੀ ਸ਼੍ਰੋਮਣੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹੈ। ਇਹ ਮਹਿਜ਼ ਇਤਫਾਕ ਹੀ ਹੈ ਕਿ ਜਥੇਬੰਦੀ ਦੇ ਕਰਤਾ-ਧਰਤਾ ਪੰਜਾਬ ਬਾਰੇ ਵਿਚਾਰਾਂ ਕਰਨ ਲਈ ਗੋਆ ਵਰਗੇ ਸੈਲਾਨੀ ਕੇਂਦਰ ਵਿਖੇ ਗਏ ਹਨ। ਕਿਸੇ ਵੀ ਸਿਆਸੀ ਜਮਾਤ ਨੂੰ ਇਹ ਹੱਕ ਹੈ ਕਿ ਉਹ ਅਜਿਹੇ ਸਮਾਗਮ ਲਈ ਜਿਹੜੀ ਥਾਂ ਦੀ ਮਰਜ਼ੀ ਚੋਣ ਕਰੇ। ਇਸ ਬਾਰੇ ਕਿਸੇ ਨੂੰ ਕੋਈ ਇਤਰਾਜ਼ ਵੀ ਨਹੀਂ ਹੋਣਾ ਚਾਹੀਦਾ। ਹੋਰ ਸਿਆਸੀ ਜਮਾਤਾਂ ਖੁਦ ਇੱਦਾਂ ਕਰਦੀਆਂ ਰਹੀਆਂ ਹਨ, ਪਰ ਹੁਣ ਮੁੱਦਾ ਤਾਂ ਉਨ੍ਹਾਂ ਹਾਲਾਤ ਦਾ ਹੈ ਜਿਨ੍ਹਾਂ ਨੂੰ ਦਰਕਿਨਾਰ ਕਰ ਕੇ ਅਕਾਲੀ ਦਲ ਵਾਲਿਆਂ ਨੇ ਗੋਆ ਵਿਚ ਜਾ ਡੇਰੇ ਲਾਏ। ਪੰਜਾਬ ਲਗਾਤਾਰ, ਨਿਰਵਿਘਨ ਚੱਲ ਰਹੇ ਹਥਿਆਰਾਂ ਅਤੇ ਬੁਰਛਾਗਰਦੀਆਂ ਨਾਲ ਲਹੂ-ਲੁਹਾਣ ਹੋਇਆ ਪਿਆ ਹੈ। ਬੱਚੀਆਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਠੱਲ੍ਹ ਨਹੀਂ ਪੈ ਰਹੀ। ਅੱਜ ਦਾ ਪੰਜਾਬ ਵਾਸੀ ਘਰ ਵਿਚ ਬੈਠਾ ਵੀ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਅਤੇ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਵਾਲੇ ਸਭ ਛੱਡ-ਛੁਡਾ ਕੇ ਗੋਆ ਜਾ ਕੇ ਬੈਠੇ। ਦੂਜੀ ਘਟਨਾ ਫਿਲਮ 'ਸਾਡਾ ਹੱਕ' ਨਾਲ ਸਬੰਧਤ ਹੈ। ਸੈਂਸਰ ਬੋਰਡ ਦੀ ਕੁੜਿੱਕੀ ਵਿਚੋਂ ਮਸਾਂ-ਮਸਾਂ ਨਿਕਲੀ ਇਸ ਫਿਲਮ ਉਤੇ ਪੰਜਾਬ ਸਰਕਾਰ ਨੇ ਪਾਬੰਦੀ ਲਾ ਦਿੱਤੀ ਹੈ। ਪੰਜਾਬ ਸਰਕਾਰ ਦੀ ਦੇਖਾ-ਦੇਖੀ ਕੁਝ ਗੁਆਂਢੀ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਇਹ ਫਿਲਮ ਦਿਖਾਉਣ ਤੋਂ ਰੋਕ ਦਿੱਤੀ ਹੈ। ਇਸ ਫਿਲਮ ਵਿਚ ਪੰਜਾਬ ਦੇ ਉਨ੍ਹਾਂ ਵਕਤਾਂ ਦਾ ਜ਼ਿਕਰ ਹੈ ਜਦੋਂ ਆਮ ਬੰਦਾ ਦਰਦ ਨਾਲ ਤੜਫ ਰਿਹਾ ਸੀ। ਕਿਸੇ ਪਾਸੇ ਸੁਣਵਾਈ ਵੀ ਕੋਈ ਨਹੀਂ ਸੀ। ਜੋ ਕੁਝ ਹੋ ਜਾਂਦਾ ਸੀ, ਉਹੀ ਸੱਚ ਜਾਪਦਾ ਸੀ। ਉਹ ਦੌਰ ਅਸਲ ਵਿਚ ਪੰਜਾਬੀ ਪਿਆਰਿਆਂ ਨਾਲ ਹੋਈਆਂ ਜ਼ਿਆਦਤੀਆਂ ਦਾ ਦੌਰ ਸੀ। ਉਸ ਦੌਰ ਬਾਰੇ ਗੱਲ ਕਰਨ ਵਿਚ ਫਿਰ ਹਰਜ ਕੀ ਹੈ? ਉਸ ਵਕਤ ਦੌਰਾਨ ਜੋ ਕੁਝ ਵੀ ਮਾੜਾ ਹੋਇਆ ਹੈ, ਉਸ ਦੀ ਬਾਕਾਇਦਾ ਨਿਸ਼ਾਨਦੇਹੀ ਹੋਣੀ ਚਾਹੀਦੀ ਹੈ। ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਜ਼ਿਆਦਤੀਆਂ ਦਾ ਖੁਲਾਸਾ ਕੋਈ ਸਿਆਸੀ ਧਿਰ ਹੀ ਕਰੇ, ਕਲਾਕਾਰ ਦਾ ਵੀ ਇਹ ਬਰਾਬਰ ਦਾ ਹੱਕ ਬਣਦਾ ਹੈ ਕਿ ਉਹ ਆਪਣੇ ਫਨ ਦਾ ਮੁਜ਼ਾਹਰਾ ਕਰਦਾ, ਦਰਦ ਦੀ ਦਾਸਤਾਨ ਸੁਣਾਵੇ। ਇਸ ਫਿਲਮ ਬਾਰੇ ਇਹ ਬਹਿਸ ਤਾਂ ਹੋ ਸਕਦੀ ਹੈ ਕਿ ਇਸ ਵਿਚ ਦਰਦ ਦੀ ਇਸ ਦਾਸਤਾਨ ਦੇ ਇਕ ਪੱਖ ਨੂੰ ਪਿਛਾਂਹ ਛੱਡ ਦਿੱਤਾ ਗਿਆ ਹੈ, ਪਰ ਇਹ ਨਿਰੀ ਜ਼ਿਆਦਤੀ ਹੈ ਕਿ ਇਉਂ ਰੋਕਾਂ ਲਾ ਦਿੱਤੀਆਂ ਜਾਣ। ਸਿਤਮਜ਼ਰੀਫੀ ਇਹ ਕਿ ਜਿਸ ਸਰਕਾਰ ਨੇ ਫਿਲਮ ਉਤੇ ਪਾਬੰਦੀ ਲਾਈ ਹੈ, ਉਸ ਦੀ ਸੇਵਾ ਵਿਚ ਸਦਾ ਹਾਜ਼ਰ-ਨਾਜ਼ਰ ਰਹਿੰਦੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਫਿਲਮ ਨੂੰ ਹਰੀ ਝੰਡੀ ਦੇ ਦਿੱਤੀ ਸੀ ਅਤੇ ਇਸ ਸੰਸਥਾ ਦੀ ਸਿਫਾਰਸ਼ ਤੋਂ ਬਾਅਦ ਹੀ ਸੈਂਸਰ ਬੋਰਡ ਨੇ ਕੁਝ ਕੁ ਤਬਦੀਲੀ ਨਾਲ ਇਹ ਫਿਲਮ ਰਿਲੀਜ਼ ਕਰਨ ਦੀ ਆਗਿਆ ਦਿੱਤੀ ਸੀ। ਇਸ ਤਰ੍ਹਾਂ ਦੇ ਘੜਮੱਸ ਵਿਚ ਹੁਣ ਪੰਜਾਬ ਲਈ ਸੰਜੀਦਾ ਲੋਕਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਉਸ ਕਾਲੇ ਦੌਰ ਦੇ ਹਰ ਪੱਖ ਬਾਰੇ ਗੱਲ ਤੋਰਨ ਲਈ ਅੱਗੇ ਆਉਣ ਅਤੇ ਉਨ੍ਹਾਂ ਜ਼ਿਆਦਤੀਆਂ ਦੀ ਨਿਸ਼ਾਨਦੇਹੀ ਕਰਨ। ਸੰਜੀਦਾ ਧਿਰਾਂ ਨੂੰ ਉਸ ਮਾੜੇ ਦੌਰ ਦੀ ਹਰ ਗਲਤੀ ਓਟਣੀ ਚਾਹੀਦੀ ਹੈ। ਇਸ ਤੋਂ ਬਿਨਾਂ ਹੁਣ ਸਰਨਾ ਨਹੀਂ ਅਤੇ ਨਾ ਹੀ ਆਪਣੇ ਸ਼ਾਨਾਂਮੱਤੇ ਇਤਿਹਾਸ ਤੋਂ ਕੋਈ ਸੇਧ ਲਈ ਜਾ ਸਕਦੀ ਹੈ। ਭਵਿੱਖ ਦਾ ਰਾਹ ਮੋਕਲਾ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸਾਡੇ ਹੱਕ 'ਤੇ ਡਾਕਾ!

ਜਦੋਂ ਚਾੜ੍ਹਦੇ ਹੁਕਮ ਬੇਕਿਰਕ ਹੋ ਕੇ, ਉਚਾ ਉਨ੍ਹਾਂ ਦਾ ਉਦੋਂ ਹੀ ਨੱਕ ਹੁੰਦੈ।
ਛਿੱਕੇ ਟੰਗ ਕੇ ਕੜੇ-ਕਾਨੂੰਨ ਸਾਰੇ, ਦਿੰਦੇ ਜੇਲ ਵਿਚ ਜਿਹਨੂੰ ਵੀ ਡੱਕ ਹੁੰਦੈ।
ਕਾਰੇ ਦੇਖ ਕੇ ਗੱਦੀ 'ਤੇ ਬੈਠਿਆਂ ਦੇ, ਰੰਗ ਪਰਜਾ ਦੇ ਚਿਹਰੇ ਦਾ ਫੱਕ ਹੁੰਦੈ।
ਉਮਰਾਂ ਲੰਮੀਆਂ ਮਾਣਦੇ 'ਖੂਨ ਪੀਣੇ', ਅੰਨ-ਜਲ ਉਨ੍ਹਾਂ ਦਾ ਔਖਾ ਈ ਚੱਕ ਹੁੰਦੈ!
ਵੱਟੇ ਚੁੱਪ ਕਿਉਂ ਲੋਕਾਂ ਦਾ ਕਵੀ ਹੋ ਕੇ? ਮੂੰਹ ਨੂੰ ਬੰਨ੍ਹ ਕੇ ਕਿੰਨਾ ਕੁ ਰੱਖ ਹੁੰਦੈ।
ਔਰੰਗਜ਼ੇਬ ਵਰਗੇ ਜਾਬਰ ਹਾਕਮਾਂ ਦਾ, ਡਾਕੇ ਮਾਰਨੇ ਹੱਕਾਂ 'ਤੇ ਹੱਕ ਹੁੰਦੈ!

# ਭਾਰਤੀ ਸਿਆਸੀ ਧਿਰਾਂ ਦਾ ਸੰਕਟ

## ਮੌਕਾਪ੍ਰਸਤੀ ਨੇ ਸੂਤ ਲਏ ਸਾਹ!

*ਸੱਤਾਧਾਰੀ ਕਾਂਗਰਸ ਦੀ ਅਗਵਾਈ ਵਾਲੇ ਯੂ.ਪੀ.ਏ.-2 ਦੇ ਪੁਰਾਣੇ ਸਹਿਯੋਗੀ ਤ੍ਰਿਣਮੂਲ ਕਾਂਗਰਸ, ਡੀ.ਐਮ.ਕੇ., ਬਸਪਾ ਅਤੇ ਸਮਾਜਵਾਦੀ ਪਾਰਟੀ ਆਦਿ ਪਹਿਲਾਂ ਹੀ ਆਪੋ-ਆਪਣੇ ਗੁਪਤ ਸਿਆਸੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਸ ਗੱਠਜੋੜ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਦੂਜੇ ਪਾਸੇ ਭਾਜਪਾ ਦੀ ਅਗਵਾਈ ਵਾਲਾ ਵਿਰੋਧੀ ਗੱਠਜੋੜ ਆਪਣੇ ਨਵੇਂ-ਪੁਰਾਣੇ ਸਹਿਯੋਗੀਆਂ ਦੀ ਭੀੜ ਇਕੱਠੀ ਕਰਨ ਵਿਚ ਜੁਟਿਆ ਹੋਇਆ ਹੈ। ਕਾਂਗਰਸ ਤਾਂ ਨਹਿਰੂ ਪਰਿਵਾਰ ਦੀ ਵਿਰਾਸਤ ਹੋਣ ਕਾਰਨ ਇਸ ਦੀ ਲੀਡਰਸ਼ਿਪ ਸੋਨੀਆ ਅਤੇ ਰਾਹੁਲ ਗਾਂਧੀ ਦੀ ਛਤਰ ਛਾਇਆ ਤੋਂ ਬਾਹਰ ਆਉਣ ਦਾ ਸੁਪਨਾ ਵੀ ਨਹੀਂ ਲੈ ਸਕਦੀ, ਭਾਜਪਾ ਵੀ ਇਨ੍ਹਾਂ ਚੋਣਾਂ ਵਿਚ ਅਗਲੇ ਪ੍ਰਧਾਨ ਮੰਤਰੀ ਨੂੰ ਲੈ ਕੇ ਅੰਦਰੂਨੀ ਸੰਕਟ ਵਿਚ ਫਸੀ ਹੋਈ ਹੈ।*



**ਕੇ.ਸੀ. ਸ਼ਰਮਾ**
**ਫੋਨ: 91-94647-40957**

ਭਾਰਤ ਵਿਚ ਅਗਲੇ ਸਾਲ 2014 ਵਿਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਦਾ ਪਿੜ ਉਂਜ ਤਾਂ ਪਿਛਲੇ ਦੋ ਸਾਲਾਂ ਤੋਂ ਹੀ ਮਘ ਚੁੱਕਿਆ ਹੈ ਪਰ ਹੁਣ ਇਸ ਨੇ ਕੁਝ ਨਵੇਂ ਰੰਗ ਧਾਰ ਲਏ ਹਨ। ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਦੀਆਂ ਨਿਰਾਸ਼ਾਜਨਕ ਕਾਰਗੁਜ਼ਾਰੀਆਂ ਦਾ ਲਾਹਾ ਲੈਣ ਲਈ 2004 ਵਿਚ ਕਾਂਗਰਸ ਪਾਰਟੀ ਦੀ ਅਗਵਾਈ ਵਿਚ ਯੂ.ਪੀ.ਏ.ਹੋਂਦ ਵਿਚ ਆਇਆ ਸੀ। ਇਸ ਵਿਚ ਅੱਧੀ ਦਰਜਨ ਪ੍ਰਾਂਤਕ ਤੇ ਖੇਤਰੀ ਰਾਜਨੀਤਕ ਦਲਾਂ ਅਤੇ ਖੱਬੇ ਮੋਰਚੇ ਦੇ ਸਹਿਯੋਗ ਨਾਲ ਸਰਕਾਰ ਹੋਂਦ ਵਿਚ ਆਈ ਸੀ। ਇਸ ਤੋਂ ਪਹਿਲਾਂ ਵੀ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਵੀ ਛੋਟੀਆਂ-ਵੱਡੀਆਂ ਪਾਰਟੀਆਂ ਦੇ ਗੱਠਜੋੜ ਨਾਲ 1998 ਤੋਂ ਕੇਂਦਰ ਵਿਚ ਸਰਕਾਰ ਚਲਾ ਚੁੱਕੀ ਸੀ। ਇਹ ਗੱਠਜੋੜ ਵੀ ਆਪਣੀਆਂ ਥੋੜ੍ਹਚਿਰੀ ਦੋ ਵਾਰੀਆਂ ਵਿਚਕਾਰ ਪੂੰਜੀਵਾਦੀ, ਸਮਰਾਜਵਾਦੀ ਜੀ-9 ਦੇ ਸੰਗਠਨ ਰਾਹੀਂ ਚਲਾਈਆਂ ਜਾ ਰਹੀਆਂ ਸੰਸਾਰੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦੇ ਸਹਾਰੇ ਭਾਰਤੀ ਜੰਗਲ-ਰਾਜ ਵਿਚ ਨੀਲੇ-ਗਿੱਦੜ ਵਾਂਗ ਬਾਦਸ਼ਾਹ ਬਣਨ ਦਾ ਢੌਂਗ ਰਚਾ ਚੁੱਕਿਆ ਸੀ।

ਸੱਤਾ ਪ੍ਰਾਪਤੀ ਦੀ ਇਸ ਮੌਕੀਪ੍ਰਸਤ ਦੌੜ ਵਿਚ ਖੱਬੇ ਮੋਰਚੇ ਵਾਲੀਆਂ ਧਿਰਾਂ ਵੀ ਕਿਸੇ ਤੋਂ ਪਿੱਛੇ ਨਹੀਂ ਰਹੀਆਂ ਸਨ। ਇਹ ਵੀ ਇਨ੍ਹਾਂ ਚੋਣ ਮਹਾਂਕੁੰਭਾਂ ਵਿਚ ਧਰਮਨਿਰਪੱਖ ਅਤੇ ਪ੍ਰਗਤੀਸ਼ੀਲ ਲੋਕਤੰਤਰਿਕ ਮੋਰਚੇ ਦੇ ਸਹਾਰੇ ਸੱਤਾਧਾਰੀ ਪਾਰਟੀ ਬਣਨ ਦੇ ਸੁਨਹਿਰੇ ਸੁਪਨੇ ਲੈਂਦੀਆਂ ਰਹੀਆਂ ਹਨ। ਇਸੇ ਕਰ ਕੇ ਜਦੋਂ ਇਨ੍ਹਾਂ ਨੇ ਯੂ.ਪੀ.ਏ-1 ਦੀਆਂ ਨਵੀਆਂ ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਤੋਂ ਰੋਕਣ ਵਿਚ ਬੇਵਸੀ ਦੇਖੀ ਤਾਂ ਇਨ੍ਹਾਂ ਨੂੰ ਵੀ ਮੂੰਹ ਦੀ ਖਾਣੀ ਪਈ ਸੀ। ਇਸ ਧਿਰ ਨੇ ਉਦੋਂ ਤੋਂ ਹੀ ਦੋਵਾਂ ਗੱਠਜੋੜਾਂ ਤੋਂ ਬਰਾਬਰ ਦੂਰੀ ਬਣਾਈ ਰੱਖਣ ਦੇ ਬਹਾਨੇ ਅਤੇ ਆਪਣਾ ਤੀਜਾ-ਬਦਲ ਉਸਾਰਨ ਲਈ ਸਮਾਜਵਾਦੀ ਪਾਰਟੀ, ਬਸਪਾ, ਤੈਲਗੂ ਦੇਸਮ ਪਾਰਟੀ (ਟੀ.ਡੀ.ਪੀ.) ਆਦਿ ਜਿਹੀਆਂ ਮੌਕਾਪ੍ਰਸਤ ਧਿਰਾਂ ਨੂੰ ਨਾਲ ਲੈ ਕੇ ਤੀਜਾ ਮੋਰਚਾ ਬਣਾਉਣ ਲਈ ਵੀ ਹੱਥ ਪੈਰ ਮਾਰਨੇ ਜਾਰੀ ਰੱਖੇ ਹੋਏ ਹਨ। ਇਸੇ ਕਾਰਨ 2009 ਦੇ ਲੋਕ ਸਭਾ ਚੋਣਾਂ ਦੇ ਮਹਾਂਕੁੰਭ ਸਮੇਂ ਇਹ ਧਿਰਾਂ ਆਪਣਾ ਪਿਛਲਾ ਬਣਿਆ-ਬਣਾਇਆ ਮਾਣ-ਸਨਮਾਨ ਵੀ ਗੁਆ ਬੈਠੀਆਂ ਸਨ। ਦੂਜੇ ਪਾਸੇ ਇਨ੍ਹਾਂ ਦੋਵੇਂ ਗੱਠਜੋੜਾਂ ਵਾਲੀਆਂ ਰਾਜਨੀਤਕ ਧਿਰਾਂ ਨਵ-ਬਸਤੀਵਾਦੀ-ਸਾਮਰਾਜਵਾਦੀ ਨੀਤੀਆਂ ਦੇ ਸਹਾਰੇ ਭ੍ਰਿਸ਼ਟਾਚਾਰ, ਚੋਰ-ਬਾਜ਼ਾਰੀ, ਅਰਾਜਕਤਾ, ਘੁਟਾਲਿਆਂ ਅਤੇ ਲੋਕ ਵਿਰੋਧੀ ਅਨੈਤਿਕ ਲੁੱਟ-ਖੋਹ ਦੀ ਧਾਂਦਲੀ ਮਚਾਈ ਫਿਰਦੀਆਂ ਹਨ। ਇਨ੍ਹਾਂ ਦੀ ਇਸ ਅਨੈਤਿਕ ਸਦਾਚਾਰ ਦੀ ਹਨੇਰੀ ਨੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਹੈ।

ਇਤਿਹਾਸ ਗਵਾਹ ਹੈ ਕਿ ਇਨ੍ਹਾਂ ਸੱਤਾਧਾਰੀ ਰਾਜਸੀ ਲੋਕਾਂ ਨੇ ਕੁਕਰਮਾਂ ਦੀ ਜਿਹੜੀ ਰਾਸਲੀਲ੍ਹਾ ਰਚਾਈ ਹੋਈ ਹੈ, ਉਸ ਵਿਚ ਇਹ ਸਾਰੇ ਇੱਕੋ ਜਿਹੇ ਗੁਨਾਹਗਾਰ ਹਨ। ਪੰਡਤ ਜਵਾਹਰ ਲਾਲ ਨਹਿਰੂ ਦੇ ਸ਼ਾਸਨ ਕਾਲ ਤੋਂ ਲੈ ਕੇ ਅੱਜ ਤਕ ਇਨ੍ਹਾਂ ਸਾਰੀਆਂ ਧਿਰਾਂ ਦੇ ਸਬੰਧਤ ਨੇਤਾਵਾਂ ਅਤੇ ਪ੍ਰਧਾਨ ਮੰਤਰੀਆਂ ਸਮੇਤ ਕਿਸੇ ਇੱਕ ਦਾ ਵੀ ਸ਼ਾਸਨ ਕਾਲ ਅਜਿਹਾ ਨਹੀਂ ਰਿਹਾ ਜਿਸ ਵਿਚ ਇੱਕ ਤੋਂ ਇੱਕ ਵੱਡਾ ਘੁਟਾਲਾ ਜਾਂ ਅਨੈਤਿਕ ਦੁਰਘਟਨਾ ਨਾ ਹੋਈ ਹੋਵੇ। ਦੂਜੇ ਬੰਨੇ ਇਨ੍ਹਾਂ ਸੱਤਾਧਾਰੀ ਪੂੰਜੀਵਾਦੀ ਰਾਜਨੀਤਕ ਪਾਰਟੀਆਂ ਦੀ ਅਗਵਾਈ ਵਿਚ ਭਾਰਤੀ ਜਨਤਾ ਦੁੱਖਾਂ ਦੇ ਭੰਵਰ ਵਿਚ ਫਸੀ ਹੋਈ ਬੇਵਸ ਅਤੇ ਲਾਚਾਰ ਦਿਖਾਈ ਦੇ ਰਹੀ ਹੈ। ਕਿਰਤੀ ਜਿਹੜੇ ਵਸੋਂ ਦਾ 80 ਫ਼ੀਸਦੀ ਹਨ, ਉਨ੍ਹਾਂ ਨੂੰ ਉਭਾਰਨ ਵਾਲੀਆਂ ਰਾਜਨੀਤਕ ਪਾਰਟੀਆਂ ਦੀਆਂ ਘਾਟਾਂ-ਕਮਜ਼ੋਰੀਆਂ ਕਾਰਨ ਉਹ ਇਸ ਨਾਲੋਂ ਵੱਧ ਕੁਝ ਹੋਰ ਕਰ ਵੀ ਨਹੀਂ ਸਕਦੇ। ਅੱਜ ਤਕ ਹਰ ਰੰਗ ਦੀ ਸੱਤਾਧਾਰੀ ਰਾਜਨੀਤਕ ਪਾਰਟੀਆਂ ਦੇ ਸ਼ਾਸਨ ਅਧੀਨ ਸਾਧਾਰਨ ਜਨਤਾ ਨੂੰ ਲੁੱਟਿਆ-ਕੁੱਟਿਆ ਅਤੇ ਲਤਾੜਿਆ ਗਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਅਖੌਤੀ ਸਮਾਜਵਾਦ, ਮਿਸ਼ਰਤ-ਅਰਥਚਾਰਾ, ਜੈ ਜਵਾਨ-ਜੈ ਕਿਸਾਨ, ਗ਼ਰੀਬੀ ਹਟਾਓ, ਸ਼ਾਈਨਿੰਗ ਇੰਡੀਆ ਅਤੇ ਅਜੋਕੇ ਵਿਕਾਸਵਾਦੀ ਨਾਅਰਿਆਂ ਨਾਲ ਉਨਤੀ ਦੇ ਸੁਪਨੇ ਦਿਖਾ ਕੇ ਵਾਰ-ਵਾਰ ਰਾਜਸੱਤਾ ਹਥਿਆਈ ਹੈ। ਇਸ ਦੇ ਬਦਲੇ ਇਨ੍ਹਾਂ ਨੇ ਆਪਣੇ ਘਰ ਤਾਂ ਕਾਲੇ ਧਨ, ਨਜਾਇਜ਼ ਜਾਇਦਾਦ ਅਤੇ ਚੌਧਰਵਾਦੀ ਰੁਤਬਿਆਂ ਨਾਲ ਭਰ ਲਏ ਹਨ, ਪਰ ਸਾਧਾਰਨ ਜਨਤਾ ਅਤੇ ਕਿਰਤੀਆਂ ਨੂੰ ਜ਼ਿੰਦਗੀ ਦੇ ਲੋੜੀਂਦੇ ਸਾਧਨਾਂ ਤੋਂ ਵੀ ਵਾਂਝਾ ਕਰ ਦਿੱਤਾ ਹੈ। ਇਨ੍ਹਾਂ ਮਹਾਂਪੁਰਸ਼ਾਂ ਦੇ ਸਮਾਜਕ, ਆਰਥਿਕ ਅਤੇ ਰਾਜਨੀਤਕ ਕੁਕਰਮਾਂ ਦੀ ਕੜੀ ਇੱਥੇ ਹੀ ਖ਼ਤਮ ਨਹੀਂ ਹੋ ਜਾਂਦੀ, ਸਗੋਂ ਇਨ੍ਹਾਂ ਦੇ ਸਹਾਰੇ ਇਨ੍ਹਾਂ ਲੋਕਾਂ ਨੇ ਖੁਦ ਦੀ ਖ਼ੁਸ਼ਹਾਲੀ, ਬਾਹੂਬਲ ਅਤੇ ਆਤਮ-ਸਨਮਾਨ ਦੇ ਭੰਡਾਰ ਵੀ ਹਥਿਆ ਲਏ ਹਨ।

ਦੂਜੇ ਪਾਸੇ ਸਾਧਾਰਨ ਜਨਤਾ ਲਈ ਸਿੱਖਿਆ, ਸਿਹਤ, ਖ਼ੁਰਾਕ, ਰਿਹਾਇਸ਼ ਅਤੇ ਆਵਾਜਾਈ ਜਿਹੇ ਲੋੜੀਂਦੇ ਸਾਧਨਾਂ ਦਾ ਨਿੱਜੀਕਰਨ ਹੋ ਜਾਣ ਕਾਰਨ ਉਨ੍ਹਾਂ ਦੀ ਪਹੁੰਚ ਤੋਂ ਬਹੁਤ ਦੂਰ ਜਾ ਚੁੱਕੇ ਹਨ। ਸਿੱਟੇ ਵਜੋਂ ਇਕ ਤਾਂ ਪੂੰਜੀਪਤੀਆਂ ਦਾ ਵਿਕਸਤ ਭਾਰਤ ਅਤੇ ਦੂਜਾ ਗ਼ਰੀਬਾਂ ਦਾ ਭਾਰਤ ਬਣ ਗਿਆ ਹੈ। ਇਹ ਤਾਕਤਾਂ ਆਪਣੀ ਰਾਜਨੀਤੀ ਅਤੇ ਆਰਥਿਕ ਨੀਤੀਆਂ ਨੂੰ ਲੋਕ ਹਿਤੈਸ਼ੀ ਬਣਾਉਣ ਦੀ ਥਾਂ ਚੋਣਾਂ ਵਿਚ ਜਿੱਤਾਂ ਪ੍ਰਾਪਤ ਕਰਨ ਲਈ ਇੱਕ-ਦੂਜੇ ਤੋਂ ਵਧ ਚੜ੍ਹ ਕੇ ਧੋਖਾਧੜੀ ਭਰਪੂਰ ਦਿਲਾਸਿਆਂ ਨਾਲ ਉਨ੍ਹਾਂ ਨੂੰ ਭਰਮਾਉਣ 'ਤੇ ਲੱਗੇ ਰਹਿੰਦੇ ਹਨ। ਲੋਕਾਂ ਨੂੰ ਕੀ ਪਤਾ ਸੀ ਕਿ ਆਜ਼ਾਦੀ ਪ੍ਰਾਪਤੀ ਪਿੱਛੋਂ ਸਥਾਪਤ ਹੋਣ ਜਾ ਰਿਹਾ ਸਮਾਜਵਾਦੀ ਲੋਕਤੰਤਰ ਉਨ੍ਹਾਂ ਨਾਲ ਵੱਡਾ ਧ੍ਰੋਹ ਸਿੱਧ ਹੋਵੇਗਾ। ਉਦੋਂ ਉਹ ਸੋਚ ਵੀ ਨਹੀਂ ਸਕਦੇ ਸਨ ਕਿ ਨਹਿਰੂ, ਮਹਾਤਮਾ ਗਾਂਧੀ, ਅੰਬੇਡਕਰ, ਪਟੇਲ ਅਤੇ ਮੌਲਾਨਾ ਆਜ਼ਾਦ ਜਿਹੇ ਆਗੂਆਂ ਦੀ ਅਗਵਾਈ ਵਿਚ ਬਣਾਇਆ ਗਿਆ ਧਰਮ ਨਿਰਪੱਖ, ਸਮਾਜਵਾਦੀ ਲੋਕਤੰਤਰਿਕ ਸੰਵਿਧਾਨ ਰਾਹੀਂ ਸਥਾਪਤ ਲੋਕਤੰਤਰ ਵੀ ਭ੍ਰਿਸ਼ਟ, ਪੂੰਜੀਵਾਦੀ, ਲੋਕ ਵਿਰੋਧੀ ਅਤੇ ਨਵ-ਬਸਤੀਵਾਦੀ ਸ਼ਾਸਨ ਪ੍ਰਣਾਲੀ ਦਾ ਮੁਸਾਫ਼ਰ ਹੀ ਸਿੱਧ ਹੋਵੇਗਾ। ਇਸ ਦੇ ਉਲਟ ਸਾਡੇ ਨਾਲੋਂ ਦੋ ਸਾਲ ਪਿੱਛੋਂ ਆਜ਼ਾਦ ਹੋਣ ਵਾਲਾ ਸਾਡਾ ਗੁਆਂਢੀ ਚੀਨ ਵਿਕਾਸ ਦੀ ਸਿਖ਼ਰ ਛੂਹੀ ਬੈਠਾ ਹੈ।

ਆਜ਼ਾਦੀ ਪ੍ਰਾਪਤੀ ਮਗਰੋਂ ਸੱਤਾਧਾਰੀ ਕਾਂਗਰਸ ਪਾਰਟੀ ਦੀਆਂ ਨੀਤੀਆਂ ਦੇ ਭੇਤ ਉਧੇੜਨ ਦੀ ਥਾਂ ਸਮੇਂ-ਸਮੇਂ ਸੱਤਾ ਵਿਚ ਆਈਆਂ ਰੰਗ-ਬਰੰਗੀਆਂ ਵਿਰੋਧੀ ਰਾਜਨੀਤਕ ਪਾਰਟੀਆਂ ਆਪ ਵੀ ਉਸੇ ਕਿਸ਼ਤੀ ਦੀਆਂ ਸਵਾਰ ਹੋ ਕੇ ਉਭਰੀਆਂ ਹਨ। ਇਨ੍ਹਾਂ ਨੇ ਵੀ ਵਿਕਾਸ ਦਾ ਉਹੀ ਰਾਹ ਚੁਣਿਆ ਜਿਹੜਾ ਸੱਤਾਧਾਰੀ ਕਾਂਗਰਸ ਪਾਰਟੀ ਦੇ ਅੱਧਾ ਦਰਜਨ ਨਾਲੋਂ ਵੀ ਵੱਧ ਪ੍ਰਧਾਨ ਮੰਤਰੀਆਂ ਦੇ ਸ਼ਾਸਨ ਕਾਲ ਵਿਚ ਚੱਲਦਾ ਰਿਹਾ ਅਤੇ ਅੱਜ ਵੀ ਚੱਲ ਰਿਹਾ ਹੈ। ਇਨ੍ਹਾਂ ਸਾਰੀਆਂ ਧਿਰਾਂ ਨੇ ਪੂੰਜੀਵਾਦੀ ਲੋਕਤੰਤਰੀ ਸ਼ਾਸਨ ਪ੍ਰਣਾਲੀ ਦੇ ਪਰਦੇ ਹੇਠ ਕਿਰਤੀ ਵਰਗ ਵਿਰੋਧੀ ਅਤੇ ਸਿਧਾਂਤ ਰਹਿਤ ਰਾਹ ਹੀ ਅਪਣਾਇਆ ਹੋਇਆ ਹੈ। ਸਭ ਨਾਲੋਂ ਵੱਡਾ ਦੁੱਖ ਤਾਂ ਇਸ ਗੱਲ ਦਾ ਹੈ ਕਿ ਸਮਾਜਵਾਦੀ ਲੋਕਰਾਜ ਦੇ ਮੁੱਖ ਦਾਅਵੇਦਾਰ ਖੱਬੇ ਮੋਰਚੇ ਵਾਲੀਆਂ ਪਾਰਟੀਆਂ ਵੀ ਇਸ ਪਾਸੇ ਅੱਖਾਂ ਮੀਚੀ ਮੌਕਾਪ੍ਰਸਤ ਰਾਜਨੀਤੀ ਦੇ ਗੱਠਜੋੜਾਂ ਨਾਲ ਬੱਝੀਆਂ ਹੋਈਆਂ ਹਨ। ਪਰੋਲਤਾਰੀ ਦੀ ਥਾਂ ਛੋਟੀ ਪੂੰਜੀਵਾਦੀ ਸ਼੍ਰੇਣੀ ਪੈਟੀ-ਬੁਰੂਜੂਆ ਖਾਸੇ ਵਾਲਾ ਬਣ ਜਾਣ ਕਾਰਨ ਇਹ ਆਪਣਾ ਅਸਲੀ ਕੌਮੀ ਫ਼ਰਜ਼ ਭੁਲਾ ਬੈਠੀਆਂ ਹਨ। ਸਾਧਾਰਨ ਲੋਕ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਅਨਪੜ੍ਹਤਾ, ਨਸ਼ਾਖੋਰੀ, ਅਪਰਾਧੀਕਰਨ, ਸਮਾਜਕ ਅਸੁਰੱਖਿਆ, ਇਸਤਰੀ ਅਤੇ ਬਾਲ ਮਜ਼ਦੂਰੀ ਤੇ ਸ਼ੋਸ਼ਣ ਤੋਂ ਪੀੜਤ ਹਨ। ਇਨ੍ਹਾਂ ਦੀ ਰਾਖੀ ਦੀ ਦਾਅਵੇਦਾਰ ਖੱਬੀਆਂ ਧਿਰਾਂ ਅਤੇ ਪੂੰਜੀਵਾਦ-ਜਗੀਰੂ ਅਖੌਤੀ ਲੋਕਤੰਤਰਿਕ ਅਤੇ ਧਰਮ ਨਿਰਪੱਖ ਪਾਰਟੀਆਂ ਜਮਾਤੀ ਘੋਲਾਂ ਦੇ ਅਸਲ ਸਿਧਾਂਤਾਂ ਤੋਂ ਥਿੜਕੀਆਂ ਰਹਿਣ ਕਾਰਨ ਮੌਕਾਪ੍ਰਸਤ ਰਾਜਨੀਤੀ ਵਿਚ ਹੀ ਰੁਝੀਆਂ ਹੋਈਆਂ ਹਨ।

ਅੱਜਕੱਲ੍ਹ ਅਗਲੀਆਂ ਲੋਕ ਸਭਾ ਚੋਣਾਂ ਦਾ ਅਖਾੜਾ ਪੂਰੀ ਤਰ੍ਹਾਂ ਭਖਣ ਲੱਗਿਆ ਹੈ। ਸੱਤਾਧਾਰੀ ਕਾਂਗਰਸ ਦੀ ਅਗਵਾਈ ਵਾਲੇ ਯੂ.ਪੀ.ਏ.-2 ਦੇ ਪੁਰਾਣੇ ਸਹਿਯੋਗੀ ਤ੍ਰਿਣਮੂਲ ਕਾਂਗਰਸ, ਡੀ.ਐਮ.ਕੇ., ਬਸਪਾ ਅਤੇ ਸਮਾਜਵਾਦੀ ਪਾਰਟੀ ਆਦਿ ਪਹਿਲਾਂ ਹੀ ਆਪੋ-ਆਪਣੇ ਗੁਪਤ ਸਿਆਸੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਸ ਗੱਠਜੋੜ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਵਿਚ ਲੱਗੇ ਹੋਏ ਹਨ। ਦੂਜੇ ਪਾਸੇ ਭਾਜਪਾ ਦੀ ਅਗਵਾਈ ਵਾਲਾ ਵਿਰੋਧੀ ਗੱਠਜੋੜ ਆਪਣੇ ਨਵੇਂ-ਪੁਰਾਣੇ ਸਹਿਯੋਗੀਆਂ ਦੀ ਭੀੜ ਇਕੱਠੀ ਕਰਨ ਵਿਚ ਜੁਟਿਆ ਹੋਇਆ ਹੈ। ਕਾਂਗਰਸ ਤਾਂ ਨਹਿਰੂ ਪਰਿਵਾਰ ਦੀ ਵਿਰਾਸਤ ਹੋਣ ਕਾਰਨ ਇਸ ਦੀ ਲੀਡਰਸ਼ਿਪ ਸੋਨੀਆ ਅਤੇ ਰਾਹੁਲ ਗਾਂਧੀ ਦੀ ਛਤਰ ਛਾਇਆ ਤੋਂ ਬਾਹਰ ਆਉਣ ਦਾ ਸੁਪਨਾ ਵੀ ਨਹੀਂ ਲੈ ਸਕਦੀ, ਦੂਜੇ ਪਾਸੇ ਭਾਜਪਾ ਵੀ ਇਨ੍ਹਾਂ ਚੋਣਾਂ ਵਿਚ ਅਗਲੇ ਪ੍ਰਧਾਨ ਮੰਤਰੀ ਨੂੰ ਲੈ ਕੇ ਅੰਦਰੂਨੀ ਸੰਕਟ ਵਿਚ ਫਸੀ ਹੋਈ ਹੈ। ਇੱਕ ਪਾਸੇ ਅਡਵਾਨੀ, ਮੋਦੀ, ਸੁਸ਼ਮਾ, ਗਡਕਰੀ, ਜੇਤਲੀ ਅਤੇ ਰਾਜਨਾਥ ਸਿੰਘ ਇਸ ਅਹੁਦੇ ਦੇ ਦਰਜਨਾਂ ਦਾਅਵੇਦਾਰ ਆਪਣੇ ਮੁੱਖ ਹਿੰਦੂਤਵਵਾਦੀ ਸੰਗਠਨਾਂ ਦੇ ਅਸ਼ੀਰਵਾਦ ਬਟੋਰਨ ਲਈ ਚੋਣ ਮਹਾਂਕੁੰਭ ਵਿਚ ਗੋਤੇ ਲਾ ਰਹੇ ਹਨ; ਦੂਜੇ ਪਾਸੇ ਇਨ੍ਹਾਂ ਵਿਚੋਂ ਗੁਜਰਾਤ ਦੇ ਨਵੇਂ ਚੜ੍ਹੇ ਸਵੇਰ ਦੇ ਤਾਰੇ ਵਾਂਗ ਮੋਦੀ ਨੇ ਤਾਂ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਦਾ ਉਮੀਦਵਾਰ ਹੋਣ ਦਾ ਐਲਾਨ ਹੀ ਕਰ ਦਿੱਤਾ ਹੈ। ਗੁਜਰਾਤ ਵਿਚ ਲਾਗੂ ਕੀਤੀਆਂ ਨਵੀਆਂ ਵਿਕਾਸਵਾਦੀ ਨੀਤੀਆਂ ਰਾਹੀਂ ਪ੍ਰਾਪਤ ਕੀਤੀ ਚੌਥੀ ਵਾਰ ਮੁੱਖ ਮੰਤਰੀ ਦੀ ਗੱਦੀ ਤੋਂ ਟਪਲਾ ਖਾ ਕੇ ਉਸ ਨੇ ਭਾਜਪਾ ਦੇ ਬਾਕੀ ਸਾਰੇ ਆਗੂਆਂ ਦੇ ਸਿਤਾਰਿਆਂ ਦਾ ਟਿਮਟਿਮਾਣਾ ਵੀ ਲੋਪ ਕਰ ਰੱਖਿਆ ਹੈ। ਹੁਣ ਇਹ ਵੀ ਸਾਰੇ ਆਪਣੀ ਪੁਰਾਣੀ ਰਾਸ਼ਟਰਵਾਦੀ ਹਿੰਦੂਤਵਵਾਦੀ ਨੀਤੀਆਂ ਦੇ ਝੰਡੇ ਲਹਿਰਾਉਣ ਦੇ ਨਾਲ-ਨਾਲ ਮੋਦੀ ਦੇ ਗੁਜਰਾਤ ਪੈਟਰਨ ਦੇ ਵਿਕਾਸ ਦੇ ਸਹਾਰੇ ਅਗਲੀਆਂ ਚੋਣਾਂ ਦੇ ਦੰਗਲ ਦੀਆਂ ਤਿਆਰੀਆਂ ਵਿਚ ਰੁਝ ਚੁੱਕੇ ਹਨ। ਉਧਰ, ਆਮ ਲੋਕਾਂ ਨੂੰ ਇਸ ਕਿਸਮ ਦੇ ਪੂੰਜੀਵਾਦੀ ਪ੍ਰਸ਼ਾਸਨ ਦੀ ਮਾਰ ਤੋਂ ਬਚਾ ਸਕਣ ਵਾਲਾ ਖੱਬਾ-ਜਮਹੂਰੀ ਅਤੇ ਧਰਮ ਨਿਰਪੱਖ ਅਖਵਾਉਣ ਵਾਲਾ ਤੀਜਾ ਮੋਰਚਾ ਆਪਣਾ ਅਸਲ ਚਿਹਰਾ-ਮੋਹਰਾ ਬਣਾਉਣ ਵਿਚ ਅਜੇ ਤੱਕ ਸਫ਼ਲ ਨਹੀਂ ਹੋ ਸਕਿਆ। ਹਾਲ ਦੀ ਘੜੀ ਤਾਂ ਕਿਰਤੀ ਵਰਗ ਦੀ ਡੁੱਬਦੀ ਕਿਸ਼ਤੀ ਨੂੰ ਉਭਾਰਨ ਲਈ ਆਪਣੇ ਅਤੇ ਦੂਜੀਆਂ ਜਮਹੂਰੀ ਧਰਮ-ਨਿਰਪੱਖ ਭਾਈਵਾਲ ਪਾਰਟੀਆਂ ਦੀ ਸੱਚੀ ਏਕਤਾ ਉਸਾਰ ਕੇ ਜਮਾਤੀ ਸੰਘਰਸ਼ ਦੇ ਵਿਗਿਆਨਕ ਸਿਧਾਂਤਾਂ ਨੂੰ ਅਮਲ ਵਿਚ ਲਿਆਉਣਾ ਪਵੇਗਾ।

ਦੇਸ-ਪਰਦੇਸ

# ਭਾਰਤੀ ਸਟੇਟ, ਅਵਾਮ ਅਤੇ ਮਾਓਵਾਦੀ

## ਮਾਓਵਾਦੀਆਂ ਉਪਰ ਵੱਡੇ ਹਮਲੇ ਦੀ ਤਿਆਰੀ?

ਬੂਟਾ ਸਿੰਘ
ਫੋਨ: 91-94634-74342

ਮਾਰਚ ਦੀ 28 ਤਾਰੀਕ ਨੂੰ ਮੀਡੀਆ ਵਿਚ ਖ਼ਬਰ ਨਸ਼ਰ ਹੋਈ ਕਿ ਝਾਰਖੰਡ ਦੇ ਚਤਰਾ ਜ਼ਿਲ੍ਹੇ ਦੇ ਲੱਕੜਬੰਧ ਜੰਗਲ ਵਿਚ ਦੋ ਮਾਓਵਾਦੀ ਗੁੱਟਾਂ-ਸੀ.ਪੀ.ਆਈ. (ਮਾਓਵਾਦੀ) ਅਤੇ ਤ੍ਰਿਤਿਯਾ ਪ੍ਰਸਤੁਤੀ ਕਮੇਟੀ (ਟੀ.ਪੀ.ਸੀ.) ਦਰਮਿਆਨ ਜ਼ਬਰਦਸਤ ਟੱਕਰ ਵਿਚ ਕੁਝ ਵੱਡੇ ਆਗੂਆਂ ਸਮੇਤ ਦਸ ਮਾਓਵਾਦੀ ਮਾਰੇ ਗਏ। ਟੀ.ਪੀ.ਸੀ. ਦਾ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ। ਇਹ ਮਾਓਵਾਦੀਆਂ ਦੇ ਪੁਲਿਸ ਮੁਕਾਬਲਿਆਂ 'ਚ ਮਾਰੇ ਜਾਣ ਦੀਆਂ ਰੁਟੀਨ ਖ਼ਬਰਾਂ ਨਾਲੋਂ ਹਟਵੀਂ ਖ਼ਬਰ ਸੀ; ਜਿਨ੍ਹਾਂ ਵਿਚ ਮੁਕਾਬਲੇ ਵਿਚ "ਅਤਿਵਾਦੀ" ਮਾਰੇ ਗਏ ਦੱਸੇ ਜਾਂਦੇ ਹਨ ਅਤੇ ਵੱਡੇ-ਵੱਡੇ ਮੁਕਾਬਲਿਆਂ ਵਿਚ ਕਿਸੇ ਪੁਲਸੀਏ ਦੇ ਇਕ ਵੀ ਝਰੀਟ ਨਹੀਂ ਆਉਂਦੀ। ਇਸ ਵਾਰ ਕਹਾਣੀ ਕੁਝ ਨਵੀਂ ਸੀ। ਵਕੂਆ-ਏ-ਵਾਰਦਾਤ ਦੀ ਜਗ੍ਹਾ ਅਤੇ ਇਸ ਵਿਚ ਸ਼ਾਮਲ ਕਿਰਦਾਰ ਵੀ ਕੁਝ ਨਵੇਂ ਸਨ; ਪਰ ਹਕੀਕਤ 'ਚ ਸਮੇਂ ਤੇ ਸਥਾਨ ਨੂੰ ਛੱਡ ਕੇ ਬਾਲੀਵੁੱਡ ਦੀਆਂ ਫਿਲਮੀ ਕਹਾਣੀਆਂ ਵਾਂਗ ਕੁਝ ਵੀ ਨਵਾਂ ਨਹੀਂ ਸੀ।

ਭਾਰਤੀ ਰਾਜ (ਸਟੇਟ) ਵਲੋਂ ਮਾਓਵਾਦੀ ਲਹਿਰ ਵਿਰੁੱਧ ਲੜੀ ਜਾ ਰਹੀ ਅਣਐਲਾਨੀ ਜੰਗ ਵਿਚ ਕਈ ਤਰ੍ਹਾਂ ਦੇ ਦਾਅ-ਪੇਚ ਸਾਹਮਣੇ ਆ ਰਹੇ ਹਨ। ਮਾਓਵਾਦ ਤੋਂ ਪ੍ਰਭਾਵਿਤ ਸੂਬਿਆਂ ਦੀ ਪੁਲਿਸ, ਪੁਲਿਸ ਦੀਆਂ ਵਿਸ਼ੇਸ਼ ਰਿਜ਼ਰਵ ਕਮਾਂਡੋ ਬਟਾਲੀਅਨਾਂ ਤੇ ਕਈ ਵੰਨਗੀ ਦੀਆਂ ਕੇਂਦਰੀ ਨੀਮ-ਫ਼ੌਜੀ ਤਾਕਤਾਂ ਇਸ ਲੜਾਈ ਵਿਚ ਸਿੱਧੇ ਤੌਰ 'ਤੇ ਸ਼ਾਮਲ ਹਨ। ਭਾਰਤੀ ਫ਼ੌਜ ਅਸਿੱਧੇ ਅਤੇ ਅਣਐਲਾਨੇ ਰੂਪ 'ਚ ਸ਼ਾਮਲ ਹੈ। ਇਨ੍ਹਾਂ ਕਾਨੂੰਨੀ ਤਾਕਤਾਂ ਦੇ ਨਾਲ-ਨਾਲ ਸਟੇਟ ਵਲੋਂ ਪੰਜਾਬ ਦੀਆਂ ਕਾਲੀਆਂ ਬਿੱਲੀਆਂ ਦੀ ਤਰਜ਼ 'ਤੇ ਬਣਾਈਆਂ ਬਹੁਤ ਸਾਰੀਆਂ ਗ਼ੈਰਕਾਨੂੰਨੀ, ਖੁਫ਼ੀਆ ਤਾਕਤਾਂ ਵੀ ਇਸ ਜੰਗ ਵਿਚ ਅਹਿਮ ਕਿਰਦਾਰ ਨਿਭਾਅ ਰਹੀਆਂ ਹਨ। ਇਲਾਕਾ, ਬੋਲੀ ਅਤੇ ਸੱਭਿਆਚਾਰਕ ਖ਼ਾਸੀਅਤ ਅਨੁਸਾਰ ਇਨ੍ਹਾਂ ਦੇ ਨਾਂ ਜ਼ਰੂਰ ਵੱਖੋ-ਵੱਖਰੇ ਹਨ ਪਰ ਕੰਮ ਇਕ ਹੀ ਹੈ-ਸਟੇਟ ਤੋਂ ਬਾਗ਼ੀ ਲਹਿਰਾਂ ਉੱਪਰ ਅਜਿਹੇ ਲਾਕਾਨੂੰਨੀ ਤੇ ਗੁੱਝੇ ਵਾਰ ਕਰਨਾ ਜਿਨ੍ਹਾਂ ਦੀ ਕਾਨੂੰਨ ਇਜਾਜ਼ਤ ਨਹੀਂ ਦਿੰਦਾ। ਇਸ ਨਾਲ ਰਾਜ ਤੇ ਇਸ ਦੀਆਂ ਸੁਰੱਖਿਆ ਤਾਕਤਾਂ ਬਦਨਾਮੀ ਤੇ ਕਾਨੂੰਨੀ ਝਮੇਲਿਆਂ ਤੋਂ ਵੀ ਬਚ ਜਾਂਦੀਆਂ ਹਨ ਅਤੇ ਬਾਗ਼ੀ ਆਗੂਆਂ ਨੂੰ ਕਤਲ ਕਰਨ ਦਾ ਉਨ੍ਹਾਂ ਦਾ ਮੁੱਖ ਮਕਸਦ ਵੀ ਪੂਰਾ ਹੋ ਜਾਂਦਾ ਹੈ।

ਝਾਰਖੰਡ ਵਿਚ ਟੀ.ਪੀ.ਸੀ. ਅਜਿਹੀ ਹੀ ਤਾਕਤ ਹੈ। ਇਹ ਕੁਝ ਸਾਬਕਾ ਮਾਓਵਾਦੀਆਂ ਵੱਲੋਂ ਬਣਾਇਆ ਹਥਿਆਰਬੰਦ ਧੜਾ ਹੈ ਜੋ 2001 ਤੋਂ ਲੈ ਕੇ ਤਿੰਨ ਜ਼ਿਲ੍ਹਿਆਂ-ਚਤਰਾ, ਲਾਤੇਹਾਰ ਅਤੇ ਰਾਂਚੀ-ਵਿਚ ਲਗਾਤਾਰ ਸਾੜ-ਫੂਕ, ਜਬਰ ਜਨਾਹ, ਲੁੱਟਮਾਰ ਅਤੇ ਕਤਲਾਂ ਦੀ ਮੁਹਿੰਮ ਚਲਾ ਰਿਹਾ ਹੈ। ਝਾਰਖੰਡ ਵਿਚ ਇਸ ਤੋਂ ਬਿਨਾਂ ਝਾਰਖੰਡ ਪ੍ਰਸਤੁਤੀ ਕਮੇਟੀ ਤੇ ਸ਼ਾਂਤੀ ਸੈਨਾ, ਬਿਹਾਰ ਵਿਚ ਰਣਬੀਰ ਸੈਨਾ ਤੇ ਹੋਰ ਨਿੱਜੀ ਸੈਨਾਵਾਂ, ਆਂਧਰਾ ਪ੍ਰਦੇਸ਼ ਵਿਚ ਸੇਂਦਰਾ, ਨਰਸੀ ਕੋਬਰਾ, ਗਰੀਨ ਟਾਈਗਰ ਤੇ ਰੈੱਡ ਟਾਈਗਰ ਵਗੈਰਾ, ਛੱਤੀਸਗੜ੍ਹ ਵਿਚ ਸਲਵਾ ਜੂਡਮ, ਉੜੀਸਾ ਵਿਚ ਸ਼ਾਂਤੀ ਸੈਨਾ, ਕਸ਼ਮੀਰ ਵਿਚ ਇਖ਼ਵਾਨ, ਅਸਾਮ ਵਿਚ ਸੁਲਫਾ, ਪੱਛਮੀ ਬੰਗਾਲ ਵਿਚ ਹਰਮਡ ਵਾਹਨੀ ਕਾਫ਼ੀ ਸਰਗਰਮ ਰਹੀਆਂ ਹਨ ਅਤੇ ਕੁਝ ਅੱਜ ਵੀ ਸਰਗਰਮ ਹਨ।

ਹਕੂਮਤੀ ਤਾਕਤਾਂ ਸਥਾਨਕ ਹਾਲਾਤ ਦੀਆਂ ਭੇਤੀ ਨਹੀਂ ਹਨ ਅਤੇ ਸਟੇਟ ਦੇ ਘਿਣਾਉਣੇ ਕਿਰਦਾਰ ਕਾਰਨ ਸਥਾਨਕ ਲੋਕ ਰਾਜ-ਮਸ਼ੀਨਰੀ ਨੂੰ ਕੋਈ ਸਹਿਯੋਗ ਵੀ ਨਹੀਂ ਦਿੰਦੇ। ਦਰਅਸਲ ਸਿੱਧੀ ਲੜਾਈ ਵਿਚ ਹਕੂਮਤੀ ਤਾਕਤਾਂ ਨੂੰ ਕੋਈ ਗਿਣਨਯੋਗ ਕਾਮਯਾਬੀ ਹਾਸਲ ਨਹੀਂ ਹੁੰਦੀ। ਇਸ ਲਈ ਆਪਣੇ ਜਵਾਨਾਂ ਦੇ ਵੱਡੇ ਜਾਨੀ ਨੁਕਸਾਨ ਦੀ ਨਮੋਸ਼ੀ ਛੁਪਾਉਣ ਲਈ ਉਹ ਅਕਸਰ ਆਮ ਨਿਰਦੋਸ਼ ਨਾਗਰਿਕਾਂ ਨੂੰ ਬੇਰਹਿਮੀ ਨਾਲ ਕਤਲ ਕਰ ਕੇ ਮੁਕਾਬਲੇ ਦੀ ਕਹਾਣੀ ਘੜ ਲੈਂਦੀਆਂ ਹਨ। ਜਿਵੇਂ ਪਿਛਲੇ ਵਰ੍ਹੇ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ 'ਚ ਔਰਤਾਂ ਤੇ ਬੱਚਿਆਂ ਸਣੇ 20 ਤੋਂ ਵੱਧ ਨਿਰਦੋਸ਼ ਵਿਅਕਤੀਆਂ ਨੂੰ ਮਾਰਿਆ ਗਿਆ ਸੀ; ਜਾਂ ਫਿਰ ਕਿਸੇ ਤਰ੍ਹਾਂ ਦੇ ਧੋਖੇ ਨਾਲ ਮਾਓਵਾਦੀਆਂ ਨੂੰ ਦਬੋਚ ਕੇ ਮਾਰ ਦਿੰਦੀਆਂ ਹਨ। ਤਾਜ਼ਾ "ਝੜਪ" ਦੇ ਪਿਛੋਕੜ ਵਿਚ ਅਜਿਹੇ ਪੱਖਾਂ ਦੀ ਮੁੱਖ ਭੂਮਿਕਾ ਰਹੀ ਹੈ।



ਤੱਥ ਦੱਸਦੇ ਹਨ ਕਿ ਇਹ "ਆਪਸੀ ਝੜਪ" ਵੀ ਕੇਂਦਰੀ ਨੀਮ-ਫ਼ੌਜੀ ਤਾਕਤਾਂ, ਪੁਲਿਸ ਅਤੇ ਟੀ.ਪੀ.ਸੀ. ਵੱਲੋਂ ਵਿਉਂਤੀ ਸਾਂਝੀ ਜੰਗੀ ਮੁਹਿੰਮ ਸੀ। ਇਸ ਨਾਟਕ ਦੀ ਸਕਰਿਪਟ ਬਹੁਤ ਪਹਿਲਾਂ ਤਿਆਰ ਕੀਤੀ ਗਈ ਹੋਵੇਗੀ। ਸਥਾਨਕ ਲੋਕਾਂ ਵਿਚੋਂ ਕਿਸੇ ਵਿਅਕਤੀ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਗੰਢ ਕੇ ਮਾਓਵਾਦੀਆਂ ਦੇ ਖਾਣੇ ਵਿਚ ਜ਼ਹਿਰ ਮਿਲਾਇਆ ਗਿਆ। ਜਦੋਂ ਜ਼ਹਿਰ ਦੇ ਅਸਰ ਨਾਲ ਪੂਰਾ ਕੈਂਪ ਬੇਹੋਸ਼ ਹੋ ਗਿਆ, ਉਦੋਂ 200 ਦੇ ਕਰੀਬ ਝਾਰਖੰਡ ਪੁਲੀਸ, ਸਰਕਾਰੀ ਸੁਰੱਖਿਆ ਤਾਕਤਾਂ ਅਤੇ ਟੀ.ਪੀ.ਸੀ. ਦੇ 'ਯੋਧਿਆਂ' ਨੇ ਉਨ੍ਹਾਂ ਦੇ ਹਥਿਆਰ ਕਬਜ਼ੇ 'ਚ ਲੈ ਲਏ ਅਤੇ ਉਨ੍ਹਾਂ ਵਿਚੋਂ ਦਸ ਆਗੂ ਮਾਓਵਾਦੀਆਂ ਨੂੰ ਚੁਣ ਕੇ ਕਤਲ ਕਰ ਦਿੱਤਾ ਅਤੇ ਉਨ੍ਹਾਂ ਦੇ ਬਾਕੀ ਪੰਝੀ ਸਾਥੀਆਂ ਨੂੰ ਅਗਵਾ ਕਰ ਕੇ ਲੈ ਗਏ। ਇਸ ਆਪਸੀ ਲੜਾਈ ਦੇ ਹਾਲਾਤ, ਪੁਲਿਸ ਤੇ ਸੁਰੱਖਿਆ ਤਾਕਤਾਂ ਦਾ ਮੌਕੇ 'ਤੇ ਪਹੁੰਚਣ ਦਾ ਨਾਟਕੀ ਵੇਰਵਾ ਅਤੇ ਟੀ.ਪੀ.ਸੀ. ਦਾ ਪਿਛਲਾ ਇਤਿਹਾਸ ਦਰਸਾਉਂਦੇ ਹਨ ਕਿ ਇਹ ਸਟੇਟ ਮਸ਼ੀਨਰੀ ਦੀ ਵਿਉਂਤਬਧ ਕਾਰਵਾਈ ਸੀ; ਦੋ ਦਹਾਕਿਆਂ ਦੀਆਂ ਕਈ ਮਿਸਾਲਾਂ ਵਰਗੀ ਇਕ ਹੋਰ ਮਿਸਾਲ।

ਦਸੰਬਰ 1999 ਵਿਚ ਪੁਰਾਣੇ ਸੀ.ਪੀ.ਆਈ. (ਐੱਮ.ਐੱਲ.)-ਪੀਪਲਜ਼ ਵਾਰ (ਜਿਸ ਨੇ ਹੋਰ ਮਾਓਵਾਦੀ ਗਰੁੱਪਾਂ ਨਾਲ ਮਿਲ ਕੇ ਮੌਜੂਦਾ ਮਾਓਵਾਦੀ ਪਾਰਟੀ ਬਣਾਉਣ 'ਚ ਮੁੱਖ ਭੂਮਿਕਾ ਨਿਭਾਈ) ਦੇ ਤਿੰਨ ਚੋਟੀ ਦੇ ਆਗੂਆਂ ਨੂੰ ਬੰਗਲੌਰ ਵਿਚੋਂ ਇਸੇ ਤਰ੍ਹਾਂ ਬੇਹੋਸ਼ੀ ਦੀ ਹਾਲਤ 'ਚ ਗ੍ਰਿਫ਼ਤਾਰ ਕਰ ਕੇ ਰਾਤੋ ਰਾਤ ਆਂਧਰਾ ਪ੍ਰਦੇਸ਼ ਦੇ ਕਰੀਮਨਗਰ ਜ਼ਿਲ੍ਹੇ ਦੇ ਜੰਗਲਾਂ ਵਿਚ ਲਿਜਾ ਕੇ 'ਮੁਕਾਬਲੇ' ਵਿਚ ਮਰੇ ਦਿਖਾ ਦਿੱਤਾ ਸੀ। ਇੰਨਾ ਹੀ ਨਹੀਂ, ਜਿਸ ਥਾਂ 'ਤੇ ਮੁਕਾਬਲਾ ਬਣਾਇਆ ਗਿਆ, ਉੱਥੇ ਖੇਤਾਂ 'ਚ ਕੰਮ ਕਰਦੇ ਇਕ ਸਾਧਾਰਨ ਪੇਂਡੂ ਨੂੰ ਵੀ ਨਾਲ ਹੀ ਮਾਰ ਮੁਕਾਇਆ ਸੀ ਤਾਂ ਜੋ ਮਰਨ ਵਾਲਿਆਂ 'ਚ ਸਥਾਨਕ ਵਿਅਕਤੀ ਦਿਖਾ ਕੇ ਸੱਚੇ ਮੁਕਾਬਲੇ ਦਾ ਭੁਲੇਖਾ ਪਾਇਆ ਜਾ ਸਕੇ। ਇਹ ਫਰਜ਼ੀ ਮੁਕਾਬਲੇ ਦਾ ਝੂਠ ਨੰਗਾ ਹੋ ਜਾਣ ਦਾ ਡਰ ਹੀ ਸੀ ਜਿਸ ਕਾਰਨ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਵੱਲੋਂ ਇਸ 'ਮੁਕਾਬਲੇ' ਦੀ ਜੁਡੀਸ਼ੀਅਲ ਜਾਂਚ ਕਰਾਏ ਜਾਣ ਦੀ ਪੂਰੀ ਤਰ੍ਹਾਂ ਵਾਜਬ ਤੇ ਮਾਮੂਲੀ ਜਿਹੀ ਮੰਗ ਆਂਧਰਾ ਹਕੂਮਤ ਨੇ ਇਕਦਮ ਠੁਕਰਾ ਦਿੱਤੀ ਸੀ। ਮਾਓਵਾਦੀ ਲਹਿਰ ਦੇ ਇਸ ਗੜ੍ਹ ਅੰਦਰ ਆਗੂਆਂ ਨੂੰ ਇਸ ਤਰ੍ਹਾਂ ਧੋਖੇ ਨਾਲ ਮਾਰਨ ਦੀਆਂ ਘਟਨਾਵਾਂ ਉਦੋਂ ਤਕ ਵਾਪਰਦੀਆਂ ਰਹੀਆਂ ਜਦੋਂ ਤੱਕ ਭਾਰੀ ਨੁਕਸਾਨਾਂ ਦੇ ਦਬਾਅ ਹੇਠ ਬਾਕੀ ਬਚੀ ਮਾਓਵਾਦੀ ਲੀਡਰਸ਼ਿਪ ਆਪਣਾ ਮੁੱਖ ਗੜ੍ਹ-ਉੱਤਰੀ ਤੇਲੰਗਾਨਾ-ਛੱਡ ਕੇ ਛੱਤੀਸਗੜ੍ਹ 'ਚ ਪਿੱਛੇ ਨਹੀਂ ਹਟ ਗਈ। ਫਿਰ ਇਕ ਵੱਡੀ ਘਟਨਾ 18 ਮਾਰਚ 2008 ਨੂੰ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿਚ ਵਾਪਰੀ ਜਿੱਥੇ 'ਜ਼ਬਰਦਸਤ ਮੁਕਾਬਲੇ' ਦੌਰਾਨ ਛੱਤੀਸਗੜ੍ਹ ਪੁਲਿਸ ਨੇ 14 ਮਾਓਵਾਦੀਆਂ ਦਾ ਸਫ਼ਾਇਆ ਕਰਨ ਦਾ ਦਾਅਵਾ ਕੀਤਾ ਸੀ ਜੋ ਸੁਰੱਖਿਆ ਤਾਕਤਾਂ ਵਲੋਂ ਅਸਲ ਵਿਚ ਇਸੇ ਤਰ੍ਹਾਂ ਆਪਣੇ ਮੁਖ਼ਬਰ ਰਾਹੀਂ ਖਾਣੇ ਵਿਚ ਜ਼ਹਿਰ ਮਿਲਾ ਕੇ ਮਾਰੀ 'ਮੱਲ' ਸੀ। ਪੁਲਿਸ ਵਲੋਂ ਪੇਸ਼ ਕੀਤੀ ਕਹਾਣੀ ਨਾ ਘੋਖੀ ਪੱਤਰਕਾਰਾਂ ਨੂੰ ਹਜ਼ਮ ਹੋਈ ਸੀ, ਨਾ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੂੰ।

ਭਾਰਤੀ ਹੁਕਮਰਾਨਾਂ ਦਾ ਰਵੱਈਆ ਦਰਸਾਉਂਦਾ ਕਿ ਉਹ ਉਸ ਮਸਲੇ ਦਾ ਕੋਈ ਰਾਜਸੀ ਹੱਲ ਕੱਢਣ ਲਈ ਤਿਆਰ ਨਹੀਂ ਹਨ ਜਿਸ ਨੂੰ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 2008 ਵਿਚ 'ਭਾਰਤ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਦੱਸ ਕੇ ਆਪਣੇ ਹੀ ਲੋਕਾਂ ਵਿਰੁੱਧ ਅਣਐਲਾਨੀ ਜੰਗ ਨੂੰ ਹਰੀ ਝੰਡੀ ਦਿੱਤੀ ਸੀ। ਮੁਲਕ ਦੀ ਹੁਕਮਰਾਨ ਜਮਾਤ ਸਿਆਸੀ ਮਸਲਿਆਂ ਦਾ ਫ਼ੌਜੀ ਇਲਾਜ ਕਰਨ 'ਚ ਅੰਨ੍ਹਾ ਯਕੀਨ ਰੱਖਦੀ ਹੈ; ਇਸ ਦੀ ਮਨੁੱਖੀ ਕੀਮਤ ਭਾਵੇਂ ਕੋਈ ਵੀ ਤਾਰਨੀ ਪਵੇ। ਮਾਓਵਾਦ ਤੋਂ ਪ੍ਰਭਾਵਿਤ ਨੌਂ ਸੂਬਿਆਂ ਦੀ ਅੰਦਾਜ਼ਨ 7 ਤੋਂ ਲੈ ਕੇ 8 ਲੱਖ ਪੁਲਿਸ ਨਫ਼ਰੀ ਮੁੱਖ ਤੌਰ 'ਤੇ ਇਸੇ ਲਹਿਰ ਨਾਲ ਨਜਿੱਠਣ 'ਚ ਰੁਝੀ ਹੋਈ ਹੈ। ਇਸ ਤੋਂ ਬਿਨਾਂ ਪੌਣੇ ਦੋ ਲੱਖ ਦੇ ਕਰੀਬ ਕੇਂਦਰੀ ਸੁਰੱਖਿਆ ਤਾਕਤਾਂ ਤਾਇਨਾਤ ਹਨ। ਜੇ ਗਿਣਤੀ ਦੇ ਲਿਹਾਜ਼ ਨਾਲ ਦੇਖਣਾ ਹੋਵੇ ਤਾਂ ਇਨ੍ਹਾਂ ਕੱਲੇ ਕੱਲੇ ਸੂਬਿਆਂ ਦੀ ਪੁਲਿਸ ਨਫ਼ਰੀ ਹੀ ਕਈ ਯੂਰਪੀ ਮੁਲਕਾਂ ਦੀ ਕੁਲ ਪੁਲਿਸ ਨਫ਼ਰੀ ਤੋਂ ਵੱਧ ਹੈ।

ਸਟੇਟ ਵੱਲੋਂ ਆਉਣ ਵਾਲੇ ਸਮੇਂ 'ਚ ਫ਼ੌਜ ਨੂੰ ਸ਼ਾਮਲ ਕਰ ਕੇ ਇਸ ਲੜਾਈ ਨੂੰ ਹੋਰ ਤੇਜ਼ ਕਰਨ ਦੇ ਸਾਫ਼ ਸੰਕੇਤ ਹਨ। ਹਾਲ ਹੀ ਵਿਚ ਮੀਡੀਆ ਦੀਆਂ ਰਿਪੋਰਟਾਂ 'ਚ ਕੇਂਦਰ ਸਰਕਾਰ ਅਤੇ ਫ਼ੌਜੀ ਕਮਾਂਡ ਦਰਮਿਆਨ ਮਾਓਵਾਦੀ ਬਗ਼ਾਵਤ ਨਾਲ ਹੋਰ ਕਰੜੇ ਹੱਥੀਂ ਨਜਿੱਠਣ ਦੇ ਰੇੜਕੇ ਦੇ ਕੁਝ ਅਹਿਮ ਅੰਦਰੂਨੀ ਵੇਰਵੇ ਨਸ਼ਰ ਹੋਏ ਹਨ। ਫ਼ੌਜੀ ਇਲਾਜ ਦਾ ਸਭ ਤੋਂ ਜੋਸ਼ੀਲਾ ਚੈਂਪੀਅਨ ਚਿਦੰਬਰਮ ਧੜਾ ਸ਼ੁਰੂ ਤੋਂ ਹੀ ਸੁਰੱਖਿਆ ਬਾਰੇ ਕੈਬਨਿਟ ਕਮੇਟੀ ਉੱਪਰ ਜ਼ੋਰ ਪਾਉਂਦਾ ਆ ਰਿਹਾ ਹੈ ਕਿ ਇਸ ਜੰਗ ਵਿਚ ਕੇਂਦਰ ਸਰਕਾਰ ਦੇ ਸਾਰੇ ਵਸੀਲੇ ਝੋਕ ਦਿੱਤੇ ਜਾਣ। ਮਾਓਵਾਦੀਆਂ ਦੇ ਗੜ੍ਹਾਂ ਛੱਤੀਸਗੜ੍ਹ, ਝਾਰਖੰਡ ਅਤੇ ਉੜੀਸਾ ਵਿਚਲੇ ਕੈਂਪਾਂ ਉੱਪਰ ਜੀ.ਪੀ.ਐੱਸ. (ਗਲੋਬਲ ਪੁਜੀਸ਼ਨਿੰਗ ਸਿਸਟਮ) ਦੀ ਮੱਦਦ ਨਾਲ ਉਸੇ ਤਰ੍ਹਾਂ ਦੀ ਅੰਨ੍ਹੇਵਾਹ ਬੰਬਾਰੀ ਕੀਤੀ ਜਾਵੇ ਜਿਸ ਤਰ੍ਹਾਂ ਦੀ ਬੰਬਾਰੀ ਅਮਰੀਕੀ ਤਾਕਤਾਂ ਅਫ਼ਗਾਨਿਸਤਾਨ, ਇਰਾਕ ਜਾਂ ਹੋਰ ਮੁਲਕਾਂ ਵਿਚ ਇਸਲਾਮਿਕ ਜਹਾਦੀਆਂ ਉੱਪਰ ਕਰ ਰਹੀਆਂ ਹਨ। ਕਿਸੇ ਨੂੰ ਭੁਲੇਖਾ ਨਹੀਂ ਰਹਿਣਾ ਚਾਹੀਦਾ ਕਿ ਅਮਰੀਕੀ ਹੁਕਮਰਾਨ ਭਾਰਤੀ ਸਟੇਟ ਦੀ ਸਥਾਨਕ "ਦਹਿਸ਼ਤਵਾਦ ਵਿਰੁੱਧ ਜੰਗ" ਵਿਚ ਵਿਚਾਰਧਾਰਕ ਤੌਰ 'ਤੇ ਹੀ ਨਹੀਂ, ਵਿਹਾਰਕ ਤੌਰ 'ਤੇ ਵੀ ਸ਼ਾਮਲ ਹਨ। ਆਲਮੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦਾ ਉਨ੍ਹਾਂ ਉੱਪਰ ਇਸ ਜੰਗ ਦਾ ਛੇਤੀ ਤੋਂ ਛੇਤੀ ਨਿਬੇੜਾ ਕਰਨ ਲਈ ਭਾਰੀ ਦਬਾਅ ਹੈ ਜਿਸ ਦਾ ਮੋਹਰਾ ਚਿਦੰਬਰਮ-ਮਨਮੋਹਨ-ਮੌਂਟੇਕ ਸਿੰਘ ਤਿੱਕੜੀ ਹੈ। ਅਮਰੀਕੀ ਰਾਸ਼ਟਰਪਤੀ ਦੀ ਨਵੰਬਰ 2010 ਦੀ ਭਾਰਤ ਫੇਰੀ ਸਮੇਂ ਇਹ ਮੁੱਖ ਏਜੰਡਾ ਸੀ। ਵ੍ਹਾਈਟ ਹਾਊਸ ਦੇ ਬੁਲਾਰੇ ਰੌਬਰਟ ਜਿਬਸ ਨੇ ਸਪਸ਼ਟ ਕਿਹਾ ਸੀ ਕਿ "ਦਹਿਸ਼ਤਵਾਦ ਦਾ ਵਿਰੋਧ" ਬਰਾਕ ਓਬਾਮਾ ਦੀ ਫੇਰੀ ਦਾ ਮੁੱਖ ਏਜੰਡਾ ਰਹੇਗਾ ਕਿਉਂਕਿ ਤੇਜ਼ੀ ਨਾਲ ਆਰਥਿਕ ਵਿਕਾਸ ਕਰ ਰਹੇ ਏਸ਼ੀਆ, ਖ਼ਾਸ ਕਰ ਕੇ ਭਾਰਤ ਵਿਚ "ਸਾਡੇ ਪੂੰਜੀਨਿਵੇਸ਼" ਦੇ ਹਿੱਤ ਦਾਅ ਉਤੇ ਲੱਗੇ ਹੋਏ ਹਨ।

ਪਿਛਲੇ ਸਾਲ ਅਗਸਤ ਵਿਚ ਫ਼ੌਜ ਦੀ ਬਾਗ਼ੀ ਜਥੇਬੰਦੀਆਂ ਵਿਰੋਧੀ ਵਿਸ਼ੇਸ਼ ਤਾਕਤ-ਰਾਸ਼ਟਰੀਆ ਰਾਈਫਲਜ਼-ਦੀ 30,000 ਨਫ਼ਰੀ ਤਾਇਨਾਤ ਕਰਨ ਦੀ ਗ੍ਰਹਿ ਮੰਤਰਾਲੇ ਦੀ ਤਜਵੀਜ਼ ਨਹੀਂ ਸੀ ਮੰਨੀ ਗਈ। "ਇਸ ਪੜਾਅ ਉੱਪਰ" ਅਸਹਿਮਤੀ ਨੂੰ ਦੇਖਦਿਆਂ ਇਹ ਸਿਰਫ਼ ਆਰਜ਼ੀ ਤੌਰ 'ਤੇ ਵਾਪਸ ਲਈ ਗਈ ਸੀ। ਯੋਜਨਾ ਦੇ ਬਾਕੀ ਪਹਿਲੂ ਸੁਖਾਲਿਆਂ ਹੀ ਸਵੀਕਾਰ ਕਰ ਲਏ ਗਏ ਸਨ। ਜ਼ਾਹਿਰ ਹੈ ਕਿ ਬਾਗ਼ੀ ਲਹਿਰਾਂ ਪ੍ਰਤੀ ਬੁਨਿਆਦੀ ਪਹੁੰਚ ਬਾਰੇ ਹੁਕਮਰਾਨਾਂ 'ਚ ਕੋਈ ਮਤਭੇਦ ਨਹੀਂ ਹਨ; ਸਿਰਫ਼ ਫ਼ੌਜੀ ਕਾਰਵਾਈ ਦੇ 'ਢੁਕਵੇਂ' ਸਮੇਂ ਬਾਰੇ ਦੋਇਮ ਦਰਜੇ ਦੇ ਮਤਭੇਦ ਹਨ। ਫ਼ੌਜ ਨੂੰ ਅਜੇ ਸਿੱਧੇ ਰੂਪ 'ਚ ਇਸ ਲੜਾਈ 'ਚ ਸ਼ਾਮਲ ਨਾ ਦੇ ਕਾਰਨ ਸਿਆਸੀ ਹਨ। ਹੁਕਮਰਾਨ 2014 'ਚ ਆ ਰਹੀਆਂ ਆਮ ਲੋਕ ਸਭਾ ਚੋਣਾਂ ਤਕ ਥੋੜ੍ਹਾ ਬਚ ਬਚਾ ਕੇ ਚੱਲਣਾ ਚਾਹੁੰਦੇ ਹਨ। ਚੋਣਾਂ ਹੁੰਦੇ ਸਾਰ ਵੱਡਾ ਹਮਲਾ ਸਾਹਮਣੇ ਆਉਣ ਦਾ ਪੂਰਾ ਖਦਸ਼ਾ ਹੈ। ਸਵਾਲ ਇਹ ਹੈ ਕਿ ਹਾਲੀਆ ਘਟਨਾਵਾਂ ਵਰਗੇ ਭਾਰੀ ਨੁਕਸਾਨ ਝੱਲ ਰਹੇ ਮਾਓਵਾਦੀ, ਸਿਰ 'ਤੇ ਮੰਡਲਾ ਰਹੇ ਫ਼ੌਜੀ ਹਮਲੇ ਦਾ ਸਾਹਮਣਾ ਕਿਵੇਂ ਕਰਦੇ ਹਨ।

# ਪਾਕਿਸਤਾਨ ਚੋਣਾਂ: ਅਮਰੀਕਾ ਨਾਲ ਦੋਸਤੀ ਬਣੇਗਾ ਮੁੱਖ ਸਵਾਲ

ਮਹਿਮੂਦ ਸ਼ਾਮ

ਪਾਕਿਸਤਾਨ 'ਚ 11 ਮਈ ਨੂੰ ਹੋ ਰਹੀਆਂ ਚੋਣਾਂ ਦਾ ਦਿਨ ਨੇੜੇ ਆਉਣ ਨਾਲ ਸਰਗਰਮੀ ਵੀ ਵਧ ਰਹੀ ਹੈ। ਚੋਣਾਂ ਕਮਿਸ਼ਨ ਅਤੇ ਸੁਪਰੀਮ ਕੋਰਟ ਵੱਲੋਂ ਕਈ ਮਾਮਲਿਆਂ ਵਿਚ ਸਖਤੀ ਵਰਤੀ ਜਾ ਰਹੀ ਹੈ। ਦੋਹਾਂ ਦੀ ਕੋਸ਼ਿਸ਼ ਤਾਂ ਸਪੱਸ਼ਟ ਤੌਰ 'ਤੇ ਇਹ ਹੈ ਕਿ ਚੋਣਾਂ ਸ਼ਾਂਤਮਈ ਢੰਗ ਨਾਲ ਹੋਣ ਅਤੇ ਅਜਿਹੇ ਲੋਕ ਉਮੀਦਵਾਰਾਂ ਦੇ ਰੂਪ 'ਚ ਸਾਹਮਣੇ ਆਉਣ ਜਿਨ੍ਹਾਂ ਕੋਲ ਘੱਟੋ-ਘੱਟ ਪੜ੍ਹਾਈ ਦੀਆਂ ਡਿਗਰੀਆਂ ਹੋਣ।

ਇਕ ਵਿਦਿਆਰਥਣ ਨੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਸੀ ਕਿ ਵੋਟਰਾਂ ਨੂੰ ਇਹ ਛੋਟ ਦੇ ਦਿੱਤੀ ਜਾਵੇ ਕਿ ਉਹ ਇਕ ਖਾਨੇ ਵਿਚ ਲਿਖ ਸਕਣ ਕਿ ਉਨ੍ਹਾਂ ਨੂੰ ਚੋਣ ਮੈਦਾਨ 'ਚ ਉਤਰੇ ਉਮੀਦਵਾਰਾਂ ਵਿਚੋਂ ਕੋਈ ਵੀ ਪਸੰਦ ਨਹੀਂ। ਚੋਣ ਕਮਿਸ਼ਨ ਵੱਲੋਂ ਇਸ ਸੁਝਾਅ ਨੂੰ ਬਕਾਇਦਾ ਮੰਨ ਲਿਆ ਗਿਆ ਹੈ। ਹੁਣ ਸਾਰੀਆਂ ਸਿਆਸੀ ਪਾਰਟੀਆਂ ਰੌਲਾ ਪਾ ਰਹੀਆਂ ਹਨ ਕਿ ਇਹ ਗੈਰ-ਜਮਹੂਰੀ ਤਰੀਕਾ ਹੈ, ਮਜ਼ਾਕ ਹੈ।

ਇਕ ਪਾਸੇ ਤਾਂ ਇਹ ਸਭ ਹੋ ਰਿਹਾ ਹੈ, ਤਾਂ ਦੂਜੇ ਪਾਸੇ ਬਿਲਾਵਲ ਭੁੱਟੋ ਜ਼ਰਦਾਰੀ ਨੇ ਆਪਣੇ ਨਾਨੇ ਜ਼ੁਲਿਫਕਾਰ ਅਲੀ ਭੁੱਟੋ ਦੀ 34ਵੀਂ ਬਰਸੀ 'ਤੇ ਇਕ ਜਲਸੇ ਨੂੰ ਸੰਬੋਧਨ ਕੀਤਾ ਹੈ। ਇਹ ਉਸ ਦੀ ਵਿਧੀਪੂਰਵਕ ਚੋਣ ਮੁਹਿੰਮ ਦੀ ਸ਼ੁਰੂਆਤ ਸੀ। ਉਸ ਨੇ ਆਪਣੀ ਪਾਰਟੀ ਲਈ ਵੋਟਾਂ ਮੰਗੀਆਂ ਅਤੇ ਖਾਸ ਕਰ ਕੇ ਆਪਣੀ ਭੂਆ ਫਰਿਆਲ ਤਾਲਪੁਰ ਲਈ ਅਪੀਲ ਕੀਤੀ ਜੋ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਵਾਲੀ ਸੀਟ ਤੋਂ ਉਮੀਦਵਾਰ ਹੈ। ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਦੇ ਬਾਵਜੂਦ ਬਿਲਾਵਲ 2 ਅਪ੍ਰੈਲ ਨੂੰ ਦੁਬਈ ਤੋਂ ਵਾਪਸ ਪਾਕਿਸਤਾਨ ਪਹੁੰਚ ਗਏ। ਬਿਲਾਵਲ ਵਾਲੇ ਜਲਸੇ ਵਿਚ ਰਾਸ਼ਟਰਪਤੀ ਜ਼ਰਦਾਰੀ ਨੇ ਵੀ ਸੰਬੋਧਨ ਕੀਤਾ ਤੇ ਕਿਹਾ ਕਿ 5 ਵਰ੍ਹਿਆਂ ਤੋਂ ਸਾਥੋਂ ਗਲਤੀਆਂ ਵੀ ਹੋਈਆਂ ਹੋਣਗੀਆਂ, ਪਰ ਅਸੀਂ ਪਾਕਿਸਤਾਨ ਨੂੰ ਸਹੀ ਦਿਸ਼ਾ ਦੇ ਦਿੱਤੀ ਹੈ।

ਇਸ ਸਮੇਂ ਭਾਵੇਂ ਪਾਕਿਸਤਾਨ ਵਿਚ ਕੇਂਦਰ ਤੇ ਸੂਬਿਆਂ ਵਿਚ ਕੰਮ ਚਲਾਊ ਸਰਕਾਰਾਂ ਚੱਲ ਰਹੀਆਂ ਹਨ, ਪਰ ਅਮਲੀ ਤੌਰ 'ਤੇ ਚੀਫ ਜਸਟਿਸ ਅਤੇ ਮੁੱਖ ਚੋਣ ਕਮਿਸ਼ਨਰ ਦਾ ਰਾਜ ਹੈ। ਚੀਫ ਜਸਟਿਸ ਚੋਣ ਕਮਿਸ਼ਨ ਨੂੰ ਹੁਕਮ ਦਿੰਦਾ ਹੈ ਅਤੇ ਚੋਣ ਕਮਿਸ਼ਨ ਕੰਮ ਚਲਾਊ ਸਰਕਾਰਾਂ ਨੂੰ। ਸਾਰੇ ਸੈਕਟਰੀ ਬਦਲੇ ਜਾ ਰਹੇ ਹਨ, ਜਾਅਲੀ ਡਿਗਰੀਆਂ ਵਾਲੇ ਸਾਬਕਾ ਵਿਧਾਇਕਾਂ ਨੂੰ 3-3 ਸਾਲਾਂ ਲਈ ਜੇਲ੍ਹ ਭੇਜਿਆ ਜਾ ਰਿਹਾ ਹੈ। ਇਸੇ ਤਰ੍ਹਾਂ ਦੋਹਰੀ ਨਾਗਰਿਕਤਾ ਵਾਲਿਆਂ ਨੂੰ ਵੀ ਗ੍ਰਿਫਤਾਰ ਕੀਤਾ ਜਾ ਰਿਹਾ ਹੈ।

ਨਾਮਜ਼ਦਗੀ ਪੱਤਰਾਂ ਦੀ ਜਾਂਚ-ਪੜਤਾਲ ਅਜੇ ਜਾਰੀ ਹੈ। ਸੰਵਿਧਾਨ ਦੀ ਧਾਰਾ 62-63 ਦੇ ਤਹਿਤ ਬਹੁਤ ਸਖਤ ਨਿਗਰਾਨੀ ਹੋ ਰਹੀ ਹੈ। ਫੈਡਰਲ ਬਿਊਰੋ ਆਫ ਰੈਵੇਨਿਊ ਤੋਂ ਸੂਚੀਆਂ ਲਈਆਂ ਜਾ ਰਹੀਆਂ ਹਨ ਕਿ ਕਿਸ-ਕਿਸ ਤੋਂ ਟੈਕਸ ਵਸੂਲਿਆ ਜਾ ਰਿਹਾ ਹੈ। ਸਟੇਟ ਬੈਂਕ ਆਫ ਪਾਕਿਸਤਾਨ ਇਹ ਸੂਚਨਾ ਦੇ ਰਿਹਾ ਹੈ ਕਿ ਕਿਸ-ਕਿਸ ਵੱਲ ਬੈਂਕਾਂ ਦੇ ਕਰਜ਼ੇ ਹਨ। ਨਾਮਜ਼ਦਗੀ ਪੱਤਰਾਂ ਦੀ ਜਾਂਚ-ਪੜਤਾਲ ਦੇ ਆਖਰੀ ਦਿਨ ਤਕ ਪਤਾ ਨਹੀਂ ਕਿੰਨੇ ਉਮੀਦਵਾਰਾਂ ਦੇ ਕਾਗਜ਼ ਰੱਦ ਕਰ ਦਿੱਤੇ ਜਾਣਗੇ। ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੇ ਕਾਗਜ਼ ਚਾਰ ਥਾਵਾਂ ਤੋਂ ਰੱਦ ਹੋ ਗਏ ਹਨ।

ਕਾਗਜ਼ ਦਾਖਲ ਕਰਦੇ ਸਮੇਂ ਸਵਾਲ ਕੀਤੇ ਜਾ ਰਹੇ ਹਨ ਅਤੇ ਕਲਮਾਂ, ਕੁਰਾਨੇ-ਪਾਕ ਦੀਆਂ ਆਇਤਾਂ, ਰਾਸ਼ਟਰੀ ਗਾਨ ਸੁਣੇ ਜਾ ਰਹੇ ਹਨ। ਚੰਗਾ ਹਾਸਾ-ਮਜ਼ਾਕ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਇਹ ਚੋਣਾਂ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਹੋ ਰਹੀਆਂ ਹਨ। ਕੰਮ ਚਲਾਊ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਖਾਮੋਸ਼ ਤਮਾਸ਼ਬੀਨ ਬਣੇ ਹੋਏ ਹਨ।

ਸੀਨੀਅਰ ਪੱਤਰਕਾਰ ਨਜ਼ਮ ਸੇਠੀ ਪੰਜਾਬ ਸੂਬੇ ਦੇ ਕੰਮ ਚਲਾਊ ਮੁੱਖ ਮੰਤਰੀ ਬਣ ਚੁੱਕੇ ਹਨ। ਕੰਮ ਚਲਾਊ ਖੇਤਰੀ ਮੰਤਰੀ ਮੰਡਲ 'ਚ ਇਕ ਹੋਰ ਸੀਨੀਅਰ ਸੰਪਾਦਕ ਆਰਿਫ ਨਿਜ਼ਾਮੀ ਨੂੰ ਸੂਚਨਾ ਤੇ ਪ੍ਰਸਾਰਨ ਮੰਤਰੀ ਬਣਾਇਆ ਗਿਆ ਹੈ। ਪਾਕਿਸਤਾਨ ਦੇ ਪੱਤਰਕਾਰਾਂ 'ਚ ਇਹ ਬਹਿਸ ਚੱਲ ਰਹੀ ਹੈ ਕਿ ਕਿਸੇ ਪੱਤਰਕਾਰ ਨੂੰ ਹੁਣ ਸਰਕਾਰੀ ਅਹੁਦਾ ਸੰਭਾਲਣਾ ਚਾਹੀਦਾ ਹੈ ਜਾਂ ਨਹੀਂ। ਬਹੁਤਿਆਂ ਦੀ ਰਾਏ ਉਲਟ ਹੈ।

ਸਾਰੀਆਂ ਸਿਆਸੀ ਪਾਰਟੀਆਂ ਲਈ ਮੁਸ਼ਕਿਲਾਂ ਵਧ ਰਹੀਆਂ ਹਨ। ਇਸ ਦੌੜ ਵਿਚ ਥਾਂ-ਥਾਂ ਅੜਿੱਕੇ ਹਨ। ਬਹੁਤ ਸਾਰੇ ਉਮੀਦਵਾਰ ਤਾਂ ਮੁੱਢਲੇ ਦੌਰ 'ਚ ਹੀ ਮੁਕਾਬਲੇ ਤੋਂ ਬਾਹਰ ਹੋ ਸਕਦੇ ਹਨ। ਇਸ ਹਫਤੇ ਦੇ ਅਖੀਰ ਵਿਚ ਪਤਾ ਲੱਗ ਜਾਵੇਗਾ ਕਿ ਕਿਹੜਾ-ਕਿਹੜਾ ਮੈਦਾਨ 'ਚ ਰਹਿ ਗਿਆ ਹੈ। ਕਈ ਪਾਰਟੀਆਂ ਦੇ ਮਜ਼ਬੂਤ ਉਮੀਦਵਾਰ ਵੀ ਬਾਹਰ ਹੋ ਸਕਦੇ ਹਨ ਅਤੇ ਇਸ ਤੋਂ ਬਾਅਦ ਹੀ ਪਾਰਟੀਆਂ ਤੈਅ ਕਰਨਗੀਆਂ ਕਿ ਕਿੰਨੀਆਂ ਸੀਟਾਂ 'ਤੇ ਚੋਣ ਲੜੀ ਜਾ ਸਕਦੀ ਹੈ।

ਹੁਣ ਆਮ ਰਾਏ ਇਹ ਹੈ ਕਿ ਇਨ੍ਹਾਂ ਸਾਰੇ ਕਦਮਾਂ ਤੋਂ ਬਾਅਦ ਸੰਭਾਵਨਾ ਇਹੋ ਹੈ ਕਿ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲ ਸਕੇਗਾ। ਇਸ ਵਾਰ ਚੋਣਾਂ ਤੋਂ ਬਾਅਦ ਲੰਗੜੀ ਸੰਸਦ ਸਾਹਮਣੇ ਆ ਸਕਦੀ ਹੈ। ਸਪੱਸ਼ਟ ਤੌਰ 'ਤੇ ਪਾਕਿਸਤਾਨ ਪੀਪਲਜ਼ ਪਾਰਟੀ, ਪਾਕਿਸਤਾਨੀ ਮੁਸਲਿਮ ਲੀਗ (ਐੱਨ.) ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਦਰਮਿਆਨ ਅਸਲੀ ਮੁਕਾਬਲਾ ਹੋਵੇਗਾ। ਐੱਮ.ਕਿਊ.ਐੱਮ. ਕੌਮੀ ਅਸੈਂਬਲੀ 'ਚ 25 ਅਤੇ ਸਿੰਧ ਅਸੈਂਬਲੀ 'ਚ 52 ਸੀਟਾਂ ਹਾਸਲ ਕਰ ਸਕਦੀ ਹੈ। ਅਵਾਮੀ ਨੈਸ਼ਨਲ ਪਾਰਟੀ ਨੂੰ ਜ਼ਿਆਦਾ ਨੁਕਸਾਨ ਹੋਵੇਗਾ। ਪਾਕਿਸਤਾਨ ਮੁਸਲਿਮ ਲੀਗ (ਕਿਊ.) ਦੀਆਂ ਸੀਟਾਂ ਵੀ ਘਟ ਜਾਣਗੀਆਂ ਤੇ ਜਮੀਅਤ-ਉਲ-ਇਸਲਾਮ ਦੀਆਂ ਸੀਟਾਂ ਵਧ ਸਕਦੀਆਂ ਹਨ।

ਚੰਗੀ ਗੱਲ ਇਹ ਹੈ ਕਿ ਜਮਾਤੇ-ਇਸਲਾਮੀ ਅਤੇ ਬਲੋਚਿਸਤਾਨ ਦੀਆਂ ਸਿਆਸੀ ਪਾਰਟੀਆਂ ਚੋਣਾਂ 'ਚ ਹਿੱਸਾ ਲੈ ਰਹੀਆਂ ਹਨ। ਸਭ ਤੋਂ ਵੱਡੀ ਸਮੱਸਿਆ ਅਤਿਵਾਦੀਆਂ ਦਾ ਵਧਦਾ ਗਲਬਾ ਹੈ ਜੋ ਸਿਆਸੀ ਜਲੂਸਾਂ/ਜਲਸਿਆਂ 'ਤੇ ਵੀ ਹਮਲਾ ਕਰਨਾ ਚਾਹੁੰਦੇ ਹਨ। ਚੋਣ ਮੁਹਿੰਮ 'ਚ ਅਮਰੀਕਾ ਨਾਲ ਦੋਸਤੀ ਦਾ ਸਵਾਲ ਸਭ ਤੋਂ ਉਪਰ ਰਹੇਗਾ।

# ਸਰਦਾਰ, ਦਸਤਾਰ ਤੇ ਕਿਰਦਾਰ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਗੁਰੂ ਨਾਨਕ ਪਾਤਸ਼ਾਹ ਵੱਲੋਂ ਸਾਜੇ ਨਿਰਮਲ ਪੰਥ ਦੇ ਪਾਂਧੀਆਂ ਸਿਰੀਂ ਸੋਂਹਦੀ ਦਸਤਾਰ ਦੇ ਮਹੱਤਵ ਦੀ ਕੋਈ ਹੋਰ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬੀ ਸਭਿਆਚਾਰ ਦੀ ਇਕ ਸਾਖੀ ਸੁਣ ਲਈਏ ਜਿਸ ਦਾ ਜ਼ਿਕਰ ਭਾਈ ਗੁਰਦਾਸ ਨੇ ਆਪਣੀ 32ਵੀਂ ਵਾਰ ਦੀ 19ਵੀਂ ਪਉੜੀ ਵਿਚ ਕੀਤਾ ਹੈ। ਇਹ ਬਿਰਤਾਂਤ ਪੜ੍ਹਿਆਂ ਸਪਸ਼ਟ ਹੋ ਜਾਵੇਗਾ ਕਿ ਪੁਰਾਤਨ ਸਮਿਆਂ ਵਿਚ ਦਸਤਾਰ ਵਿਹੂਣਾ ਹੋਣ ਦਾ ਕੀ ਅਰਥ ਲਿਆ ਜਾਂਦਾ ਸੀ!

'ਠੰਢੇ ਖੂਹੁ ਨ੍ਹਾਇਕੈ ਪੱਗ ਵਿਸਾਰ ਆਇਆ ਸਿਰ ਨੰਗੇ' ਵਾਲੀ ਤੁਕ ਨਾਲ ਸ਼ੁਰੂ ਹੁੰਦੀ ਪਉੜੀ ਮੁਤਾਬਿਕ ਕਿਸੇ ਘਰ ਦਾ ਮੁਖੀਆ ਬੰਦਾ ਅੰਮ੍ਰਿਤ ਵੇਲੇ ਖੇਤਾਂ ਵੱਲ ਗਿਆ ਹੋਇਆ ਖੂਹ 'ਤੇ ਇਸ਼ਨਾਨ ਕਰ ਕੇ ਘਰੇ ਆਇਆ। ਰੱਬ ਜਾਣੇ ਕਾਹਲੀ ਵਿਚ ਜਾਂ ਕਿਸੇ ਹੋਰ ਕਾਰਨ ਉਹ ਆਪਣੀ ਪੱਗ ਉਥੇ ਹੀ ਭੁੱਲ ਆਇਆ। ਉਸ ਨੂੰ ਨੰਗੇ ਸਿਰ ਘਰ ਵੜਦਾ ਦੇਖ ਕੇ ਸਾਰੀਆਂ ਸੁਆਣੀਆਂ ਰੋਣ-ਪਿੱਟਣ ਲੱਗ ਪਈਆਂ। ਆਂਢ-ਗੁਆਂਢ ਦੀਆਂ ਤ੍ਰੀਮਤਾਂ ਅਤੇ ਮਰਦ ਵੀ ਵਿਹੜੇ 'ਚ ਆਣ ਇਕੱਠੇ ਹੋ ਗਏ। ਪਿੰਡਾਂ ਵਿਚ ਮਰਨੇ-ਪਰਨੇ 'ਤੇ ਕਿਰਿਆ-ਕਰਮ ਨਿਭਾਉਣ ਵਾਲੀ ਨੈਣ ਆ ਕੇ ਘਰ ਦੀਆਂ ਬੀਬੀਆਂ ਨੂੰ ਪੁੱਛਣ ਲੱਗੀ ਕਿ ਮ੍ਰਿਤਕ ਪ੍ਰਾਣੀ ਦਾ ਨਾਂ ਦੱਸੋ ਤਾਂ ਕਿ ਉਹਦਾ ਨਾਮ ਲੈ ਕੇ ਮੈਂ ਅਲਾਹੁਣੀ ਪਾਵਾਂ। ਦੁਹੱਥੜਾਂ ਮਾਰਦੀਆਂ ਨੂੰਹਾਂ ਕਹਿੰਦੀਆਂ ਕਿ ਬਾਪੂ ਜੀ ਨੂੰ ਪੁੱਛੋ, ਉਹੀ 'ਸੁਣਾਉਣੀ' ਲੈ ਕੇ ਬਾਹਰੋਂ ਆਏ ਨੇ। ਬਜ਼ੁਰਗ ਨੂੰ ਪੁੱਛਿਆ ਗਿਆ ਤਾਂ ਉਹ ਬੋਲਿਆ ਕਿ ਭਾਈ ਬੀਬਾ ਇਸ ਗੱਲ ਦਾ ਤਾਂ ਬੁੜ੍ਹੀਆਂ ਨੂੰ ਹੀ ਪਤਾ ਹੋਣੈ! ਮਚੀ ਹੋਈ 'ਕਾਵਾਂ-ਰੌਲੀ' ਵਿਚ ਬਾਪੂ ਨੂੰ ਯਾਦ ਕਰਾਇਆ ਗਿਆ ਕਿ ਨੰਗੇ ਸਿਰ ਤਾਂ ਉਹੀ ਘਰ ਵੜੇ ਸਨ।

ਉਨ੍ਹਾਂ ਸਮਿਆਂ ਵਿਚ ਨੰਗੇ ਸਿਰ ਘਰ ਆਏ ਕਿਸੇ ਵਿਅਕਤੀ ਤੋਂ ਇਹੀ ਭਾਵ ਲਿਆ ਜਾਂਦਾ ਸੀ ਕਿ ਉਹ ਕਿਸੇ ਮਰੇ ਪ੍ਰਾਣੀ ਦੀ ਮੰਦਭਾਗੀ ਸੂਚਨਾ ਲੈ ਕੇ ਆਇਆ ਹੈ। ਭਾਈ ਸਾਹਿਬ ਦੀ ਇਹ ਲਿਖਤ ਕੋਈ ਕਪੋਲ-ਕਲਪਨਾ ਨਹੀਂ ਹੋ ਸਕਦੀ। ਇਸੇ ਵਿਦਵਾਨ ਨੇ 30ਵੀਂ ਵਾਰ ਦੀ 7ਵੀਂ ਪਉੜੀ ਵਿਚ ਪੱਗ ਦੀ ਤੁਲਨਾ 'ਸੱਚ' ਨਾਲ ਕੀਤੀ ਹੋਈ ਹੈ:

'ਸੱਚ ਸੋ ਹੈ ਸਿਰ ਪੱਗ ਜਿਉਂ...!'

ਭਾਰਤੀ ਮਿਥਿਹਾਸ ਵਿਚ 'ਕ੍ਰਿਸ਼ਨ-ਸੁਦਾਮੇ' ਵਾਲੀ ਗਾਥਾ ਦਾ ਬਿਆਨ ਕਰਦਿਆਂ ਹਿੰਦੀ ਕਵੀ ਰਹੀਮ ਨੇ ਲਿਖਿਆ ਹੈ ਕਿ ਰਾਜ ਮਹਿਲਾਂ ਵਿਚ ਸਿੰਘਾਸਨ 'ਤੇ ਸਜੇ ਬੈਠੇ ਭਗਵਾਨ ਕ੍ਰਿਸ਼ਨ ਨੂੰ ਦਵਾਰ ਪਾਲ ਅੰਦਰ ਜਾ ਕੇ ਬਾਹਰ ਖੜ੍ਹੇ ਸੁਦਾਮੇ ਦਾ ਹੁਲੀਆ ਦੱਸਦਾ ਹੈ। ਤਨ 'ਤੇ ਝੱਗਾ ਨਾ ਹੋਣ, ਪੈਰੀਂ ਜੁੱਤੀ ਨਾ ਹੋਣ ਜਾਂ ਫਟੀ ਹੋਈ ਧੋਤੀ ਦੀ ਗੱਲ ਕਰਨ ਤੋਂ ਪਹਿਲਾਂ ਉਹ ਅਤਿ ਹੈਰਾਨ ਹੋ ਕੇ ਦੱਸਦਾ ਹੈ ਕਿ ਬਾਹਰ ਖੜ੍ਹਾ ਗਰੀਬੜਾ ਬ੍ਰਾਹਮਣ ਸਿਰ ਤੋਂ ਵੀ ਨੰਗਾ ਹੈ!

'ਸੀਸਪਗਾ, ਨਾ ਝੱਗਾ ਤਨ ਪੇ ਪ੍ਰਭ,
ਜਾਨੇ ਕਿਹ ਆਏ ਬਸੈ ਕਿਹ ਗਾਮਾ।
ਪੂਛਤ ਦੀਨ ਦਯਾਲ ਕੋ ਧਾਮ,
ਬਤਾਵਤ ਅਪਨੋ ਨਾਮ ਸੁਧਾਮਾ।'

ਕਹਿੰਦੇ, ਸੁਦਾਮਾ ਨਾਂ ਕੰਨੀਂ ਪੈਂਦਿਆਂ ਹੀ ਭਗਵਾਨ ਜੀ ਨੰਗੇ ਪੈਰੀਂ ਮੁੱਖ-ਦੁਆਰ ਵੱਲ ਭੱਜੇ ਆਏ। ਆਉਂਦਿਆਂ ਸਾਰ ਉਨ੍ਹਾਂ ਸੁਦਾਮੇ ਨੂੰ ਝੱਗਾ, ਜੁੱਤੀ ਜਾਂ ਧੋਤੀ ਪਹਿਨਣ ਲਈ ਨਹੀਂ ਦਿੱਤੇ, ਸਗੋਂ ਸਭ ਤੋਂ ਪਹਿਲੋਂ ਉਸ ਦਾ ਨੰਗਾ ਸਿਰ ਢਕਿਆ। ਪੈਰ ਨੰਗੇ, ਬਦਨ ਨੰਗਾ ਤੇ ਪਾਟੀ ਹੋਈ ਧੋਤੀ ਬਰਦਾਸ਼ਤ ਹੋ ਸਕਦੀ ਹੈ, ਪਰ ਨੰਗਾ ਸਿਰ ਸਹਿਨ ਨਹੀਂ ਕੀਤਾ ਜਾ ਸਕਦਾ!

ਇਸਲਾਮੀ ਦੇਸ਼ ਈਰਾਨ ਦੀ ਪ੍ਰਸਿੱਧ ਕਹਾਵਤ ਮੁਜਬ ਕਿਸੇ ਬੰਦੇ ਦੀ ਫਿਤਰਤ ਦਾ ਅੰਦਾਜ਼ਾ ਉਸ ਦੀਆਂ ਤਿੰਨ ਨਿਸ਼ਾਨੀਆਂ-ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ, ਤੋਂ ਲਗਾਇਆ ਜਾ ਸਕਦਾ ਹੈ। ਕਹਿਣ ਦਾ ਭਾਵ ਕਿ ਇਸਲਾਮਿਕ ਤਹਿਜ਼ੀਬ ਵਿਚ ਵੀ ਦਸਤਾਰ ਨੂੰ ਅਦਬ ਭਰਿਆ ਰੁਤਬਾ ਹਾਸਿਲ ਹੈ।

ਇਸ ਗੱਲ ਵਿਚ ਕੋਈ ਸ਼ੁਬ੍ਹਾ ਨਹੀਂ ਕਿ ਸਿੱਖ ਫਲਸਫ਼ੇ ਦੇ ਆਗਮਨ ਤੋਂ ਪਹਿਲਾਂ ਵੀ ਭਾਰਤੀ ਪਰੰਪਰਾ ਵਿਚ ਦਸਤਾਰ ਦਾ ਵਿਸ਼ੇਸ਼ ਮਹੱਤਵ ਰਿਹਾ ਹੈ, ਪਰ ਸਿੱਖ ਗੁਰੂ ਸਾਹਿਬਾਨ ਨੇ ਦਸਤਾਰ ਨੂੰ



ਮਰਦ ਪਹਿਰਾਵੇ ਵਿਚ ਪੱਕਾ ਕਰ ਦਿੱਤਾ। ਜਿਵੇਂ ਤਿਹੌਲੇ ਦਾ ਬਣਿਆ ਹੋਇਆ 'ਕੜਾਹ' ਗੁਰੂ ਦਰਬਾਰ ਵਿਚ ਪ੍ਰਵਾਨ ਹੋਣ ਉਪਰੰਤ 'ਪ੍ਰਸ਼ਾਦਿ' ਬਣ ਜਾਂਦਾ ਹੈ। ਇਵੇਂ ਹੀ ਸਿੱਖ ਪੰਥ ਵਿਚ ਪੱਗ ਸਿਰ ਢਕਣ ਦਾ ਮਹਿਜ਼ ਪੰਜ-ਸੱਤ ਗਜ਼ ਕੱਪੜਾ ਹੀ ਨਹੀਂ, ਸਗੋਂ ਅਣਖ ਅਤੇ ਸਵੈਮਾਣ ਦੀ ਪ੍ਰਤੀਕ ਬਣ ਜਾਂਦੀ ਹੈ। ਇਸ ਕਥਨ ਦੀ ਪੁਸ਼ਟੀ ਵਾਸਤੇ ਸਾਡੀ ਪੰਜਾਬੀ ਬੋਲੀ ਵਿਚ ਪੱਗ ਦੇ ਨਾਂ 'ਤੇ ਬਣੇ ਅਨੇਕਾਂ ਮੁਹਾਵਰੇ ਜਾਂ ਅਖਾਣ ਦੇਖੇ ਜਾ ਸਕਦੇ ਹਨ। ਪੱਗ ਵਟਾਉਣੀ, ਪੈਰਾਂ 'ਤੇ ਪੱਗ ਰੱਖਣੀ, ਪੱਗ ਦੀ ਲਾਜ ਪਾਲਣੀ, ਪੱਗ ਨੂੰ ਦਾਗ ਲੱਗਣਾ ਅਤੇ ਪੱਗ ਲੱਥ ਜਾਣੀ ਆਦਿ ਤੋਂ ਸਿੱਧ ਹੁੰਦਾ ਹੈ ਕਿ ਸਾਡੇ ਵਿਰਸੇ ਵਿਚ ਪੱਗ ਨੂੰ ਬਹੁਤ ਡੂੰਘੇ ਅਰਥਾਂ ਵਿਚ ਲਿਆ ਜਾਂਦਾ ਹੈ।

ਇਥੇ ਰਾਜਸਥਾਨ ਦੇ ਅਣਖੀ ਸੂਰਮੇ ਮਹਾਰਾਣਾ ਪ੍ਰਤਾਪ ਦੀ ਪੱਗ ਬਾਰੇ ਪ੍ਰਚਲਿਤ ਘਟਨਾ ਦਾ ਵਰਣਨ ਕਰਨਾ ਕੁਥਾਂ ਨਹੀਂ ਹੋਵੇਗਾ। ਦੱਸਿਆ ਜਾਂਦਾ ਹੈ ਕਿ ਅਕਬਰ ਦਾ ਸਤਾਇਆ ਮਹਾਰਾਣਾ ਪ੍ਰਤਾਪ ਜੰਗਲਾਂ ਵਿਚ ਘੁੰਮ ਰਿਹਾ ਸੀ। ਹੋਰ ਬਹੁਤ ਸਾਰੇ ਰਾਜਪੂਤ ਸਰਦਾਰਾਂ ਨੇ ਅਕਬਰ ਦੀ ਈਨ ਮੰਨ ਲਈ, ਪਰ ਪ੍ਰਤਾਪ ਆਪਣੀ ਇੱਜ਼ਤ ਅਣਖ ਨੂੰ ਸੀਨੇ ਨਾਲ ਲਾਈ ਬਾਗੀ ਹੋਇਆ ਜੰਗਲਾਂ ਵਿਚ ਦਿਨ-ਕਟੀ ਕਰ ਰਿਹਾ ਸੀ। ਇਸ ਤਰ੍ਹਾਂ ਨੰਗ-ਮਲੰਗ ਘੁੰਮਦੇ ਨੂੰ ਕੋਈ ਮਰਾਸੀ ਮੀਰਜ਼ਾਦਾ ਮਿਲ ਗਿਆ। ਉਸ ਨੇ ਪ੍ਰਤਾਪ ਨੂੰ ਮੇਵਾੜ ਦੇ ਕਿਸੇ ਅਣਖੀਲੇ ਸੂਰਮੇ ਦੀ ਵਾਰ ਸੁਣਾਈ। ਮਹਾਰਾਣੇ ਦੀਆਂ ਜੇਬਾਂ ਤਾਂ ਖਾਲ-ਮਖਾਲੀ ਸਨ। ਸੋ ਉਸ ਨੇ ਖੁਸ਼ ਹੁੰਦਿਆਂ ਮਰਾਸੀ ਨੂੰ ਆਪਣੀ ਪੱਗ ਹੀ ਇਨਾਮ ਵਜੋਂ ਦੇ ਦਿੱਤੀ। ਨਾਲ ਹੀ ਉਸ ਤੋਂ ਵਚਨ ਲਿਆ ਕਿ ਜਦ ਤੂੰ ਇਹ ਪੱਗ ਆਪਣੇ ਸਿਰ 'ਤੇ ਬੰਨ੍ਹੀ ਹੋਈ ਹੋਵੇ, ਉਸ ਹਾਲਤ ਵਿਚ ਕਿਤੇ ਅਕਬਰ ਮੋਹਰੇ ਸਿਰ ਨਾ ਝੁਕਾਈਂ। ਕਹਿੰਦੇ ਨੇ, ਮੀਰਜ਼ਾਦੇ ਨੇ ਕੀਤਾ ਹੋਇਆ ਕੌਲ ਪੂਰਾ ਨਿਭਾਇਆ। ਅਕਬਰ ਦੇ ਦਰਬਾਰ ਵਿਚ ਜਾ ਕੇ ਉਸ ਨੇ ਬਾਦਸ਼ਾਹ ਨੂੰ ਸਿਰ ਤਾਂ ਝੁਕਾਇਆ ਪਰ ਮਹਾਰਾਣੇ ਵਾਲੀ ਪੱਗ ਸਿਰ ਤੋਂ ਲਾਹ ਕੇ ਕੱਛ ਵਿਚ ਲੈ ਲਈ!

ਇਸ ਇਤਿਹਾਸਕ ਮਿਸਾਲ ਨੂੰ ਜੇ ਸਿੱਖ ਸਭਿਆਚਾਰ ਦੇ ਨਜ਼ਰੀਏ ਨਾਲ ਪੜਚੋਲੀਏ ਤਾਂ ਫਰਕ ਇਹ ਹੈ ਕਿ ਇਸ ਵਿਚ ਕੇਵਲ ਪੱਗ ਹੀ ਰਾਣੇ ਪ੍ਰਤਾਪ ਦੀ ਹੈ; ਜਦਕਿ ਸਿੱਖ ਪੰਥ ਵਿਚ ਦਸਤਾਰ ਵੀ ਅਤੇ ਸਿਰ ਵੀ-ਦੋਵੇਂ ਗੁਰੂ ਦੀ ਅਮਾਨਤ ਹਨ। ਇਸੇ ਲਈ ਸਿੱਖ ਜੀਵਨ-ਜੁਗਤਿ ਵਿਚ ਸਿਵਾਏ ਗੁਰੂ ਜਾਂ ਅਕਾਲ ਪੁਰਖ ਤੋਂ ਹੋਰ ਕਿਸੇ ਵੀ ਦੁਨਿਆਵੀ ਤਾਕਤ ਅੱਗੇ ਸਿਰ ਝੁਕਾਉਣ ਦੀ ਸਖਤ ਮਨਾਹੀ ਹੈ।

ਇਕ ਸਮੇਂ ਵਿਦਵਾਨਾਂ ਦੀ ਮਹਿਫਲ ਵਿਚ ਸਵਾਲ ਕੀਤਾ ਗਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਰੀਰਕ ਜਾਮੇ ਵਿਚ ਵਿਦਮਾਨ ਹੋਣ ਸਮੇਂ ਉਨ੍ਹਾਂ ਦੇ ਗੁਆਂਢੀ ਬਾਈ ਧਾਰ ਦੇ ਪਹਾੜੀ ਰਾਜੇ ਜਾਂ ਹੋਰ ਰਿਆਸਤਾਂ ਦੇ ਮੁਖੀਏ, ਸਿਰਾਂ 'ਤੇ ਕਲਗੀਆਂ ਲਗਾਉਂਦੇ ਸਨ, ਪਰ ਕਿਸ ਕਾਰਨ ਇਤਿਹਾਸ ਵਿਚ 'ਕਲਗੀਆਂ ਵਾਲਾ' ਪਵਿੱਤਰ ਅਤੇ ਮਾਣ-ਮੱਤਾ ਵਿਸ਼ੇਸ਼ਣ, ਸਿਰਫ਼ ਦਸਮੇਸ਼ ਪਿਤਾ ਵਾਸਤੇ ਮਖਸੂਸ ਹੋ ਗਿਆ? ਸੋਚ ਵਿਚਾਰ ਉਪਰੰਤ ਜਵਾਬ ਇਹ ਆਇਆ ਕਿ ਹੋਰ ਤਮਾਮ ਕਲਗੀਆਂ ਦਿੱਲੀ ਦਰਬਾਰ ਮੋਹਰੇ ਝੁਕ ਜਾਂਦੀਆਂ ਸਨ, ਲੇਕਿਨ ਸਾਹਿਬ ਦਸਵੇਂ ਪਾਤਸ਼ਾਹ ਦੀ ਮੁਬਾਰਕ ਕਲਗੀ ਬਾਰੇ ਅਜਿਹਾ ਸੋਚਣਾ ਤਾਂ ਦੂਰ ਦੀ ਗੱਲ, ਗੁਰੂ ਕੇ ਸਿੱਖਾਂ ਨੇ ਆਪਣੀ ਦਸਤਾਰ ਨੂੰ ਵੀ ਕਿਸੇ ਅੱਗੇ ਹੀਣੀ ਨਹੀਂ ਹੋਣ ਦਿੱਤਾ। ਦਸਮੇਸ਼ ਪਿਤਾ ਦਾ ਦਸਤਾਰ-ਪਿਆਰ ਪਾਉਂਟਾ ਸਾਹਿਬ ਵਿਖੇ ਵੇਖਿਆ ਜਾ ਸਕਦਾ ਹੈ, ਜਿਥੇ ਉਹ ਸਥਾਨ ਹਾਲੇ ਤੱਕ ਕਾਇਮ ਹੈ ਜਿਸ ਜਗ੍ਹਾ ਗੁਰੂ ਮਹਾਰਾਜ ਜੀ ਖੂਬਸੂਰਤ ਦਸਤਾਰਾਂ ਸਜਾਉਣ ਵਾਲੇ ਸਿੰਘਾਂ ਨੂੰ ਇਨਾਮ-ਸਨਮਾਨ ਬਖਸ਼ਦੇ ਹੁੰਦੇ ਸਨ।

ਭਾਈ ਨੰਦ ਲਾਲ 'ਗੋਇਆ' ਨੇ ਵੀ ਆਪਣੇ ਰਹਿਤਨਾਮਿਆਂ ਵਿਚ ਸਿੱਖ ਦੀ ਨਿਤਾ-ਪ੍ਰਤੀ ਜੀਵਨ ਕਿਰਿਆ ਵਿਚ ਪੱਗ ਸਬੰਧੀ ਲਿਖਿਆ ਹੈ,

'ਕੰਘਾ ਦੋਨੋਂ ਵਕਤਿ ਕਰ
ਪਾਗ ਚੁਨੈ ਕਰ ਬਾਂਧਈ,
ਦਾਤਨ ਨੀਤ ਕਰੇ ਨਹਿ
ਦੁਖ ਪਾਵੈ ਲਾਲ ਜੀ।'

ਗੁਰੂ ਸਾਹਿਬਾਨ ਦੀ ਅਪਾਰ ਕ੍ਰਿਪਾ ਸਦਕਾ ਦਸਤਾਰ ਸਿੱਖ ਪੰਥ ਦੀ ਸ਼ਾਨ ਬਣੀ ਚਲੀ ਆ ਰਹੀ ਹੈ। ਇਹ ਅਦੁੱਤੀ ਬਖਸ਼ਿਸ਼ ਹੀ ਹੈ ਕਿ ਲੱਖਾਂ ਵਿਚ ਕੋਈ ਇਕ ਦਸਤਾਰਧਾਰੀ ਖੜ੍ਹਾ ਦਿਖਾਈ ਦੇਵੇ ਤਾਂ ਉਹਨੂੰ 'ਸਰਦਾਰ ਜੀ' ਕਿਹਾ ਜਾਂਦਾ ਹੈ। ਅਜਿਹੇ ਕਿਸੇ ਸਿੱਖ ਨਾਲ ਇਹ ਵਿਸ਼ੇਸ਼ਣ ਲਾਉਣ ਲੱਗਿਆਂ ਕੋਈ ਇਹ ਨਹੀਂ ਦੇਖਦਾ ਕਿ ਉਹ ਧਨਾਢ ਹੈ ਜਾਂ ਗਰੀਬ। ਬੱਸ ਉਸ ਦੇ ਪਹਿਰਾਵੇ ਦੀ ਦਸਤਾਰ ਉਸ ਨੂੰ ਸਰਦਾਰ ਬਣਾ ਦਿੰਦੀ ਹੈ।

ਦਸਤਾਰ ਦੇ ਮਸਲੇ 'ਤੇ ਸਿੱਖ ਪੰਥ ਦਾ ਇਹ ਦੁਖਦਾਈ ਪਹਿਲੂ ਹੈ ਕਿ ਜਿੰਨੀ ਦ੍ਰਿੜਤਾ ਅਤੇ ਪਰਪੱਕਤਾ ਨਾਲ ਇਸ ਨੂੰ ਧਾਰਨ ਕਰਨ ਦਾ ਹੁਕਮ ਹੈ, ਉਸ ਤੋਂ ਕਿਤੇ ਜ਼ਿਆਦਾ ਅਵੇਸਲੇਪਨ ਨਾਲ ਅਸੀਂ ਇਸ ਤੋਂ ਬੇਮੁੱਖ ਹੋ ਰਹੇ ਹਾਂ। ਸਾਡੇ ਲਈ ਇਹ ਲਾਹਣਤ ਹੀ ਹੈ ਕਿ ਸ਼ਰਾਬ ਸੇਵਨ ਕਰਨ ਦਾ ਸਾਡਾ ਗ੍ਰਾਫ ਉਤਾਂਹ ਨੂੰ ਛਾਲਾਂ ਮਾਰਦਾ ਵਧ ਰਿਹਾ ਹੈ, ਪਰ ਦਸਤਾਰ ਸਜਾਉਣ ਦਾ ਗ੍ਰਾਫ ਹੇਠਾਂ ਵੱਲ ਡਿਗਦਾ ਜਾ ਰਿਹਾ ਹੈ। ਵਿਦੇਸ਼ਾਂ ਵਿਚ ਪਹੁੰਚ ਕੇ ਅਸੀਂ ਪੱਗ ਅਤੇ ਕੇਸਾਂ ਤੋਂ 'ਛੁਟਕਾਰਾ' ਪਾਉਣ ਲਈ ਅਨੇਕਾਂ ਢੁੱਚਰਾਂ ਘੜਨ ਦੇ ਮਾਹਰ ਹਾਂ। ਹੋਰ ਤਾਂ ਹੋਰ ਹੁਣ ਪੰਜਾਬ ਵਿਚ ਵੀ ਦਸਤਾਰਾਂ ਦਿਨ-ਬ-ਦਿਨ ਅਲੋਪ ਹੁੰਦੀਆਂ ਜਾ ਰਹੀਆਂ ਹਨ ਜੋ ਕੌਮੀ ਚਿੰਤਕਾਂ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਕਈ ਕਾਰਨਾਂ ਕਰ ਕੇ ਸਿੱਖ ਵਿਰਸੇ ਲਈ ਭੀਹਾਵਲਾ ਬਣੇ ਹੋਏ ਇਸ ਯੁੱਗ ਵਿਚ ਕੌਮ ਦੇ ਦਰਦੀ ਗੁਰਸਿੱਖ ਵੀਰ ਅਤੇ ਕਈ ਧਾਰਮਿਕ ਸਭਾ-ਸੁਸਾਇਟੀਆਂ ਇਸ ਨਿਘਾਰ ਤੋਂ ਚਿੰਤਤ ਹੋ ਕੇ ਦਸਤਾਰ ਦੀ ਮਹਾਨਤਾ ਲਈ ਸਰਗਰਮ ਹੋਈਆਂ ਹਨ। ਖਾਲਸੇ ਦੇ ਪ੍ਰਗਟ ਦਿਵਸ ਵਿਸਾਖੀ ਨੂੰ ਦਸਤਾਰ ਦਿਵਸ (Turban Day) ਵਜੋਂ ਮਨਾਉਣ ਦੀ ਰਵਾਇਤ ਵੀ ਇਸੇ ਸਰਗਰਮੀ ਦਾ ਹਿੱਸਾ ਹੈ। ਥਾਂ-ਥਾਂ 'ਸੁੰਦਰ ਦਸਤਾਰ ਮੁਕਾਬਲੇ' ਕਰ ਕੇ ਨੌਜਵਾਨਾਂ ਨੂੰ ਦਸਤਾਰ ਸਜਾਉਣ ਲਈ ਪ੍ਰੇਰਿਆ ਜਾ ਰਿਹਾ ਹੈ।

ਸਭ ਤੋਂ ਵੱਡੀ ਗੱਲ ਸਾਨੂੰ ਇਹ ਜ਼ਿੰਮੇਵਾਰੀ ਨਿਰੀ-ਪੁਰੀ ਸੰਸਥਾਵਾਂ 'ਤੇ ਹੀ ਨਹੀਂ ਸੁੱਟ ਦੇਣੀ ਚਾਹੀਦੀ, ਸਗੋਂ ਖੁਦ ਦਿਲਚਸਪੀ ਲੈ ਕੇ ਦਸਤਾਰ ਤੋਂ ਇਨਕਾਰੀ ਵੀਰਾਂ ਨੂੰ ਪਗੜੀ ਸਜਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਕਿੰਨਾ ਚੰਗਾ ਹੋਵੇ ਜੇ ਗੁਰਦੁਆਰਾ ਕਮੇਟੀਆਂ ਵਿਸਾਖੀ ਦੇ ਦਿਨ ਰੰਗ-ਬਰੰਗੀਆ ਦਸਤਾਰਾਂ ਵੰਡਣ ਦੇ ਉਪਰਾਲੇ ਕਰਨ। ਦਸਤਾਰ ਦੇ ਪ੍ਰਚਾਰ-ਪ੍ਰਸਾਰ ਲਈ ਉਚੇਚੇ ਤੌਰ 'ਤੇ ਫੰਡ ਰੱਖੇ ਜਾਣ। ਬਦਲੇ ਹੋਏ ਹਾਲਾਤ ਵਿਚ ਬਹੁਤੀ ਕੱਟੜਤਾ ਵੀ ਨਹੀਂ ਦਿਖਾਉਣੀ ਚਾਹੀਦੀ। ਦਸਤਾਰ ਦਿਵਸ ਵਾਲੇ ਦਿਨ ਜੇ ਕੋਈ ਕਲੀਨਸ਼ੇਵ ਵੀਰ ਪਗੜੀ ਬੰਨ੍ਹਣ ਲਈ ਇੱਛਾ ਜਤਾਵੇ ਤਾਂ ਉਸ ਨੂੰ ਕੌੜੇ-ਕੁਸੈਲੇ ਬੋਲ, ਬੋਲ ਕੇ ਦੁਰਕਾਰਨਾ ਨਹੀਂ ਚਾਹੀਦਾ, ਸਗੋਂ ਉਸ ਦਾ ਦੂਣਾ ਧੰਨਵਾਦ ਕਰ ਕੇ ਉਸ ਦੀ ਦਸਤਾਰ ਸਜਾਉਣ 'ਚ ਪੂਰੀ ਮਦਦ ਕਰਨੀ ਚਾਹੀਦੀ ਹੈ।

ਸਰਦਾਰ, ਦਸਤਾਰ ਅਤੇ ਕਿਰਦਾਰ ਦੇ ਸੁੰਦਰ ਸੁਮੇਲ ਨੂੰ ਪ੍ਰਗਟਾਉਂਦੀ ਉਘੇ ਸ਼ਾਇਰ ਚਮਨ ਹਰਗੋਬਿੰਦਪੁਰੀ ਦੀ ਕਵਿਤਾ ਦੀਆਂ ਕੁਝ ਸਤਰਾਂ ਨਾਲ ਇਸ ਲੇਖ ਦੀ ਸਮਾਪਤੀ ਕਰਦੇ ਹਾਂ,

ਦਸਮ ਪਾਤਸ਼ਾਹ ਅੰਮ੍ਰਿਤ ਦੀ ਦਾਤ ਦਿੱਤੀ,
ਸਾਨੂੰ ਗੁਰਸਿੱਖੀ ਕਲਗੀਧਰ ਬਖਸ਼ੀ।
ਗੁਰਸਿੱਖਾਂ ਦੇ ਸੀਸ 'ਤੇ ਕੇਸ ਬਖਸ਼ੇ,
ਅਤੇ ਕੇਸਾਂ 'ਤੇ ਸੋਹਣੀ ਦਸਤਾਰ ਬਖਸ਼ੀ।
ਚਾਰੇ ਕੱਕੇ ਤਾਂ ਬੇਸ਼ੱਕ ਹੋਣ ਪੂਰੇ,
ਕੇਸਾਂ ਬਾਝ ਨਹੀਂ ਸਿੱਖੀ ਕਿਰਦਾਰ ਬਣਦਾ।
ਕੇਸ ਰੱਖ ਕੇ 'ਸਿੱਖ' ਤਾਂ ਬਣ ਜਾਂਦਾ,
ਬੱਝੇ ਪੱਗ ਤਾਂ ਫੇਰ 'ਸਰਦਾਰ' ਬਣਦਾ।
ਪੱਗ, ਵੇਖਣ ਨੂੰ ਟੋਟਾ ਈ ਐ ਕੱਪੜੇ ਦਾ,
ਰੰਗ ਦੇਈਏ ਤਾਂ ਹੋਰ ਵੀ ਸੱਜਦਾ ਏ।
ਏਹਦਾ ਮੁੱਲ ਪੈਂਦਾ ਐਪਰ ਉਸ ਵੇਲੇ,
ਜਦੋਂ ਪੱਗ ਬਣ ਕੇ ਸਿਰ 'ਤੇ ਬੱਝਦਾ ਏ।
ਬਿਨਾਂ ਪੱਗ ਤੋਂ ਕਾਹਦੀ ਪਛਾਣ ਹੁੰਦੀ?
ਹੋਵੇ ਆਦਮੀ ਲੱਖ ਹਜ਼ਾਰ ਜਾਂਦਾ।
ਲੱਖਾਂ ਵਿਚੋਂ ਹੋਵੇ ਇਕੋ ਪੱਗ ਵਾਲਾ,
ਲੋਕੀਂ ਆਖਦੇ ਅਹੁ 'ਸਰਦਾਰ' ਜਾਂਦਾ।
ਜਿਹੜਾ ਮਾਣ ਹੈ ਏਸ ਨੂੰ ਜੱਗ ਅੰਦਰ,
ਕੱਪੜਾ ਹੋਰ ਨਾ ਟੌਹਰ ਰਖਾਏ ਕੋਈ।
ਲੋਕੀ ਗਾਉਂਦੇ ਆ 'ਪਗੜੀ ਸੰਭਾਲ ਜੱਟਾ',
ਜੱਟਾ 'ਧੋਤੀ ਸੰਭਾਲ' ਨਾ ਗਾਏ ਕੋਈ।
ਪਰਿਆ ਵਿਚ ਜਿਸ ਬੰਦੇ ਦੀ ਪੱਗ ਲਹਿ ਜਾਏ,
ਉਹਦਾ ਮਾਣ ਹੈ ਨਹੀਂ ਰਹਿੰਦਾ ਜੱਗ ਉਤੇ।
ਸਿਹਰਾ ਕਦੇ ਨਹੀਂ ਬੱਝਦਾ ਟਿੰਡ ਉਤੇ,
ਸਿਹਰਾ ਜਦੋਂ ਬੱਝੂ, ਬੱਝੂ ਪੱਗ ਉਤੇ।
ਸਿੱਖੀ ਸਿਦਕ ਨੂੰ ਕਿੰਦਾਂ ਨਿਭਾਈਦਾ ਏ,
ਨਹੀਂ ਸ਼ੱਕ ਸ਼ਹੀਦਾਂ ਨੇ ਰਹਿਣ ਦਿੱਤੇ।
ਤਾਰੂ ਸਿੰਘ ਸ਼ਹੀਦ ਗਵਾਹ ਇਸ ਦਾ,
ਲਹਿ ਗਈ ਖੋਪੜੀ ਕੇਸ ਨਾ ਲਹਿਣ ਦਿੱਤੇ।

# ਪੰਜਾਬ ਦੀਆਂ ਕੁੜੀਆਂ ਲਈ ਬਿਖੜੇ ਪੈਂਡੇ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਪੰਜਾਬ ਵਿਚ ਰੋਜ਼ ਬਲਾਤਕਾਰ ਹੋ ਰਹੇ ਹਨ ਤੇ ਗੁੰਡੇ ਕੁੜੀਆਂ 'ਤੇ ਤੇਜ਼ਾਬ ਸੁੱਟ ਕੇ ਉਨ੍ਹਾਂ ਦੇ ਚਿਹਰੇ ਵਿਗਾੜ ਰਹੇ ਹਨ। ਅਵਾਰਾ ਅਤੇ ਅੱਯਾਸ਼ ਮੁੰਡੇ, ਕੁੜੀਆਂ ਵੱਲ ਹੱਥ ਵਧਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹਥਿਆਰ ਵਰਤਦੇ ਹਨ। ਜੇ ਕੁੜੀਆਂ ਮੂੰਹ ਤੋੜ ਜਵਾਬ ਦਿੰਦੀਆਂ ਹਨ ਤਾਂ ਉਹੋ ਹੀ ਮੁੰਡੇ ਕੁੜੀ ਦੇ ਮੂੰਹ ਉਤੇ ਤੇਜ਼ਾਬ ਪਾ ਦਿੰਦੇ ਹਨ ਜਿਸ ਨਾਲ ਕੁੜੀ ਸਦਾ ਲਈ ਹੀ ਅਪਾਹਜ ਹੋ ਕੇ ਮਾਂ-ਬਾਪ ਲਈ ਸਰਾਪ ਬਣ ਜਾਂਦੀ ਹੈ। ਮਾਂ-ਬਾਪ ਮਿੱਟੀ ਦੀ ਪੰਡ ਬਣੀਆਂ ਇਨ੍ਹਾਂ ਅੱਧ-ਸੜੀਆਂ ਤੇ ਅੱਧ-ਮਰੀਆਂ ਧੀਆਂ ਨੂੰ ਇਕ ਤੋਂ ਦੂਜੇ ਸ਼ਹਿਰ ਦੇ ਹਸਪਤਾਲਾਂ ਵਿਚ ਲੈ ਕੇ ਤੁਰੇ ਫਿਰਦੇ ਹਨ।

ਦੂਜੇ ਪਾਸੇ ਹੋਰ ਖ਼ਬਰਾਂ ਵੀ ਹਨ; ਉਹ ਇਹ ਕਿ ਪੰਜਾਬ ਦੀਆਂ ਮੁਟਿਆਰਾਂ ਆਪਣੀ ਦਿੱਖ ਹੋਰ ਸੋਹਣੀ ਬਣਾਉਣ ਲਈ ਪਲਾਸਟਿਕ ਸਰਜਰੀ ਰਾਹੀਂ ਆਪਣੀਆਂ ਗੱਲ੍ਹਾਂ ਵਿਚ ਟੋਏ ਬਣਵਾ ਰਹੀਆਂ ਹਨ। ਇਹ ਨਿਰਾਲਾ ਤੇ ਅਨੋਖਾ ਕੰਮ ਚੰਡੀਗੜ੍ਹ ਦੇ ਪਲਾਸਟਿਕ ਸਰਜਨ ਡਾਕਟਰ ਕਰ ਰਹੇ ਹਨ। ਪਲਾਸਟਿਕ ਸਰਜਨ ਡਾ. ਵਿਕਰਮਜੀਤ ਸਿੰਘ ਢੀਂਗੜਾ ਅਨੁਸਾਰ ਦੁਆਬੇ ਤੇ ਮਾਲਵੇ ਦੀਆਂ ਮੁਟਿਆਰਾਂ ਸੋਹਣੀਆਂ ਦਿਸਣ ਲਈ ਆਪਣੀਆਂ ਗੱਲ੍ਹਾਂ 'ਚ ਟੋਏ (ਡਿੰਪਲ) ਬਣਵਾ ਰਹੀਆਂ ਹਨ। ਇਹ ਰੁਝਾਨ ਬੜੀ ਤੇਜ਼ੀ ਨਾਲ ਵਧ ਰਿਹਾ ਹੈ।

ਸਾਡਾ ਇਤਿਹਾਸ ਦੱਸਦਾ ਹੈ ਕਿ ਜਦੋਂ ਵੀ ਮੁਗਲ ਤੇ ਹੋਰ ਲੁਟੇਰੇ ਭਾਰਤ ਉਤੇ ਹਮਲਾ ਕਰਦੇ ਤਾਂ ਉਹ ਮੁਲਕ ਦੇ ਬੇਸ਼ਕੀਮਤੀ ਧਨ-ਦੌਲਤਾਂ ਦੇ ਨਾਲ-ਨਾਲ ਔਰਤਾਂ ਨੂੰ ਵੀ ਬੰਨ੍ਹ ਕੇ ਪਸ਼ੂਆਂ ਵਾਂਗ ਅੱਗੇ ਤੋਰ ਲੈਂਦੇ ਸਨ। ਇਨ੍ਹਾਂ ਦੀ ਜ਼ਿੰਦਗੀ ਬਾਰੇ ਸੋਚ ਕੇ ਹੀ ਇਨਸਾਨ ਦੀ ਆਤਮਾ ਕੰਬ ਉਠਦੀ ਹੈ ਪਰ ਮੇਰੇ ਧਰਮ ਦੇ ਰਾਖੇ ਸੂਰਬੀਰਾਂ ਨੇ ਕਈ ਵਾਰੀ ਉਨ੍ਹਾਂ ਬੇਸਹਾਰਾ ਮਜ਼ਲੂਮਾਂ ਨੂੰ ਜ਼ਾਲਮਾਂ ਕੋਲੋਂ ਆਜ਼ਾਦ ਕਰਵਾ ਕੇ ਘਰੋ-ਘਰੀ ਪਹੁੰਚਾਇਆ। ਇਨ੍ਹਾਂ ਹੀ ਮੁਸੀਬਤਾਂ ਤੋਂ ਛੁਟਕਾਰਾ ਪਾਉਣ ਲਈ ਲੋਕਾਂ ਨੇ ਆਪਣੀਆਂ ਧੀਆਂ ਦੇ ਨਿਆਣੀ ਉਮਰੇ ਵਿਆਹ ਕਰਨੇ ਸ਼ੁਰੂ ਕੀਤੇ ਅਤੇ ਇਸੇ ਮੁਸੀਬਤ ਤੋਂ ਬਚਣ ਲਈ ਹੀ ਔਰਤਾਂ ਨੇ ਆਪਣੇ ਅਤੇ ਆਪਣੀਆਂ ਧੀਆਂ ਦੇ ਚਿਹਰਿਆਂ ਅਤੇ ਹੱਥਾਂ ਪੈਰਾਂ ਉਤੇ ਤੰਦੋਲੇ ਖੁਦਵਾਉਣੇ ਸ਼ੁਰੂ ਕਰ ਦਿੱਤੇ; ਘੁੰਡ ਕੱਢਣਾ ਅਰੰਭ ਹੋ ਗਿਆ; ਫਿਰ ਪਰਦਾਦਾਰੀ ਜਿਹੇ ਰਿਵਾਜ਼ ਵੀ ਸ਼ੁਰੂ ਹੋਏ ਤਾਂ ਕਿ ਆਪਣੇ ਚਿਹਰੇ ਅਤੇ ਹੱਥਾਂ ਪੈਰਾਂ ਦੀ ਖੂਬਸੂਰਤੀ ਨੂੰ ਲੁਕਾ ਕੇ ਰੱਖਿਆ ਜਾ ਸਕੇ। ਇਹ ਤੰਦੋਲੇ ਅਸੀਂ ਆਪਣੀਆਂ ਦਾਦੀਆਂ-ਨਾਨੀਆਂ ਦੇ ਚਿਹਰਿਆਂ ਅਤੇ ਹੱਥਾਂ-ਪੈਰਾਂ 'ਤੇ ਖੁਣੇ ਹੋਏ ਦੇਖੇ ਹੀ ਹੋਣਗੇ। ਅੱਜ ਦੀਆਂ ਮੁਟਿਆਰਾਂ ਦੇਖ ਰਹੀਆਂ ਹਨ ਕਿ ਸਮਾਂ ਕਿੰਨਾ ਭਿਆਨਕ ਹੈ ਪਰ ਇਸ ਦੇ ਬਾਵਜੂਦ ਆਪਣੇ ਜਿਸਮਾਂ ਦੀ ਨੁਮਾਇਸ਼ ਕਰਨ ਤੋਂ ਜ਼ਰਾ ਜਿੰਨਾ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਅੱਜ ਪੰਜਾਬ ਵਿਚ ਨਸ਼ਿਆਂ ਦਾ ਬੋਲਬਾਲਾ ਹੈ। ਹਰ ਜਵਾਨ ਮੁੰਡਾ-ਕੁੜੀ ਆਪਣੇ-ਆਪ ਨੂੰ ਮਾਡਰਨ ਅਤੇ ਸਮੇਂ ਦੇ ਹਾਣੀ ਬਣਾ ਕੇ ਪੇਸ਼ ਕਰ ਰਹੇ ਹਨ ਅਤੇ ਹੀਰੋ ਜਾਂ ਹੀਰੋਇਨਾਂ ਤੋਂ ਚਾਰ ਕਦਮ ਅੱਗੇ ਵਧਣਾ ਚਾਹੁੰਦੇ ਹਨ। ਅੱਜ ਸਕੂਲਾਂ-ਕਾਲਜਾਂ ਵਿਚ ਪੜ੍ਹਨ ਜਾਂਦੀਆਂ ਕੁੜੀਆਂ ਦੇ ਫੈਸ਼ਨ ਨੂੰ ਦੇਖ ਦੇ ਲੱਗਦਾ ਹੈ ਕਿ ਉਹ ਪੜ੍ਹਨ ਨਹੀਂ, ਜਿਵੇਂ ਕਿਸੇ ਫੈਸ਼ਨ ਮੁਕਾਬਲੇ ਵਿਚ ਹਿੱਸਾ ਲੈਣ ਜਾ ਰਹੀਆਂ ਹੋਣ। ਕਦੀ ਜਵਾਨ ਧੀਆਂ ਦੀ ਸਾਦਗੀ ਅਤੇ ਸਾਦਾਪਣ ਹੀ ਜ਼ਿੰਦਗੀ ਦੀ ਸਭ ਤੋਂ ਵੱਡੀ ਪ੍ਰਾਪਤੀ ਸਮਝਿਆ ਜਾਂਦਾ ਸੀ, ਪਰ ਅੱਜ ਪੜ੍ਹੀਆਂ-ਲਿਖੀਆਂ ਤੇ ਵੱਡੇ ਘਰਾਂ ਦੀਆਂ ਕੁੜੀਆਂ ਵੀ ਆਪਣੇ ਫੈਸ਼ਨ, ਮਨ ਪਸੰਦ ਅਤੇ ਐਸ਼ਪ੍ਰਸਤੀ ਦੇ ਕੰਮ ਕਰਨ ਲਈ ਹਰ ਹਰਬਾ ਵਰਤ ਰਹੀਆਂ ਹਨ।

ਦੂਜੇ ਪਾਸੇ, ਅਜਿਹੀਆਂ ਮੁਟਿਆਰਾਂ ਦੀ ਖੁੱਲ੍ਹਦਿਲੀ ਦਾ ਖਾਮਿਆਜਾ ਭੁਗਤ ਰਹੀਆਂ ਹਨ ਉਹ ਕੁੜੀਆਂ ਜੋ ਆਪਣੇ ਸਰੀਰ 'ਤੇ ਕੱਪੜੇ ਵੀ ਪੂਰੇ ਪਾਉਂਦੀਆਂ ਹਨ ਤੇ ਆਪਣੇ ਪਰਿਵਾਰ ਦੀ ਇੱਜ਼ਤ ਵੀ ਪਾਲ ਰਹੀਆਂ ਹਨ। ਅਸਲ 'ਚ ਇਨ੍ਹਾਂ ਕੁੜੀਆਂ ਨੂੰ ਮਾਰ ਸਭ ਤੋਂ ਜ਼ਿਆਦਾ ਪੈ ਰਹੀ ਹੈ, ਕਿਉਂਕਿ ਬਹੁਤੇ ਮਰਦਾਂ ਦੀ ਸੋਚਣੀ ਤਾਂ ਸ਼ੁਰੂ ਤੋਂ ਔਰਤ ਨੂੰ ਇਕ ਐਸ਼ਪ੍ਰਸਤੀ ਦੀ ਵਸਤ ਸਮਝਣ ਵਾਲੀ ਰਹੀ ਹੈ। ਮਰਦ ਸਮਾਜ ਵਿਚ ਵੀ ਕੁਝ ਨੇਕ ਖਿਆਲ ਹੁੰਦੇ ਹਨ ਜੋ 'ਦੇਖ ਪਰਾਈਆਂ ਚੰਗੀਆਂ, ਮਾਂਵਾਂ ਭੈਣਾਂ ਧੀਆਂ ਜਾਣੈ' ਅਨੁਸਾਰ ਹਰ ਉਮਰ ਦੀ ਔਰਤ ਦਾ ਸਤਿਕਾਰ ਕਰਦੇ ਹਨ ਪਰ ਜਦੋਂ ਔਰਤ ਖੁਦ ਹੀ ਔਰਤ ਬਣ ਕੇ ਨਾ ਵਿਚਰੇਗੀ ਤਾਂ ਉਹ 'ਆਪ ਤਾਂ ਡੁੱਬੇ ਬਾਹਮਣਾਂ ਨਾਲ ਜਜ਼ਮਾਨ ਵੀ ਗਾਲੇ' ਵਾਂਗ ਸਮੁੱਚੀ ਔਰਤ ਜਾਤ ਦਾ ਜੀਵਨ ਰਸਤਾ ਕੰਡਿਆਂ ਨਾਲ ਭਰ ਜਾਵੇਗੀ।

ਫਰੀਦਕੋਟ ਦੀ ਸ਼ਰੂਤੀ ਤੋਂ ਲੈ ਕੇ ਪੁਲਿਸ ਵੱਲੋਂ ਸੜਕ ਉਤੇ ਸ਼ਰ੍ਹੇਆਮ ਕੁੱਟੀ ਗਈ ਤਰਨ ਤਾਰਨ ਦੀ ਕੁੜੀ ਅਤੇ ਹੋਰ ਹਜ਼ਾਰਾਂ ਮਾਸੂਮ ਧੀਆਂ ਕੋਈ ਗੱਲਾਂ ਵਿਚ ਟੋਏ ਜਾਂ ਡਿੰਪਲ ਬਣਵਾ ਕੇ ਅਤੇ ਸਕਰਟਾਂ ਜਾਂ ਜੀਨਾਂ ਪਾ ਕੇ ਤਾਂ ਨਹੀਂ ਤੁਰੀਆਂ ਫਿਰਦੀਆਂ! ਬੱਸ, ਪਹਿਲੇ ਨੰਬਰ ਵਾਲੀਆਂ ਭਟਕ ਚੁੱਕੀਆਂ ਮੁਟਿਆਰਾਂ ਦੀ ਬਦੌਲਤ ਸ਼ਰ੍ਹੇਆਮ ਲੁੱਟੀਆਂ ਜਾ ਰਹੀਆਂ ਹਨ। ਇਸ ਵੱਲੋਂ ਸਾਡੇ ਧਾਰਮਿਕ ਤੇ ਸਮਾਜਕ ਖੇਤਰਾਂ ਵਿਚ ਵਿਚਰ ਰਹੇ ਲੋਕ ਕਿਉਂ ਅਣਜਾਣ ਹਨ ਤੇ ਚੁੱਪ ਹਨ, ਇਹ ਵੀ ਸਮਝ ਤੋਂ ਬਾਹਰ ਦੀ ਗੱਲ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਦੇ ਜਦ ਮੈਨੂੰ ਹੌਸਲਾਅਫਜ਼ਾਈ ਲਈ ਫੋਨ ਆਉਂਦੇ ਹਨ ਤਾਂ ਮੈਨੂੰ ਬੜੀ ਤਸੱਲੀ ਹੁੰਦੀ ਹੈ ਕਿ ਅਜੇ ਪੰਜਾਬ ਦੀ ਡੁੱਬਦੀ ਬੇੜੀ ਵੇਖ ਕੇ ਰੋਣ ਵਾਲੇ ਲੋਕ ਬੈਠੇ ਨੇ।

ਹੁਣ ਖਬਰ ਆਈ ਹੈ ਕਿ ਇਕ ਨੌਜਵਾਨ ਧੀ ਨਾਲ ਗੁੰਡਿਆਂ ਨੇ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਕਾਰ ਵਿਚ ਬਲਾਤਕਾਰ ਕੀਤਾ। ਕਦੋਂ ਸਾਡਾ ਕਾਨੂੰਨ ਸਖ਼ਤ ਹੋਵੇਗਾ? ਕਦੋਂ ਗੁੰਡਾਗਰਦੀ ਨੂੰ ਠੱਲ੍ਹ ਪਾਈ ਜਾਵੇਗੀ? ਮੇਰੀ ਤਮੰਨਾ ਹੈ ਕਿ ਮੇਰੇ ਪੰਜਾਬ ਦੀਆਂ ਬੇਟੀਆਂ ਗੱਲ੍ਹਾਂ 'ਚ ਟੋਏ ਬਣਵਾਉਣੇ ਛੱਡ ਕੇ ਪੜ੍ਹਾਈ ਕਰਕੇ ਸਵੈ-ਨਿਰਭਰ ਹੋਣ। ਫਿਰ ਨਾ ਕੋਈ ਗੁੰਡਾ ਉਨ੍ਹਾਂ ਨੂੰ ਲੁੱਟ ਸਕੇ, ਤੇ ਨਾ ਹੀ ਕੋਈ ਪੁਲਸੀਆ ਸੜਕਾਂ 'ਤੇ ਕੁੱਟ ਸਕੇ।

# ਪਾਰਲੀਮੈਂਟ ਚੋਣਾਂ ਲਈ ਪਾਰਟੀਆਂ 'ਚ ਦੌੜ ਹੁਣੇ ਤੋਂ ਸ਼ੁਰੂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

'ਕਣਕ ਖੇਤ, ਕੁੜੀ ਪੇਟ, ਆ ਜਵਾਈਆ ਮੰਡੇ ਖਾਹ' ਦਾ ਪੰਜਾਬੀ ਮੁਹਾਵਰਾ ਭਾਰਤੀ ਰਾਜਨੀਤੀ ਦੇ ਬੜੇ ਵੱਡੇ ਖਿਲਾਰੇ ਨੂੰ ਸਧਾਰਨ ਢੰਗ ਨਾਲ ਕਹਿ ਦੇਣ ਵਿਚ ਸਹਾਈ ਹੋ ਸਕਦਾ ਹੈ। ਜਦੋਂ ਇਸ ਵੇਲੇ ਪਾਰਲੀਮੈਂਟ ਦੀਆਂ ਚੋਣਾਂ ਨੂੰ ਹਾਲੇ ਤੇਰਾਂ ਮਹੀਨੇ ਬਾਕੀ ਪਏ ਹਨ ਤੇ ਤਖਤ ਦੀ ਦਾਅਵੇਦਾਰ ਹਰ ਪਾਰਟੀ ਦਾ ਹਰ ਵੱਡਾ ਲੀਡਰ ਡਾਂਡੇ-ਮੀਂਡੇ ਭੱਜਾ ਜਾਂਦਾ ਨਜ਼ਰ ਆ ਰਿਹਾ ਹੈ, ਉਦੋਂ ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ ਕਿ ਜਿੱਤੇਗਾ ਕੌਣ? ਪਿਛਲੇ ਇੱਕ ਹਫਤੇ ਦੀ ਸਰਗਰਮੀ ਨੇ ਇਸ ਸਵਾਲ ਦਾ ਪੁੱਛਿਆ ਜਾਣਾ ਵੀ ਪਹਿਲਾਂ ਤੋਂ ਵਧਾ ਦਿੱਤਾ ਹੈ ਤੇ ਇਸ ਦਾ ਜਵਾਬ ਦੇਣਾ ਵੀ ਹੋਰ ਔਖਾ ਕਰ ਦਿੱਤਾ ਹੈ। ਲਾੜਿਆਂ ਦੀ ਬਰਾਤ ਵਿਚੋਂ ਅਸਲੀ ਲਾੜਾ ਲੱਭਣ ਦੀ ਸ਼ਰਤ ਜਿੱਤਣੀ ਸਚਮੁੱਚ ਏਨੀ ਔਖੀ ਹੈ ਕਿ ਟੀ ਵੀ ਚੈਨਲਾਂ ਉਤੇ ਸਰਵੇਖਣਾਂ ਦੇ ਖੇਖਣ ਕਰਨ ਵਾਲੇ ਮੱਥਾ ਮਾਰਦੇ ਹਨ ਤਾਂ ਮਾਰੀ ਜਾਣ, ਸੋਚ ਕੇ ਗੱਲ ਕਰਨ ਵਾਲਾ ਕੋਈ ਬੰਦਾ ਇਦਾਂ ਦੀ ਮਗਜ਼-ਪੱਚੀ ਕਰ ਕੇ ਸਿਰ ਦਰਦ ਨਹੀਂ ਸਹੇੜ ਸਕਦਾ।



ਨਰਿੰਦਰ ਮੋਦੀ



ਰਾਹੁਲ ਗਾਂਧੀ

ਇਸ ਹਫਤੇ ਵਿਚ ਤਿੰਨ ਗੱਲਾਂ ਇਦਾਂ ਦੀਆਂ ਹੋਈਆਂ, ਜਿਹੜੀਆਂ ਸਾਡੇ ਸੋਚਣ ਦਾ ਵਿਸ਼ਾ ਹੋ ਸਕਦੀਆਂ ਹਨ। ਭਾਰਤ ਦੀ ਰਾਜਨੀਤੀ ਦੀ ਸਾਰੀ ਅਜੋਕੀ ਤਸਵੀਰ ਇਨ੍ਹਾਂ ਤਿੰਨ ਗੱਲਾਂ ਨਾਲ ਜੋੜ ਕੇ ਵੇਖਣੀ ਪੈ ਰਹੀ ਹੈ।

ਜੇ ਅਸੀਂ ਤੀਸਰੀ ਗੱਲ ਤੋਂ ਸ਼ੁਰੂ ਕਰੀਏ ਤਾਂ ਇਹ ਰਾਹੁਲ ਗਾਂਧੀ ਦੀ ਉਹ ਤਕਰੀਰ ਸੀ, ਜਿਸ ਵਿਚ ਉਸ ਨੇ ਭਾਰਤ ਦੇ ਵੱਡੇ ਸਨਅਤਕਾਰ ਘਰਾਣਿਆਂ ਦੇ ਮੁਖੀਆਂ ਨਾਲ ਭਵਿੱਖ ਬਾਰੇ ਆਪਣੀ ਸੋਚ ਸਾਂਝੀ ਕੀਤੀ। ਉਸ ਦੇ ਭਾਸ਼ਣ ਦਾ ਚੰਗਾ ਪੱਖ ਇਹ ਕਿਹਾ ਜਾ ਸਕਦਾ ਹੈ ਕਿ ਉਸ ਨੇ 'ਮੈਂ' ਨਾਲੋਂ ਵੱਧ 'ਅਸੀਂ' ਦੀ ਸੋਚ ਅਪਨਾਉਣ ਉਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਉਸ ਦੇ ਆਪਣੇ ਪ੍ਰਧਾਨ ਮੰਤਰੀ ਬਣਨ ਜਾਂ ਨਾ ਬਣਨ ਨਾਲੋਂ ਵੱਧ ਅਹਿਮ ਗੱਲ ਇਹ ਹੈ ਕਿ ਮੁਲਕ ਨੂੰ ਯੋਗ ਅਗਵਾਈ ਮਿਲਣੀ ਚਾਹੀਦੀ ਹੈ। ਇਹ ਵੀ ਗੱਲ ਉਹ ਕਹਿ ਗਿਆ ਕਿ ਸਿਰਫ ਉਹੋ ਨਹੀਂ, ਇਸ ਦੇਸ਼ ਵਿਚ ਹੋਰ ਵੀ ਬਹੁਤ ਸਾਰੇ ਆਗੂ ਮੌਜੂਦ ਹਨ। ਇਸ਼ਾਰੇ ਨਾਲ ਉਸ ਨੇ ਫਿਰਕਾਪ੍ਰਸਤੀ ਉਤੇ ਵੀ ਠੀਕ ਚੋਟ ਕੀਤੀ। ਨਿਸ਼ਾਨਾ ਉਸ ਨੇ ਨਰਿੰਦਰ ਮੋਦੀ ਦੇ ਵਿਕਾਸ ਦੇ ਪ੍ਰਚਾਰ ਹੇਠ ਉਸ ਦੀ ਫਿਰਕੂ ਮਾਨਸਿਕਤਾ ਨੂੰ ਲੁਕਾਉਣ ਦੀ ਕੋਸ਼ਿਸ਼ ਨੂੰ ਬਣਾਇਆ ਤੇ ਭਾਰਤੀ ਜਨਤਾ ਪਾਰਟੀ ਨੂੰ ਇਸ ਤੋਂ ਕਾਫੀ ਤੜਫਣੀ ਵੀ ਛਿੜੀ ਹੈ।

ਇਹ ਸਾਰਾ ਕੁਝ ਠੀਕ ਕਹਿ ਕੇ ਰਾਹੁਲ ਗਾਂਧੀ ਇਹ ਦੱਸਣ ਤੋਂ ਕੰਨੀ ਕਤਰਾ ਗਿਆ ਕਿ ਇਸ ਦੇਸ਼ ਵਿਚ ਕਿਸੇ ਵੀ ਰਾਜ ਵਿਚ ਫਿਰਕਾਪ੍ਰਸਤੀ ਦੇ ਉਬਾਲੇ ਜਦੋਂ ਆਉਂਦੇ ਰਹੇ ਸਨ, ਗੁਜਰਾਤ ਦੇ ਦੰਗੇ ਹੋਣ ਤੱਕ ਕਾਂਗਰਸੀ ਆਗੂਆਂ ਦਾ ਰੋਲ ਲਗਾਤਾਰ ਵਗਦੀ ਗੰਗਾ ਵਿਚ ਹੱਥ ਧੋਣ ਵਾਲਾ ਕਿਉਂ ਹੁੰਦਾ ਸੀ? ਜਿਹੜੀ ਧਰਮ-ਨਿਰਪੱਖਤਾ ਪੰਡਤ ਨਹਿਰੂ ਦੇ ਵੇਲੇ ਵੀ ਹੁੰਦੀ ਸੀ ਤੇ ਹੁਣ ਸੋਨੀਆ ਗਾਂਧੀ ਵੀ ਕਾਫੀ ਹੱਦ ਤੱਕ ਉਸ ਉਤੇ ਆ ਗਈ, ਕਾਂਗਰਸ ਪਾਰਟੀ ਵਿਚਾਲੜੇ ਸਮੇਂ ਵਿਚ ਉਸ ਤੋਂ ਪਾਸਾ ਕਿਉਂ ਵੱਟ ਗਈ ਸੀ?

ਦੂਸਰੀ ਗੱਲ ਇਹ ਕਿ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਰਾਜਨਾਥ ਸਿੰਘ ਨੇ ਆਪਣੀ ਟੀਮ ਬਣਾਉਣ ਵੇਲੇ ਨਰਿੰਦਰ ਮੋਦੀ ਦੇ ਮੂਹਰੇ ਆਤਮ-ਸਮਰਪਣ ਹੀ ਕਰ ਦਿੱਤਾ ਹੈ। ਉਹ ਇਕੱਲਾ ਹੀ ਕਿਉਂ, ਭਾਜਪਾ ਦੀ ਸਾਰੀ ਕੇਂਦਰੀ ਲੀਡਰਸ਼ਿਪ ਮੋਦੀ-ਚਾਲੀਸਾ ਪੜ੍ਹਨ ਲਈ ਮਜਬੂਰ ਹੋ ਗਈ ਤੇ ਸਿਰਫ ਉਸੇ ਦੇ ਬੰਦਿਆਂ ਨਾਲ ਅਹੁਦੇ ਹੀ ਨਹੀਂ, ਚੋਣ ਕਮੇਟੀ ਸਮੇਤ ਸਾਰੀਆਂ ਪ੍ਰਮੁੱਖ ਕਮੇਟੀਆਂ ਵੀ ਭਰ ਦਿੱਤੀਆਂ ਹਨ। ਗੁਜਰਾਤ ਦਾ ਇੱਕ ਭਾਜਪਾ ਆਗੂ ਅਮਿਤ ਸ਼ਾਹ ਹੈ। ਉਸ ਦੇ ਖਿਲਾਫ ਸੋਹਰਾਬੁਦੀਨ ਨਾਂ ਦੇ ਇੱਕ ਬੰਦੇ ਦਾ ਝੂਠਾ ਪੁਲਿਸ ਮੁਕਾਬਲਾ ਬਣਵਾ ਕੇ ਮਰਵਾ ਦੇਣ ਦਾ ਦੋਸ਼ ਲੱਗਣ ਪਿੱਛੋਂ ਉਸ ਨੂੰ ਮੰਤਰੀ ਦੀ ਕੁਰਸੀ ਛੱਡਣੀ ਪਈ ਸੀ। ਦੇਸ਼ ਦੀ ਸੁਪਰੀਮ ਕੋਰਟ ਨੇ ਉਸ ਉਤੇ ਆਪਣੇ ਰਾਜ ਗੁਜਰਾਤ ਵਿਚ ਵੜਨ ਉਤੇ ਪਾਬੰਦੀ ਲਾ ਦਿੱਤੀ ਸੀ। ਕਈ ਦਿਨ ਉਸ ਨੂੰ ਜੇਲ੍ਹ ਦੀ ਦਾਲ ਪੀਣੀ ਪਈ ਤੇ ਕੇਸ ਅਜੇ ਵੀ ਚੱਲਦਾ ਹੈ। ਉਸ ਨੂੰ ਵੀ ਨਰਿੰਦਰ ਮੋਦੀ ਦੇ ਦਬਾਅ ਹੇਠ ਦਿੱਲੀ ਲਿਆ ਕੇ ਪ੍ਰਮੁੱਖ ਅਹੁਦਾ ਦੇ ਦਿੱਤਾ ਗਿਆ ਹੈ। ਮੋਦੀ ਆਪ ਭਾਰਤ ਦੇ ਤਖਤ 'ਤੇ ਚੌਕੜਾ ਮਾਰਨ ਨੂੰ ਏਨਾ ਕਾਹਲਾ ਹੈ ਕਿ ਹੁਣੇ ਤੋਂ ਗੁਜਰਾਤ ਵਿਚ ਆਪਣੇ ਭਾਸ਼ਣਾਂ ਵਿਚ ਕਹੀ ਜਾਂਦਾ ਹੈ ਕਿ 'ਇਸ ਰਾਜ ਦੇ ਲੋਕਾਂ ਦੀ ਬੜੀ ਸੇਵਾ ਕਰ ਲਈ, ਹੁਣ ਦੇਸ਼ ਦਾ ਕਰਜ਼ਾ ਲਾਹੁਣ ਦਿੱਲੀ ਜਾਣਾ ਹੈ।'

ਜਿਸ ਤਰ੍ਹਾਂ ਰਾਹੁਲ ਦੇ ਭਾਸ਼ਣ ਉਤੇ ਵੱਜੀਆਂ ਤਾੜੀਆਂ ਨੂੰ ਭਾਜਪਾ ਵਾਲੇ ਆਗੂ ਬਰਦਾਸ਼ਤ ਕਰਨ ਵਿਚ ਔਖ ਮਹਿਸੂਸ ਕਰੀ ਜਾਂਦੇ ਸਨ, ਉਵੇਂ ਹੀ ਨਰਿੰਦਰ ਮੋਦੀ ਦੀ ਇਸ ਉਠਾਣ ਤੋਂ ਕਾਂਗਰਸੀ ਆਗੂ ਇੱਕ ਦਮ ਉਸ ਦੇ ਵਿਰੁਧ ਭੜਕੇ ਪਏ ਹਨ। ਨਰਿੰਦਰ ਮੋਦੀ ਦੀ ਉਠਾਣ ਨਾਲ ਦੇਸ਼ ਦੀ ਧਰਮ-ਨਿਰਪੱਖਤਾ ਨੂੰ ਖਤਰਾ ਹੈ ਅਤੇ ਉਸ ਦੇ ਮੁਕਾਬਲੇ ਲਈ ਧਰਮ-ਨਿਰਪੱਖ ਧਿਰਾਂ ਦਾ ਮੋਰਚਾ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ, ਪਰ ਉਹ ਇਸ ਦੀ ਥਾਂ ਸ਼ਬਦਾਂ ਦੀ ਚਾਂਦਮਾਰੀ ਦੇ ਉਸ ਰਾਹ ਪੈ ਤੁਰੇ ਹਨ, ਜਿਸ ਨਾਲ ਉਨ੍ਹਾਂ ਦੀ ਸਥਿਤੀ ਹੋਰ ਖਰਾਬ ਹੋਵੇਗੀ। ਕੋਈ ਉਸ ਨੂੰ ਯਮਦੂਤ ਕਹਿੰਦਾ ਹੈ ਤਾਂ ਕੋਈ ਹੋਰ ਇਸ ਤੋਂ ਵੀ ਅੱਗੇ ਵਧ ਕੇ ਕੁਝ ਕਹਿ ਜਾਂਦਾ ਹੈ ਤੇ ਭਾਜਪਾ ਆਗੂ ਏਨਾ ਆਖ ਕੇ ਟਾਲ ਜਾਂਦੇ ਹਨ ਕਿ ਇਨ੍ਹਾਂ ਨੂੰ ਸੁਫਨੇ ਵਿਚ ਵੀ ਮੋਦੀ ਡਰਾਉਂਦਾ ਹੈ।

ਕਮਜ਼ੋਰੀਆਂ ਕਾਂਗਰਸ ਦੇ ਆਗੂਆਂ ਦੀਆਂ ਆਪਣੀਆਂ ਹਨ। ਜਿਵੇਂ ਪੰਜਾਬ ਦੇ ਕਾਂਗਰਸੀਆਂ ਨੇ ਪਿਛਲੇ ਸਾਲ ਵਿਧਾਨ ਸਭਾ ਚੋਣਾਂ ਵੇਲੇ ਬੰਨੇ ਲੱਗ ਗਈ ਜਾਪਦੀ ਬੇੜੀ ਇੱਕ ਦੂਸਰੇ ਦੀਆਂ ਲੱਤਾਂ ਖਿੱਚ ਕੇ ਆਪ ਹੀ ਡੋਬ ਲਈ ਸੀ, ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਉਹੋ ਹੋਇਆ ਹੈ। ਦੋਵੇਂ ਥਾਂ ਕਾਂਗਰਸ ਪਾਰਟੀ ਦੇ ਕੁਝ ਲੀਡਰ ਆਪਣੀ ਪਾਰਟੀ ਦੇ ਵਿਰੋਧੀਆਂ ਨਾਲ ਅੱਖ-ਮਟੱਕਾ ਕਰ ਕੇ ਚੱਲੇ ਤੇ ਮੜ੍ਹੀਆਂ ਦੇ ਰਾਹੇ ਪਏ ਰਹੇ। ਹੁਣ ਕੇਂਦਰ ਦੀ ਕਾਂਗਰਸੀ ਲੀਡਰਸ਼ਿਪ ਦੇ ਅਹੁਦੇਦਾਰ ਉਹੋ ਕੁਝ ਕਰਨ ਤੁਰੇ ਹੋਏ ਹਨ। ਕੋਈ ਕਹਿੰਦਾ ਹੈ ਕਿ ਪਾਰਟੀ ਨੂੰ ਸੱਤਾ ਦੇ ਦੋ ਕੇਂਦਰਾਂ; ਸੋਨੀਆ ਗਾਂਧੀ ਤੇ ਮਨਮੋਹਨ ਸਿੰਘ ਨਾਲ ਨੁਕਸਾਨ ਪਹੁੰਚਿਆ ਹੈ ਤੇ ਕੋਈ ਇਹ ਕਹਿੰਦਾ ਹੈ ਕਿ ਇਸ ਤਰ੍ਹਾਂ ਦੀ ਕੋਈ ਗੱਲ ਹੀ ਨਹੀਂ। ਪਿਛਲੇ ਸਾਲ ਉਤਰ ਪ੍ਰਦੇਸ਼ ਵਿਚ ਵੀ ਚੋਣਾਂ ਵਿਚ ਇਸ ਪਾਰਟੀ ਦੀ ਮਾੜੀ ਹਾਲਤ ਹੋ ਜਾਣ ਦਾ ਕਾਰਨ ਸਿਰਫ ਉਸ ਰਾਜ ਦੀ ਰਾਜਨੀਤੀ ਨਹੀਂ, ਕੇਂਦਰ ਦੇ ਉਨ੍ਹਾਂ ਕਾਂਗਰਸੀ ਲੀਡਰਾਂ ਦੀ ਆਪਸੀ ਖਹਿਬੜ ਸੀ, ਜਿਨ੍ਹਾਂ ਦੀ ਦੌੜ ਦੂਸਰੇ ਦਾ ਪੈਰ ਮਿੱਧ ਕੇ ਆਪ ਰਾਹੁਲ ਗਾਂਧੀ ਦੇ ਨੇੜੇ ਹੋਣ ਨੂੰ ਲੱਗੀ ਹੋਈ ਸੀ। ਇਹ ਦੌੜ ਹੁਣ ਵੀ ਜਾਰੀ ਹੈ।

ਜਿਹੜੀ ਖੇਡ ਇਨ੍ਹਾਂ ਦੋਵਾਂ ਧਿਰਾਂ ਤੋਂ ਪਹਿਲਾਂ ਸ਼ੁਰੂ ਹੋਈ ਤੇ ਅਜੇ ਤੱਕ ਬੜੇ ਅਜੀਬ ਜਿਹੇ ਰੰਗ ਵਿਚ ਚੱਲੀ ਜਾ ਰਹੀ ਹੈ, ਉਹ ਕਾਂਗਰਸ ਪਾਰਟੀ ਨਾਲ ਮੁਲਾਇਮ ਸਿੰਘ ਦੀ ਚਿੜ-ਚਿੜ ਹੈ। ਪਹਿਲ ਉਸ ਨੇ ਹੋਲੀ ਦੇ ਦਿਨ ਇਸ ਬਿਆਨ ਨਾਲ ਕੀਤੀ ਕਿ ਕਾਂਗਰਸ ਪਾਰਟੀ ਬਹੁਤ ਬੇਈਮਾਨ ਹੈ, ਇਹ ਭਰੋਸੇ ਦੇ ਕਾਬਲ ਵੀ ਨਹੀਂ। ਲੋਕਾਂ ਨੇ ਕਿਹਾ ਕਿ ਉਤਰ ਪ੍ਰਦੇਸ਼ ਤੇ ਬਿਹਾਰ ਵਿਚ ਹੋਲੀ ਮਨਾਉਣ ਮੌਕੇ ਭੰਗ ਘੋਟ ਕੇ ਪੀਣ ਦਾ ਰਿਵਾਜ ਹੈ ਤੇ ਮੁਲਾਇਮ ਸਿੰਘ ਨੇ ਭੰਗ ਪੀ ਕੇ ਇਹ ਬਿਆਨ ਦਿੱਤਾ ਹੋਵੇਗਾ, ਜਿਹੜਾ ਅਗਲੇ ਦਿਨ ਤੱਕ ਉਹ ਭੁਲਾ ਦੇਵੇਗਾ। ਦੂਜੇ ਦਿਨ ਉਸ ਨੇ ਆਖ ਦਿੱਤਾ ਕਿ ਕਾਂਗਰਸ ਪਾਰਟੀ ਹੈ ਤਾਂ ਬੇਈਮਾਨ, ਭਰੋਸੇ ਦੇ ਕਾਬਲ ਵੀ ਨਹੀਂ, ਪਰ ਅਸੀਂ ਉਸ ਦੀ ਕੇਂਦਰ ਸਰਕਾਰ ਦਾ ਸਾਥ ਨਹੀਂ ਛੱਡਣਾ, ਕਿਉਂਕਿ ਇਸ ਨਾਲ ਸਾਡੇ ਉਤੇ ਵਿਸ਼ਵਾਸਘਾਤ ਦਾ ਦੋਸ਼ ਲੱਗ ਜਾਵੇਗਾ। ਸਿਰਫ ਦੋ ਦਿਨ ਹੋਰ ਲੰਘੇ ਸਨ ਕਿ ਉਸ ਨੇ ਅਗਲਾ ਤੀਰ ਇਹ ਛੱਡ ਦਿੱਤਾ ਕਿ ਜੇ ਮੈਂ ਕਾਂਗਰਸ ਦਾ ਸਾਥ ਛੱਡਾਂ ਤਾਂ ਇਸ ਦੇ ਹਜ਼ਾਰਾਂ ਹੱਥ ਹਨ, ਇਹ ਸੀ ਬੀ ਆਈ ਮੇਰੇ ਪਿੱਛੇ ਲਾ ਕੇ ਜੇਲ੍ਹ ਵੀ ਭੇਜ ਸਕਦੀ ਹੈ। ਇਸ ਨਾਲ ਉਸ ਦੀ ਕਾਂਗਰਸ ਦੇ ਲੀਡਰਾਂ ਨਾਲ ਰੋਜ਼ ਦੀ ਉਹ ਲੜਾਈ ਛਿੜ ਗਈ, ਜਿਸ ਦਾ ਕੋਈ ਬੰਨਾ ਨਜ਼ਰ ਨਹੀਂ ਆ ਰਿਹਾ।

ਜਾਣਨ ਵਾਲੇ ਆਖਦੇ ਹਨ ਕਿ ਮੁਲਾਇਮ ਸਿੰਘ ਕਾਂਗਰਸ ਤੋਂ ਦੂਰ ਨਹੀਂ ਜਾਣਾ ਚਾਹੁੰਦਾ, ਪਰ ਦੂਰੀ ਵੀ ਜ਼ਾਹਰ ਕਰਨਾ ਚਾਹੁੰਦਾ ਹੈ ਤਾਂ ਕਿ ਭਾਜਪਾ ਵਿਚ ਨਰਿੰਦਰ ਮੋਦੀ ਦੇ ਵਿਰੋਧ ਵਾਲੇ ਲੀਡਰਾਂ ਨਾਲ ਭਵਿੱਖ ਦੀ ਕਿਸੇ ਆਸ ਵਿਚ ਅੱਖ-ਮਟੱਕਾ ਕਰ ਸਕੇ। ਸ਼ਾਇਦ ਇਹ ਸੋਚ ਹੋਵੇਗੀ ਕਿ ਜੇ ਕਿਸੇ ਵੀ ਧਿਰ ਜਾਂ ਗੱਠਜੋੜ ਦੀ ਬਹੁਸੰਮਤੀ ਨਾ ਆਈ ਤਾਂ ਮੋਦੀ ਦੇ ਵਿਰੋਧੀ ਮੰਨੇ ਜਾਂਦੇ ਅਡਵਾਨੀ ਧੜੇ ਨਾਲ ਹੱਥ ਮਿਲਾਇਆ ਜਾ ਸਕੇਗਾ। ਇਸੇ ਲਈ ਉਸ ਨੇ ਇੱਕੋ ਹਫਤੇ ਵਿਚ ਦੋ ਵਾਰ ਲਾਲ ਕ੍ਰਿਸ਼ਨ ਅਡਵਾਨੀ ਦੀ ਖੁੱਲ੍ਹ ਕੇ ਸਿਫਤ ਕੀਤੀ ਤੇ ਅਡਵਾਨੀ ਨੇ ਭਾਜੀ ਮੋੜਨ ਵਾਂਗ ਮੁਲਾਇਮ ਦੇ ਆਦਰਸ਼ ਮੰਨੇ ਜਾਂਦੇ ਮਰਹੂਮ ਨੇਤਾ ਰਾਮ ਮਨੋਹਰ ਲੋਹੀਆ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਦਿੱਤੇ ਸਨ।

ਸਾਫ ਹੈ ਕਿ ਰਾਜਸੀ ਪੱਖ ਤੋਂ ਖਿਲਾਰਾ ਕਾਫੀ ਜ਼ਿਆਦਾ ਪਿਆ ਹੋਇਆ ਹੈ ਤੇ ਸਾਰੇ ਘੋੜੇ ਅਗਲੇ ਸਾਲ ਦੀਆਂ ਪਾਰਲੀਮੈਂਟ ਚੋਣਾਂ ਦੇ ਮੈਦਾਨ ਨੂੰ ਅੱਖਾਂ ਸਾਹਮਣੇ ਰੱਖ ਕੇ ਦੌੜ ਰਹੇ ਹਨ। ਲੋਕ ਵੀ ਮੁੱਦਿਆਂ ਦੀ ਬਜਾਏ ਇਹੋ ਪੁੱਛਣ ਨੂੰ ਪਹਿਲ ਦਿੰਦੇ ਹਨ ਕਿ ਚੋਣਾਂ ਵਿਚ ਜਿੱਤ ਕੌਣ ਜਾਵੇਗਾ? ਸਾਡੀ ਇਹੋ ਜਿਹੀ ਕੋਈ ਚਿੰਤਾ ਅੱਜ ਦੀ ਘੜੀ ਨਹੀਂ ਅਤੇ ਜਦੋਂ ਤੱਕ ਲੜਾਈ ਦੀਆਂ ਧਿਰਾਂ ਸਪੱਸ਼ਟ ਨਹੀਂ ਹੋ ਜਾਂਦੀਆਂ, ਇਹੋ ਜਿਹੀ ਪੁਣ-ਛਾਣ ਵਿਚ ਪੈਣ ਦੀ ਲੋੜ ਵੀ ਨਹੀਂ ਸਮਝਦੇ, ਪਰ ਇਹ ਸਵਾਲ ਮੋੜਵਾਂ ਪੁੱਛਣਾ ਚਾਹੁੰਦੇ ਹਾਂ ਕਿ ਏਥੇ ਸਾਹਮਣੇ ਦਿੱਸ ਰਹੀਆਂ ਮੁੱਖ ਧਿਰਾਂ ਵਿਚੋਂ ਇਦਾਂ ਦੀ ਕਿਹੜੀ ਹੈ, ਜਿਸ ਨੂੰ ਇਸ ਦੇਸ਼ ਦੇ ਆਮ ਆਦਮੀ ਦੇ ਹਿੱਤਾਂ ਦੀ ਚਿੰਤਾ ਹੋਵੇ? ਰਾਜਨੀਤੀ ਸਾਰੀਆਂ ਧਿਰਾਂ ਵੱਲੋਂ ਆਮ ਆਦਮੀ ਦਾ ਨਾਂ ਲੈ ਕੇ ਕੀਤੀ ਜਾਂਦੀ ਹੈ ਤੇ ਰਾਜ ਕਿਸੇ ਵੀ ਪਾਰਟੀ ਦਾ ਆ ਜਾਵੇ, ਉਸ ਦਾ ਉਲਾਰ ਕਾਰਪੋਰੇਟ ਘਰਾਣਿਆਂ ਦੇ ਪੱਖ ਵਿਚ ਹੁੰਦਾ ਹੈ। ਇਸ ਵੇਲੇ ਇੱਕ ਕੰਪਨੀ ਭਾਰਤ ਦੇ ਲੋਕਾਂ ਤੋਂ ਉਗਰਾਹੇ ਹੋਏ ਚੌਵੀ ਹਜ਼ਾਰ ਕਰੋੜ ਰੁਪਏ ਵਾਪਸ ਮੋੜਨ ਤੋਂ ਬਚਣ ਦੇ ਹੀਲੇ ਕਰ ਰਹੀ ਹੈ ਤੇ ਸੁਪਰੀਮ ਕੋਰਟ ਦੇ ਹੁਕਮ ਦੀ ਵੀ ਪ੍ਰਵਾਹ ਨਹੀਂ ਕਰ ਰਹੀ, ਪਰ ਕਮਾਲ ਦੀ ਗੱਲ ਹੈ ਕਿ ਨਾ ਭਾਰਤ ਦੀ ਕਮਾਨ ਸੰਭਾਲ ਰਹੀ ਕਾਂਗਰਸ ਇਸ ਬਾਰੇ ਚੁੱਪ ਤੋੜਦੀ ਹੈ ਤੇ ਨਾ ਕਿਸੇ ਵੀ ਰਾਜ ਵਿਚ ਰਾਜ ਕਰਦੀ ਕੋਈ ਹੋਰ ਪਾਰਟੀ ਬੋਲੀ ਹੈ। ਉਸੇ ਵਰਗੀ ਇੱਕ ਕੰਪਨੀ ਨੇ ਸਪੈਕਟਰਮ ਦੀ ਅਲਾਟਮੈਂਟ ਵੇਲੇ ਜਿਹੜੇ ਰਾਜਾਂ ਦਾ ਹੱਕ ਖਰੀਦਿਆ ਵੀ ਨਹੀਂ, ਉਨ੍ਹਾਂ ਵਿਚੋਂ ਤਿੰਨ ਰਾਜਾਂ ਵਿਚ ਮੋਬਾਈਲ ਸੇਵਾ ਚਲਾ ਕੇ ਕਰੋੜਾਂ ਨਹੀਂ, ਅਰਬਾਂ ਰੁਪਏ ਦੀ ਕਮਾਈ ਕਰ ਲਈ ਤਾਂ ਹੁਣ ਭਾਰਤ ਦਾ ਟੈਲੀਕਾਮ ਮਹਿਕਮਾ ਉਸ ਨੂੰ ਮਾਮੂਲੀ ਜਿਹਾ ਕੁਝ ਕਰੋੜ ਰੁਪਏ ਦਾ ਜੁਰਮਾਨਾ ਕਰਨ ਲੱਗਾ ਹੈ। ਕੰਪਨੀ ਦੌੜ ਕੇ ਸੁਪਰੀਮ ਕੋਰਟ ਤੋਂ ਜੁਰਮਾਨੇ ਦਾ ਸਟੇਅ ਆਰਡਰ ਲੈਣ ਗਈ, ਜਿਹੜਾ ਜੱਜ ਸਾਹਿਬਾਨ ਨੇ ਦਿੱਤਾ ਨਹੀਂ, ਪਰ ਇੱਕ ਵੀ ਵੱਡੀ ਧਿਰ ਨੇ ਇਸ ਕੰਪਨੀ ਬਾਰੇ ਮੂੰਹ ਨਹੀਂ ਖੋਲ੍ਹਿਆ।

ਇਹ ਦੋ ਤੇ ਇਨ੍ਹਾਂ ਵਰਗੀਆਂ ਹੋਰ ਕੰਪਨੀਆਂ ਦੀ ਗੱਲ ਚੱਲਦੀ ਤੋਂ ਰਾਜਸੀ ਆਗੂਆਂ ਦੀ ਚੁੱਪ ਬਾਰੇ ਲੋਕ ਇਹ ਸਮਝਦੇ ਹੋਣਗੇ ਕਿ ਇਹ ਭਾਰਤੀ ਕਾਰਪੋਰੇਟ ਘਰਾਣਿਆਂ ਦਾ ਦਿੱਤਾ ਖਾਂਦੇ ਹਨ, ਪਰ ਜਦੋਂ ਇੱਕ ਵਿਦੇਸ਼ੀ ਕੰਪਨੀ ਦਾ ਪੇਟੈਂਟ ਦਾ ਹੱਕ ਸੁਪਰੀਮ ਕੋਰਟ ਨੇ ਠੋਕ ਕੇ ਰੱਦ ਕਰ ਦਿੱਤਾ, ਇਨ੍ਹਾਂ ਪਾਰਟੀਆਂ ਨੂੰ ਉਦੋਂ ਵੀ ਦੰਦਲ ਪਈ ਰਹੀ ਹੈ। ਕੈਂਸਰ ਦੇ ਇਲਾਜ ਲਈ ਸਵਿਟਜ਼ਰਲੈਂਡ ਦੀ ਉਹ ਕੰਪਨੀ ਦਵਾਈ ਬਣਾਉਂਦੀ ਹੈ। ਇੱਕ ਮਹੀਨੇ ਦੀ ਉਸ ਦੀ ਦਵਾਈ ਦੀ ਖੁਰਾਕ ਇੱਕ ਲੱਖ ਵੀਹ ਹਜ਼ਾਰ ਰੁਪਏ ਤੋਂ ਉਪਰ ਪੈਂਦੀ ਹੈ ਤੇ ਇਹੋ ਦਵਾਈ ਹੋਰ ਕੰਪਨੀਆਂ ਦੀ ਬਣੀ ਹੋਈ ਇੱਕ ਮਹੀਨੇ ਲਈ ਸਿਰਫ ਅੱਠ ਹਜ਼ਾਰ ਰੁਪਏ ਦੀ ਹੁੰਦੀ ਹੈ। ਉਹ ਵਿਦੇਸ਼ੀ ਕੰਪਨੀ ਪੰਦਰਾਂ ਗੁਣਾਂ ਮੁੱਲ ਵਸੂਲ ਕੇ ਪਹਿਲਾਂ ਹੀ ਰੋਗ ਦੀ ਮਾਰ ਨਾਲ ਮਰਨੇ ਪਏ ਲੋਕਾਂ ਦੇ ਖੱਫਣ ਵੀ ਧੂਹਣ ਲੱਗੀ ਰਹੀ ਤੇ ਸਾਡੇ ਸਾਰੇ ਰੰਗਾਂ ਦੀ ਰਾਜਨੀਤੀ ਕਰਨ ਵਾਲੇ ਲੀਡਰ ਈਸਟ ਇੰਡੀਆ ਕੰਪਨੀ ਦੇ ਏਜੰਟਾਂ ਵਾਂਗ ਚੁੱਪ ਕੀਤੇ ਰਹੇ। ਕੀ ਇਹ ਉਨ੍ਹਾਂ ਨੇ ਆਪਣੇ ਦੇਸ਼ ਦੇ ਲੋਕਾਂ ਨਾਲ ਧਰੋਹ ਨਹੀਂ ਕੀਤਾ?

ਅਗਲੇ ਸਾਲ ਪਾਰਲੀਮੈਂਟ ਚੋਣਾਂ ਹੋਣਗੀਆਂ। ਅੱਜ ਦੀ ਘੜੀ ਮੂੰਹ ਵਿਚ ਘੁੰਗਣੀਆਂ ਪਾ ਕੇ ਚੁੱਪ ਵੱਟੀ ਬੈਠੇ ਇਹੋ ਲੀਡਰ ਇੱਕ ਦੂਸਰੇ ਨੂੰ ਭੰਡ ਕੇ ਖੁਦ ਨੂੰ ਲੋਕਾਂ ਦੇ ਹਿਤੈਸ਼ੀ ਸਾਬਤ ਕਰਨ ਵਾਸਤੇ ਵਾਹ ਲਾਉਣਗੇ। ਜਦੋਂ ਇਨ੍ਹਾਂ ਨੇ ਲੋੜ ਪਈ ਤੋਂ ਲੋਕਾਂ ਦੇ ਖੱਫਣ ਲਹਿੰਦੇ ਤੋਂ ਵੀ ਜ਼ਬਾਨ ਨਹੀਂ ਖੋਲ੍ਹਣੀ ਤਾਂ ਇਨ੍ਹਾਂ ਵਿਚੋਂ ਜਿਹੜਾ ਮਰਜ਼ੀ ਜਿੱਤ ਜਾਵੇ, ਇਸ ਦੀ ਚਿੰਤਾ ਉਹ ਆਮ ਆਦਮੀ ਭਲਾ ਕਿਉਂ ਕਰੇ, ਜਿਸ ਦੀ ਚਿੰਤਾ ਇਨ੍ਹਾਂ ਵਿਚੋਂ ਕਿਸੇ ਨੂੰ ਨਹੀਂ?

**Quick Stop 40, Oklahoma**

**Help Wanted**

ਟਰੱਕ ਸਟਾਪ ਲਈ ਕੈਸ਼ੀਅਰ ਤੇ ਮੈਨੇਜਰ ਦੀ ਲੋੜ ਹੈ

ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ

ਕਾਲ ਕਰੋ:832-512-7172

RADIO CHARDI KALA

**ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ**

**ਰੇਡੀਓ ਚੜ੍ਹਦੀ ਕਲਾ**

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਇਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗ੍ਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

Radio CK, PO Box 296, Fremont, CA 94537

# ਪੰਜਾਬ ਸਪੋਰਟਸ

# ਅੰਤਰਰਾਸ਼ਟਰੀ ਕਬੱਡੀ ਕੱਪ ਮੇਲਾ



ਸਵਰਗੀ ਸ. ਮੇਜਰ ਸਿੰਘ ਮੌਜੀ

## ਪਹਿਲਾ ਇਨਾਮ
## ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ



### ਦੂਜਾ ਇਨਾਮ

ਵਰਿੰਦਰ ਸਾਹੀ, ਦਰਸ਼ਨ ਸਿੰਘ ਦਰੜ ਤੇ ਪ੍ਰਿਥਪਾਲ ਸਿੰਘ ਘੋਤੜਾ



ਦਲਜੀਤ ਸਿੰਘ ਰਾਜਪੁਰਾ ਚੇਅਰਮੈਨ



ਅਜਮੇਰ ਸਿੰਘ ਪੰਨੂ (ਪ੍ਰਧਾਨ)



ਦਰਸ਼ਨ ਸਿੰਘ ਧਾਲੀਵਾਲ, ਜਥੇਦਾਰ ਤਾਰਾ ਸਿੰਘ ਸੱਲ੍ਹਾਂ, ਬਲਦੇਵ ਸਿੰਘ ਸੱਲ੍ਹਾਂ, ਪਾਖਰ ਸਿੰਘ ਸਿੱਧੂ, ਬਚਨ ਸਿੰਘ ਗਿੱਲ, ਸ਼ਮਸ਼ੇਰ ਸਿੰਘ ਬੋਪਾਰਾਏ, ਅਮਰਜੀਤ ਸਿੰਘ ਸੰਧਰ, ਹਰਭਜਨ ਸਿੰਘ ਸੰਧਾਵਾਲੀਆ, ਬਲਬੀਰ ਸਿੰਘ ਸੈਣੀ, ਡਾ. ਹਰਜਿੰਦਰ ਸਿੰਘ ਖਹਿਰਾ



ਹਰਜੀਤ ਸਾਹੀ, ਬਲਵਿੰਦਰ ਸਿੰਘ ਸੰਧੂ, ਡਾ. ਗੁਰਚਰਨ ਸਿੰਘ ਗਰੇਵਾਲ, ਦਵਿੰਦਰ ਗੋਰਾਇਆ, ਪਰਮਜੀਤ ਸਿੱਧੂ, ਹਰਜੀਤ ਸੰਧਰ, ਕੁਲਵੰਤ ਢਿੱਲੋਂ, ਬਹਾਦਰ ਸਿੰਘ, ਹਰਿੰਦਰ ਚਾਹਲ, ਲਾਲੀ ਸਿੱਧੂ, ਹਰਪਾਲ ਟਾਂਡਾ, ਨਰਿੰਦਰ ਮੁੰਦਰ



ਜਸਵਿੰਦਰ ਜੱਸੀ, ਨਿੱਕ ਗਾਖਲ, ਗੁਲਜ਼ਾਰ ਮੁਲਤਾਨੀ, ਜਗਮੀਤ ਸਿੰਘ, ਬਾਬ ਹੁੰਦਲ, ਬਲਵਿੰਦਰ ਸਿੰਘ, ਹਰਜਿੰਦਰ ਸੰਧੂ, ਸੁਖਮੇਲ ਅਟਵਾਲ, ਲਵ ਮਿਨਹਾਸ, ਬੇਅੰਤ ਸਿੰਘ ਬੋਪਾਰਾਏ, ਭੁਪਿੰਦਰ ਸਿੰਘ ਬੋਪਾਰਾਏ, ਰੁਪਿੰਦਰ ਅਰੋੜਾ



ਜਗਦੀਸ਼ਰ ਕਲੇਰ, ਅਜੀਤ ਸਿੰਘ ਸੁੱਖੀ (ਅੰਬਰ ਪੈਲੇਸ), ਜੱਸੀ ਧਾਲੀਵਾਲ, ਬੌਬੀ ਅਤੇ ਮਨਜੀਤ ਸਿੰਘ, ਸੁਖਮਿੰਦਰ ਪੰਧੇਰ, ਦਲਜੀਤ ਚਾਹਲ, ਜਸਵਿੰਦਰ ਲੱਖਣ, ਕਿੰਟੂ ਬਾਵਾ, ਮੁਖਤਿਆਰ ਸੇਖੋਂ, ਗੁਰਿੰਦਰ ਢਿੱਲੋਂ, ਜਸਵੀਰ ਸੰਧੂ

ਸਪਾਂਸਰ- ਸ਼ਿਕਾਗੋ: ਜਸਵਿੰਦਰ ਸਿੰਘ ਗਿੱਲ ਤੇ ਨਾਜਰ ਸਿੰਘ ਗਿੱਲ (ਪਿੰਡ ਗਿੱਲਾਂ, ਲੁਧਿਆਣਾ), ਅਯੁਧਿਆ ਸਲਵਾਨ (ਸਟਾਰ ਫੂਡਜ਼), ਜੱਸੀ ਸਹੋਤਾ, ਪਾਲ ਡੰਡੋਨਾ, ਗੁਰਮੁਖ ਭੁਲਰ, ਜੱਸੀ ਸੰਧੂ, ਜਰਨੈਲ ਸਿੰਘ ਮੱਲ੍ਹੀ, ਹਰਵਿੰਦਰ ਸਿੰਘ ਕੰਗ, ਚਰਨ ਸਿੰਘ (ਦੀਵਾਨ ਐਂਡ ਕਲਾਕ ਆਟੋ), ਪਰਮਿੰਦਰ ਸਿੰਘ ਹੈਪੀ, ਸਤਵਿੰਦਰ ਸਿੰਘ, ਬਿਕਰਮ ਸਿੰਘ ਸਿੱਧੂ, ਜਸਵੀਰ ਸੋਢੀ, ਬਲਦੇਵ ਸਿੰਘ ਬਾਗੜੀ, ਅੰਮ੍ਰਿਤਪਾਲ ਸਿੰਘ ਰੰਧਾਵਾ, ਸੁਖਵੀਰ ਸਿੰਘ ਗੋਗਨਾ, ਹਰਜੀਤ ਸਿੰਘ, ਗੁਰਮੀਤ ਸਿੰਘ ਭੋਲਾ, ਗੁਰਦਿੱਤ ਸਿੰਘ ਸੈਣੀ, ਰਵੀ (ਆਰ ਕੇ ਕਾਰਪੈਟਸ), ਪਰਦੀਪ ਸਲਵਾਨ (ਆਪਣਾ ਫੂਡਜ਼), ਇੰਦਰ ਦੇਵ (ਪੰਜਾਬੀ ਢਾਬਾ), ਸੁਰਿੰਦਰ ਜੈਨ (ਆਸ਼ਿਆਨਾ ਬੈਂਕੁਇਟ), ਮਹਾਰਾਜਾ ਰੈਸਟੋਰੈਂਟ (ਰੋਜ਼ਮਾਂਟ), ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਹਰਦਿਆਲ ਸਿੰਘ ਦਿਓਲ, ਠਾਕਰ ਸਿੰਘ ਬਸਾਤੀ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਦਲੀਪ ਪਟੇਲ, ਜਗਜੀਤ ਸਿੰਘ ਢੀਂਡਸਾ, ਸਤਪਾਲ ਸਿੰਘ ਸੰਧੂ, ਕਾਬਲ ਸਿੰਘ ਭੁੱਲਰ, ਮੰਗੀ ਟਿਵਾਣਾ, ਹਰਪ੍ਰੀਤ ਗਿੱਲ, ਜਗਜੀਤ ਨਾਹਲ, ਗਗਨਪ੍ਰੀਤ ਸਿੰਘ, ਦੀਪਾ ਵਿਰਕ ਅਤੇ ਸ਼ਿਕਾਗੋ ਟਰੱਕ ਯੂਨੀਅਨ, ਸ਼ਿਕਾਗੋ ਲਿਮੋਜ਼ੀਨ ਯੂਨੀਅਨ, ਦਰਸ਼ਨ ਸਿੰਘ ਪੰਮਾ, ਲਖਵੀਰ ਸਿੰਘ ਸੰਧੂ, ਜੈਰਾਮ ਸਿੰਘ ਕਾਹਲੋਂ, ਗੁਰਬਚਨ ਸਿੰਘ ਢੁੱਡੀਕੇ, ਮਹਿੰਦਰ ਸਿੰਘ ਭੱਠਲ, ਤਾਲੀ ਭੱਠਲ, ਕਲਸੀ ਕੰਸਟਰਕਸ਼ਨਜ਼, ਸੂਗਾ ਬਿਲਡਰਜ਼, ਅਟਾਰਨੀ ਪਾਲ ਚਾਵਲਾ, ਜਸਬੀਰ ਅਤੇ ਪੀਟ ਦਿਓਲ, ਰੌਕੀ ਭੱਲਾ, ਬਲਵਿੰਦਰ ਗਿਰਨ, ਸੰਨੀ ਤੇ ਰੌਨੀ ਕੁਲਾਰ, ਪਾਲ ਲੈਲ, ਅਰਵਿੰਦ ਗਾਖਲ, ਸੰਘੇੜਾ ਪਰਿਵਾਰ, ਗਾਖਲ ਪਰਿਵਾਰ, ਬਾਗੜੀ ਪਰਿਵਾਰ, ਸੰਘਾ ਪਰਿਵਾਰ, ਹੁੰਦਲ ਪਰਿਵਾਰ। ਡਿਕੇਟਰ ਅਤੇ ਬਲੂਮਿੰਗਟਨ: ਸੋਨੀ ਤੇ ਰਾਜ ਘੋਤੜਾ, ਬਿੱਲਾ ਤੇ ਜੱਸੀ ਮਿਆਣੀ, ਸ਼ਮਸ਼ੇਰ ਸਿੰਘ, ਟੋਨੀ, ਲੱਕੀ ਪੇਲੀਆ, ਇੰਦਰਜੀਤ ਅਤੇ ਰੋਮੀ (ਫੇਮਸ ਲਿੱਕਰ), ਸੁਰਜੀਤ ਸਿੰਘ ਢੇਸੀ, ਸਰਬਜੀਤ ਸਿੰਘ (ਪੂਰਨ ਰੈਸਟੋਰੈਂਟ), ਛਿੰਦਾ ਚੀਮਾ, ਸੰਜੀਵ ਬਿੱਲੂ, ਬਲਬੀਰ ਸਿੰਘ ਨਿੱਜਰ ਅਤੇ ਸੱਤੀ ਭਾਅ ਜੀ (ਪਿਊਰੀਆ), ਕੁਲਦੀਪ ਸਿੰਘ-ਹੈਰਾ ਕੰਸਟਰਕਸ਼ਨ। ਮਿਲਵਾਕੀ: ਸੁਰਜੀਤ ਤੂਰ, ਆਗਿਆਪਾਲ ਸਿੰਘ ਚਾਹਲ, ਤੇਜਿੰਦਰ ਗਿੱਪੀ, ਤਲਵਿੰਦਰ ਸਿੰਘ ਸੂਸ, ਹਰਭਜਨ ਸਿੰਘ ਚਾਹਲ, ਸੁਰਜੀਤ ਢਿੱਲੋਂ। ਆਇਓਵਾ: ਜੱਸੀ ਰੱਬ, ਚੰਨਾ ਤਲਵੰਡੀ, ਗੁਰਸ਼ਰਨ ਸਿੰਘ ਸਹੋਤਾ, ਭਜਨ ਗੋਰਾਇਆ, ਸ਼ਾਨ ਛੀਨਾ, ਆਮਿਰ ਹਨੀਫ। ਮਿਸ਼ੀਗਨ: ਕੁਲਵਿੰਦਰ ਗਿੱਲ, ਗੁਰਦੀਪ ਸਿੰਘ ਪਾਲੀ, ਕੁਲਦੀਪ ਗਿੱਲ, ਬਲਦੇਵ ਸਿੰਘ, ਹਰਦੇਵ ਸਿੰਘ, ਸਿਕੰਦਰ ਸਿੰਘ, ਪਲਵਿੰਦਰ ਬਾਠ, ਮਨਜਿੰਦਰ ਬੈਣੀਪਾਲ, ਦਲਬਾਰਾ ਸਿੰਘ ਮਾਂਗਟ, ਅਵਤਾਰ ਸਿੰਘ, ਸਤਪਾਲ ਸਿੰਘ, ਗਿਆਨ ਸਿੰਘ, ਗੁਰਮੇਲ ਸਿੰਘ, ਤਰਸੇਮ ਸਿੰਘ, ਸਤਨਾਮ ਸਿੰਘ, ਹਰਪ੍ਰੀਤ ਸਿੰਘ ਹੈਪੀ, ਹਰਦੀਪ ਸਿੰਘ, ਮਨਦੀਪ ਸਿੰਘ ਧਾਲੀਵਾਲ (ਬੈਟਲ ਕਰੀਕ), ਕਰਨੈਲ ਸਿੰਘ, ਜਰਨੈਲ ਸਿੰਘ, ਗੁਰਜਿੰਦਰ ਸਿੰਘ ਡਿੰਪਲ, ਲਾਡੀ ਮੁਲਤਾਨੀ, ਰਿੰਕੂ, ਰਾਜ ਜਾਮਾਰਾਏ, ਕਰਨ ਗਿੱਲ, ਰਾਜ ਸੀਹੜਾ, ਕਰਮਬੀਰ ਸਿੰਘ, ਭਾਈ ਗੁਰਦੇਵ ਸਿੰਘ, ਮਨਜੀਤ ਸਿੰਘ ਨੰਨਣ, ਰਾਜਬੀਰ ਸਿੰਘ ਬੋਪਾਰਾਏ, ਤੀਰਥ ਸਿੰਘ ਬੋਦਲਾਂ, ਲੱਕੀ ਚਾਹਲ, ਹਰਪਾਲ ਸਿੰਘ, ਹਰਦੀਪ ਸਿੰਘ, ਜੱਸੀ ਗੁਰਦਾਸਪੁਰੀਆ, ਜੇ ਬੀ ਸਿੰਘ ਸਰਾਂ, ਭੋਲਾ ਬ੍ਰਦਰਜ਼। ਇੰਡੀਆਨਾ: ਤਰਲੋਚਨ ਸਿੰਘ ਸੰਘਾ, ਮੁਖਤਿਆਰ ਸਿੰਘ, ਓਂਕਾਰ ਸਿੰਘ, ਸੋਨੂੰ ਪਹਿਲਵਾਨ, ਮਨਦੀਪ ਸਿੰਘ (ਲੱਕੀ) ਘੋਤੜਾ, ਅਵਤਾਰ ਸਿੰਘ, ਮਨਜੀਤ ਸਿੰਘ ਮੁੰਦਰ, ਮੌਂਟੀ, ਸੋਨੀ, ਸਾਹਬ ਸਿੰਘ ਸੇਖੋਂ। ਕਰਾਊਨ ਪੁਆਇੰਟ: ਸਰਵਣ ਸਿੰਘ ਟਿਵਾਣਾ, ਕਮਲਜੀਤ ਵਿਰਕ, ਹਰਿੰਦਰ ਸਿੰਘ ਤੂਰ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ਪਾਲੀ ਗਰੇਵਾਲ, ਜਸਪਾਲ ਸਿੰਘ ਘੋਤੜਾ, ਸਤਵਿੰਦਰ ਸੱਤਾ, ਰਣਜੀਤ ਸਿੰਘ ਕਾਹਲੋਂ, ਪ੍ਰਿੰਸ, ਗੁਰਿੰਦਰ ਗਿੱਲ, ਸੁਖਵਿੰਦਰ ਤੇ ਰਿੱਕੀ ਬਸਰਾ, ਹੈਰੀ ਢੱਟ,

# ਕਲੱਬ, ਸ਼ਿਕਾਗੋ



## 25 ਮਈ 2013

(ਸਨਿਚਰਵਾਰ, ਸਵੇਰੇ 11 ਤੋਂ ਰਾਤ 9 ਵਜੇ ਤੱਕ)

**Odeum Expo Center**

1033 North Villa Avenue, Villa Park, IL 60181

ਇਸ ਵਾਰ ਦਾ ਮੇਲਾ ਸਵਰਗੀ ਸ. ਮੇਜਰ ਸਿੰਘ ਮੌਜੀ ਨੂੰ ਸਮਰਪਿਤ ਹੋਵੇਗਾ

ਲੋਕ ਗਾਇਕ ਸੁਰਿੰਦਰ ਛਿੰਦਾ ਅਤੇ ਹੋਰ ਨਾਮੀ ਗਾਇਕ ਸਰੋਤਿਆਂ ਦਾ ਗੀਤ-ਸੰਗੀਤ ਦੇ ਪ੍ਰੋਗਰਾਮ ਰਾਹੀਂ ਮਨੋਰੰਜਨ ਕਰਨਗੇ



**ਖਾਣਾ ਫਰੀ, ਪਾਰਕਿੰਗ ਫਰੀ**

ਮੁੱਖ ਮਹਿਮਾਨ



ਸੁਰਜੀਤ ਸਿੰਘ ਰੱਖੜਾ
ਕੈਬਨਿਟ ਮੰਤਰੀ



ਮਨਜੀਤ ਸਿੰਘ ਦਸੂਹਾ | ਜਸਵੀਰ ਸਿੰਘ ਲਾਲੀ | ਹਰਵਿੰਦਰ ਸਿੰਘ ਵਾਲੀਆ | ਵਰਿੰਦਰ ਸਾਹੀ | ਪ੍ਰਿਥਪਾਲ ਘੋਤੜਾ | ਦਰਸ਼ਨ ਸਿੰਘ ਦਰੜ | ਮਨਜੀਤ ਸਿੰਘ ਨਾਗਰਾ | ਇੰਦਰਜੀਤ ਸਿੰਘ | ਮਨਜਿੰਦਰ ਭੰਮਰਾ | ਜਗਜੀਤ ਸਿੰਘ ਸਿੱਧੂ | ਸੋਹਣ ਗਿੱਲ



ਅਵਤਾਰ ਲੱਖਾ | ਸੋਨੂੰ | ਗੁਰਬਚਨ ਪੱਪੂ | ਰਾਣਾ ਵਿਰਕ | ਰਾਜਿੰਦਰ ਬੈਂਸ | ਲਾਲੀ ਧਾਲੀਵਾਲ | ਓਂਕਾਰ ਕਾਰੀ | ਬਲਵਿੰਦਰ ਸਿੰਘ ਗਿਲਜ਼ੀਆਂ | ਰੇਸ਼ਮ ਸਿੰਘ ਖੱਖ | ਗੁਰਦੇਵ ਸਿੰਘ | ਮੱਖਣ ਸਿੰਘ | ਮਨਜੀਤ ਗਰੇਵਾਲ



ਰਿੰਪੀ ਖੱਟੜਾ | ਧਰਮਿੰਦਰ ਖੱਟੜਾ | ਮਨਦੀਪ ਭੂਰਾ | ਕੁਲਦੀਪ ਟਾਂਡਾ | ਕੁਲਦੀਪ ਲੰਗ | ਪਿੰਕਾ ਪਾਲੀਆ | ਸੁਖਦੇਵ ਸਮਰਾ | ਲਖਬੀਰ ਸੀਹਰਾ | ਓਮ ਨਰਾਲਾ



ਚੰਨਾ ਕੈਲਮਜੂ | ਖੇਮ ਵਿਰਕ | ਲਖਬੀਰ ਢੀਂਡਸਾ | ਗੁਰਮੀਤ ਸਿੰਘ | ਸਿਕੰਦਰ ਬਿੱਟੂ | ਕ੍ਰਿਸ਼ਨ ਸਿੰਘ | ਸੁਰਜੀਤ ਤੂਰ | ਤਲਵਿੰਦਰ ਸੂਸ | ਜੇ ਪੀ ਖਹਿਰਾ



ਬਾਬਾ ਮੱਖਣ ਸ਼ਾਹ ਕਮੇਟੀ, ਸਾਊਥਬੈਂਡ

ਨਿਧਾਨ ਸਿੰਘ ਮਟੋਟ, ਸਿਕੰਦਰ ਸਿੰਘ ਬਿੱਟੂ, ਜਸਵੀਰ ਸਿੰਘ ਪਾਲੀਆ, ਸ. ਮੇਹਰ ਸਿੰਘ, ਲੱਕੀ ਤੇ ਵਿੱਕੀ, ਮਨਜੀਤ ਕਹਿਲ, ਵਰਿੰਦਰ ਨਾਗਰਾ, ਰਾਜ ਭੁੱਲਰ। **ਇੰਡੀਅਨਐਪੋਲਿਸ:** ਗੁਰਮੀਤ ਡਿਪਟੀ, ਜਸਬੀਰ ਡਿਪਟੀ, ਤੀਰਥ ਅਟਵਾਲ (ਮਿੱਤਰਾਂ ਦਾ ਢਾਬਾ), ਸਤਵੰਤ ਨਿੱਜਰ, ਨਾਡਾ ਰਾਣਾ, ਬਲਦੇਵ ਥਿੰਦ, ਸ਼ਿੰਗਾਰਾ ਸਿੰਘ, ਸੰਨੀ ਗਿੱਲ, ਸੰਨੀ ਤੇ ਬੀਨੂੰ ਡਾਲਾ, ਸਾਹਬ ਸਿੰਘ ਸੇਖੋਂ ਕੁਆਲਿਟੀ-ਇਨ ਹੋਟਲ (ਲੇਫੀਅਟ)। **ਸਹਿਯੋਗੀ ਸੰਸਥਾਵਾਂ:** ਪੀ ਸੀ ਐਸ, ਪੀ ਐਚ ਓ, ਪੀ ਏ ਓ, ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ, ਬਾਬਾ ਮੱਖਣ ਸ਼ਾਹ ਲੁਬਾਣਾ-ਸਾਊਥਬੈਂਡ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਕਰਾਊਨ ਪੁਆਇੰਟ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਫਾਈਵ ਰਿਵਰ ਐਂਟਰਟੇਨਮੈਂਟ-ਇੰਡੀਅਨਐਪੋਲਿਸ, ਪੀ ਸੀ ਓ-ਮਿਲਵਾਕੀ, ਪੀ ਸੀ ਐਸ-ਫੋਰਟਵੇਨ, ਪੰਜਾਬ ਸਪੋਰਟਸ ਕਲੱਬ-ਸਿਨਸਿਨੈਟੀ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਸਿਨਸਿਨੈਟੀ, ਪੰਜਾਬ ਸਪੋਰਟਸ ਕਲੱਬ-ਕਲੀਵਲੈਂਡ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਡਿਟਰਾਇਟ, ਗੁਰੂ ਨਾਨਕ ਸਿੱਖ ਸੈਂਟਰ-ਮਿਸ਼ਵਾਕਾ।

**ਕਬੱਡੀ ਕੁਮੈਂਟੇਟਰ: ਪ੍ਰਿੰ. ਸਰਵਣ ਸਿੰਘ ਅਤੇ ਪ੍ਰੋ. ਮੱਖਣ ਹਕੀਮਪੁਰੀ**

**ਹੋਰ ਜਾਣਕਾਰੀ ਲਈ ਸੰਪਰਕ ਕਰੋ:** ਅਜਮੇਰ ਸਿੰਘ ਪੰਨੂ ਫੋਨ:630-440-3458, ਸੰਤੋਖ ਸਿੰਘ ਡੀ ਸੀ ਫੋਨ:847-338-3866, ਨਰਿੰਦਰ ਸਿੰਘ ਸਰਾਂ ਫੋਨ:630-205-9264 ਹਰਵਿੰਦਰ ਸਿੰਘ ਘੋਤੜਾ ਫੋਨ:708-228-8520, ਜਸਕਰਨ ਧਾਲੀਵਾਲ ਫੋਨ:630-290-7993 ਹੈਪੀ ਹੀਰ ਫੋਨ: 630-205-6575, ਅਜੈਬ ਸਿੰਘ ਲੱਖਣ ਫੋਨ: 847-544-1788 ਲੱਕੀ ਸਹੋਤਾ ਫੋਨ: 847-489-7773, ਅਮਰੀਕ ਸਿੰਘ ਫੋਨ: 773-507-8043 ਲਵਦੀਪ ਸਿੰਘ ਦੂਲਤ ਫੋਨ:224-425-0705, ਬਲਦੇਵ ਸਿੰਘ ਗਿੱਲ ਫੋਨ: 847-239-4700 ਗੁਰਪ੍ਰੀਤ ਗਿੱਲ ਫੋਨ: 630-818-5159, ਗਿਆਨ ਸਿੰਘ ਸੀਹਰਾ ਫੋਨ: 630-841-6537

**ਪੰਜਾਬ ਸਪੋਰਟਸ ਕਲੱਬ, ਸ਼ਿਕਾਗੋ:** ਲਖਵਿੰਦਰ ਸਿੰਘ ਲੱਖਾ (ਇੰਡੀਆਨਾ), ਹਰਦੀਪ ਸਿੰਘ ਤਾਊ, ਲਾਲੀ ਸਿੱਧੂ (ਮਿਲਵਾਕੀ), ਸਰੂਪ ਢਿਲੋਂ, ਗੁਰਿੰਦਰ ਢਿਲੋਂ (ਸਿਨਸਿਨੈਟੀ ਓਹਾਇਓ), ਰਾਜਿੰਦਰ ਦਿਆਲ, ਜੁਝਾਰ ਸਿੰਘ ਕੰਗ, ਹਰਿੰਦਰ ਸਿੰਘ ਸਰਾਂ, ਪਰਮਿੰਦਰ ਸਿੰਘ ਕਾਹਲੋਂ, ਅਜਮੇਰ ਸਿੰਘ ਲੱਖਣ, ਮਹਿੰਦਰ ਸਿੰਘ ਰਕਾਲਾ, ਦਰਸ਼ਨ ਡਿਡਰਾਲ, ਰੁਪਿੰਦਰ ਸਿੰਘ ਕੰਗ, ਰਘਬੀਰ ਸਿੰਘ ਕੰਗ, ਰਾਣਾ ਭੰਡਾਲ, ਗੁਰਦੀਪ ਸਿੰਘ ਢਿੱਲੋਂ, ਡਾ. ਸ਼ਰਨਜੀਤ ਸਿੰਘ ਰੰਧਾਵਾ, ਜਗਮੋਹਨ ਸਿੰਘ ਅੰਤਾਲ, ਆਗਿਆਪਾਲ ਸਿੰਘ ਚਾਹਲ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੇ ਹਉ ਕਰਹੁੰ ਨਿਵਾਸ।

# ਸਮੂਹ ਸਿੱਖ ਭਾਈਚਾਰੇ ਨੂੰ ਖਾਲਸਾ ਪੰਥ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦੀ

# ਲੱਖ-ਲੱਖ ਵਧਾਈ ਹੋਵੇ



ਵਲੋਂ:

## ਬਹਾਦੁਰ ਸਿੰਘ ਅਤੇ ਪਰਿਵਾਰ

ਸੇਲਮ (ਓਰੇਗਾਨ)

ਫੋਨ: 503-559-8233

# ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਵਿਸਾਖੀ ਦੀ ਵਧਾਈ




ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ

www.011india.com

$25 2,500 Minutes

ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ

ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।

✓ ਵਧੀਆ, ਸਾਫ਼ ਆਵਾਜ਼ ✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ

✓ ਬਗੈਰ ਪਿੰਨ ਤੋਂ ਵਰਤੋ

✓ ਸਪੀਡ ਵਾਲੇ ਨੰਬਰ ਸੈਟ ਕਰੋ

Limited Time Offer. Restrictions & Additional Fees Apply.

800.914.1013 • 408.726.6103 • 408.659.9400

## INDIAN BAZAAR ਇੰਡੀਅਨ ਬਜ਼ਾਰ

334 S. Emerson Ave.,
GREENWOOD, IN 46143

ਹਰ ਤਰ੍ਹਾਂ ਦੀ ਭਾਰਤੀ ਗਰੌਸਰੀ ਅਤੇ ਮਿਠਾਈਆਂ ਲਈ ਮਸ਼ਹੂਰ

- ਤਾਜ਼ਾ ਸਬਜ਼ੀਆਂ ਹਰ ਵੀਰਵਾਰ
- ਸਭ ਧਰਮਾਂ ਦੇ ਧਾਰਮਿਕ ਪ੍ਰੋਗਰਾਮਾਂ ਲਈ 10% ਛੂਟ

ਇਕ ਵਾਰ ਜ਼ਰੂਰ ਦਰਸ਼ਨ ਦਿਓ, ਦੂਜੀ ਵਾਰ ਤੁਸੀਂ ਖੁਦ ਹੀ ਆਓਗੇ ਕਿਉਂਕਿ ਹਰ ਚੀਜ਼ ਤੁਹਾਨੂੰ ਵਧੀਆ ਕੁਆਲਿਟੀ 'ਚ ਅਤੇ ਵਾਜਬ ਰੇਟ 'ਤੇ ਮਿਲੇਗੀ।

ਤੁਹਾਡਾ ਆਪਣਾ ਸਾਫ ਸੁਥਰਾ ਗਰੌਸਰੀ ਸਟੋਰ

ਸੱਤੇ ਦਿਨ ਖੁੱਲ੍ਹਾ-ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ



Ph: 317-534-5151, 317-997-9140



ਆਪਣੇ ਰੂਪ ਨੂੰ ਚਾਰ ਚੰਨ ਲਾਓ

DESIGNER LEHANGAS, SUITS, SAREES, KIDS WEAR

ਡਿਜ਼ਾਈਨਰ ਲਹਿੰਗੇ, ਸੂਟ ਤੇ ਸਾੜੀਆਂ

ਬੱਚਿਆਂ ਦੀਆਂ ਪੁਸ਼ਾਕਾਂ

Gidha Bhangra Dresess On Rent

Preet BOUTIQUE

ਵਿਆਹ-ਸ਼ਾਦੀ ਦੇ ਸ਼ਗਨਾਂ ਲਈ ਕਲੀਰੇ, ਗਾਨੇ, ਸੁਰਮੇਦਾਨੀ, ਕਿਰਪਾਨ, ਕਲਗੀ, ਸਿਹਰਾ, ਚੂੜਾ, ਜਾਗੋ ਮਟਕੀ, ਪਰਾਂਦੀ ਤੇ ਹੋਰ ਸਭ ਕੁਝ ਮਿਲਦਾ ਹੈ

Call: 317-603-4018, 317-332-1387

E-mail:spkaurus@yahoo.co.in
Facebook preetboutique

ਭਾਰ ਘਟਾਓ, ਰੋਗਾਂ ਤੋਂ ਬਚੋ

ਕੀ ਤੁਸੀਂ ਭਾਰ ਵਧਣ, ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕੇ ਰਹਿਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।

> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।

Safe & Easy Weight Loss

Ph:317-886-4858

www.punjabiweightloss.blogspot.com
www.goherbalife.com/skaur

## ਸਭਨਾਂ ਨੂੰ ਖਾਲਸਾ ਸਾਜਨਾ ਦਿਹਾੜੇ ਤੇ ਵਿਸਾਖੀ ਦੀ ਵਧਾਈ

## Taj The Indian Curry House

418, Roberts Rd., Chesterton, IN 46304 (Interstate 94, Exit 26A IN)

Phone: 219-921-1900 www.tajIndiancurryhouse.com

ਭਾਰਤੀ ਖਾਣਿਆਂ ਦਾ ਅਨੰਦ ਮਾਣੋ






Lunch Buffet
11AM to 2:30PM

ਆਪਣੀ ਪਾਰਟੀ ਨੂੰ ਸਵਾਦੀ ਖਾਣਿਆਂ ਨਾਲ ਖੂਬਸੂਰਤ ਬਣਾਓ। ਕੈਟਰਿੰਗ ਲਈ ਕਾਲ ਕਰੋ

Call For Catering: Paul 219-613-1011 or Vijay 219-308-9846

# Sher-E-Punjab Sports & Cultural Society

# ਦੂਜਾ ਸਾਲਾਨਾ 'ਮੇਲਾ ਵਿਸਾਖੀ ਦਾ'

## ਸਨਿਚਰਵਾਰ, 27 ਅਪਰੈਲ 2013

*ਸ਼ਾਮੀ 4 ਵਜੇ ਤੋਂ ਰਾਤ 10 ਵਜੇ ਤੱਕ*

Monroe High School: 220 Yankee Rd., Monroe, OH 45050

ਬੱਚਿਆਂ ਦੀਆਂ ਆਈਟਮਾਂ, ਨ੍ਰਿਤ, ਭੰਗੜਾ-ਗਿੱਧਾ, ਕਾਮੇਡੀ, ਕੋਰੀਓਗ੍ਰਾਫੀ ਅਤੇ ਹੋਰ ਬਹੁਤ ਕੁਝ





An Evening full of fun Entertainment, cultural and family activities.

Media Sponsor
Radio Chann Pardesi

No alcohol allowed at School Premises.

Event Sponsered by
McConnell & Sons Inc. (Grocery Distributor)
& New York Life Insurance.

Food Booth From: Royal Taj India Restaurant
& New Royal Taj India Restaurant



ਪਵਨਦੀਪ
(ਮੰਚ ਸੰਚਾਲਕ)



ਨਿੰਮਾ ਡੱਲੇਵਾਲਾ
(ਗਾਇਕ)



ਲਖਵਿੰਦਰ ਮਾਵੀ
ਗਾਇਕ

## ਸਾਡੇ ਸਪਾਂਸਰ



ਸੁਰਜੀਤ ਮਾਵੀ | ਜਸਵੰਤ ਜੱਸੀ | ਸੁਰਿੰਦਰ ਚੀਮਾ | ਪਰਮਿੰਦਰ ਤੱਖਰ | ਬਲਜੀਤ ਸਿੰਘ | ਜਸਦੇਵ ਗਿੱਲ | ਸੁਸ਼ੀਲ ਅਗਰਵਾਲ | ਚਰਨਜੀਤ ਬਰਾੜ | ਗੁਰਮਿੰਦਰ ਸੰਧੂ | ਬਲਬੀਰ ਬਾਠ | ਬੌਬੀ ਸਿੱਧੂ | ਵਿਨੀਤ ਗੁਪਤਾ



ਅਵਤਾਰ ਸਿੰਘ | ਪਲਵਿੰਦਰ ਢਿੱਲੋਂ | ਦਵਿੰਦਰ ਕਾਹਲੋਂ | ਸੁਖਵਿੰਦਰ ਸਿੰਘ | ਜੋਗਿੰਦਰ ਸਿੰਘ | ਸੰਜੇ ਜਿੰਦਲ | ਜੇ ਐਸ ਚੀਮਾ | ਹਰਚੰਦ ਸਿੰਘ ਫੰਟੂ | ਲਖਵੀਰ ਬਾਸੀ | ਬਲਬੀਰ ਗਿੱਲ | ਨਰਿੰਦਰਪਾਲ ਤਾਤਲਾ | ਰਾਜੇਸ਼ ਰਾਵਲ | ਪਿਆਰਾ ਸਿੰਘ ਭੱਟੀ

# Cincinnati, Dayton, Lima, Columbus (OH)

SHER-E-PUNJAB SPORTS & CULTURAL SOCIETY INC.


**Society Members**

Harvinder S. Walia 917-862-5000
*(President)*
Jaswant S. Jassi 513-235-4828
*(Vice President)*
Surinder S. Cheema 513 324-9043
*(Secretary)*
Surjeet S. Mavi 513- 616-4530
*(Treasurer)*

Jasdev S. Gill 419-604-9275
Baljit Singh 937-369-3086
Parminder S. Takhar 937-469-0202
Gurminder S. Sandhu, 513-550-6134
Sushil Aggarwal 937-673-8004
Kumar Pawandeep 937-838-3767
Balbir S. Bath 513-292-2517
Charanjit S. Brar 317-903-7400
Pavitar S. Sidhu 937-919-4799

www.sherepunjabcincy.com Email :sherepunjabsociety@gmail.com


## ਡਾਇਮੰਡ ਸਪਾਂਸਰ


ਹਰਵਿੰਦਰ ਸਿੰਘ ਵਾਲੀਆ


ਅਮਰਜੀਤ ਅਗਰਵਾਲ


ਅਮਰਜੀਤ ਸਿੰਘ ਤੱਖਰ


ਹਰਿੰਦਰ ਸਿੰਘ ਕੰਗ


ਤੇਜਿੰਦਰ ਸਿੰਘ ਟਿਵਾਣਾ


ਬਲਦੇਵ ਸਿੰਘ ਸੱਲ੍ਹਾਂ

**Diamond Sponsers: Baldev Singh Salha, Amarjit Aggarwal, Amarjit Singh Takhar, Tejinder Singh Tiwana, Harinder Singh Kang, Harvinder Walia**

**Gold Sponsers:** Surjeet S Mavi, Surinder S Cheema, Jasdev Gill, Jaswant S Jassi, Sushil K Aggarwal, Baljit Singh (Maharaja Rest.) Parminder S Takhar, , Charanjit S Brar, Vineet Gupta, Palwinder S Dhillon, Pritampall Singh, Darshan S Drar & Pritpal S Ghotra, Narinder S Thind & Jasbir Mohi, Sudesh Jain (New York Life).

**Silver Sponsers:** Gurminder S Sandhu, Kumar Pawandeep, Balbir S Bath, Lakhvir S Bassi & Harjeet Singh, Palwinder Gill, Happy Matoot, Harwant S Deol, Satwant S Deol, Jarnail S Cheema (J S Petroleum), Inderjit Singh (Stop N Shop), Pushwinder S Bhatti (Day & Night Exp), Tariq Khan, Jagtar Fantu, Devinder Mundi, Jasbir S Ahluwalia, Pal Khalil ( P.S.C Midwest Indiana), Dr. Harjinder Singh Khaira, Balbir S Gill (Gill Mart & Co), Harvinder Kang (Binda), Sanjay K Jindal, Sukhwinder Singh (Columbus), Bobby Sidhu (Simran Transport), Sukhi Dhindsa (Safe Way Freight Line), Amandeep Singh, Devinder S Kalon, Sonu Aujla Sirhand, Narinder Tatla (Bannty), (B.D.R. Inc), Rupinder S Batth (Bath Petroleum), Joginder S Gill, Habib Shah (Ohio Petroleum), Avtar S Springfield, Jagpal Grewal, Sukhwinder Pandher Billu KY, Mandeep Badesha, Manjot Klair, Jimmy Brar, Hardeep Nijjar; **Sponsers:** Gurmeet Bhatti (B&K Mini Mart), Sohan S Bilku, Jas (Ambar India Rest.), Baba India Rest. (Jas), Dr. Ravinder S Maan, Ajaiab S Gill, Satnam Singh (Punjab Ventures INC), Jagdev S Grewal (TCA), Prabhpreet Tiwana, Gurcharan S Kang, Gulsharan S Brainch, Ruby & Happy Dayton, Surjeet & Lakhwinder Singh (Ajeet India), Vijay Sharma, Gurvir S Heera (A1 Wildwood Inn.), Rajesh Rawal (Ramada Inn.), Raj Patel (LCS Petroleum LLC), Parminder S Bassi, Jagdeep Singh (Bobby), Miri Piri Sports Club Indiana, Gurnam S Kooner, Kuldip Singh (Dayton), Raja India Rest (Dalbag Singh), Harpal S Sangha, Sanjeev Kaushal (Naman Petroleum), Brij Mohan Sweets, Khan Signs,Rip Sidhu (Bombay Brazier), Bombay Grocers, Patel Brothers, Niva Grocers, Banny Dairy Mart (Lima), Dr. Darshan Sabi, Kanak India Rest., Kewal S Sohal, Manny Sidhu ( Okkji Transfer LLC), Moreb wholesale, Mayank Shah, Sarbjit Pappal, Darminder Bedi ( Bedi & Associates LLC.), Gurjit S Hans (Hans Logistic Inc.) DJ Soni, New Krishna Rest., India Oven Rest., Aangan India Rest, Indian Bistro, Gemini Jewelers, Anand India Rest., Gurmit S Gill.

**Affiliates: Shere Punjab Sports & Cultural Club-Chicago, Punjab Sports Club-Chicago, Punjab Sports Club Cleveland-OH, Punjab Sports & Cultural Club Dayton-OH, Punjabi American Youth Club-Indiana, Miri Piri Sports Club Indianapolis, Punjab Sports & Cultural Association-MI, Punjab Sports Club Kalamazoo-Battle Creek-Indiana.**

## ਸਾਡੇ ਸਪਾਂਸਰ


ਗੁਰਚਰਨ ਕੰਗ


ਨਰਿੰਦਰ ਥਿੰਦ


ਦਵਿੰਦਰ ਮੁੰਡੀ


ਪਲਵਿੰਦਰ ਗਿੱਲ


ਹੈਪੀ ਮਟੋਟ


ਜੱਸ ਅੰਬਰ ਇੰਡੀਆ


ਸਤਵੰਤ ਦਿਓਲ


ਸੁਖਮਿੰਦਰ ਪੰਧੇਰ


ਆਗਿਆਪਾਲ ਸਿੰਘ


ਅਮਨਦੀਪ ਸਿੰਘ


ਸੁਦੇਸ਼ ਜੈਨ


ਸੁੱਖੀ ਢੀਂਡਸਾ


ਤਾਰਿਕ ਖਾਨ


ਪ੍ਰਿਥਪਾਲ ਘੋਤੜਾ


ਦਰਸ਼ਨ ਦਰੜ


ਪਾਲ ਖਲੀਲ


ਡਾ. ਹਰਜਿੰਦਰ ਖਹਿਰਾ


ਵਰਿੰਦਰ ਸਾਹੀ


ਹੈਪੀ ਹੀਰ


ਮਨਦੀਪ ਬਦੇਸ਼ਾ


ਮਨਦੀਪ ਨਿੱਜਰ


ਜਿੰਮੀ ਬਰਾੜ


ਮਨਜੋਤ ਕਲੇਰ

# ਰੰਗਲਾ ਪੰਜਾਬ: ਮਿਲਵਾਕੀ ਦੀ ਗਿੱਧਾ ਟੀਮ ਨੇ ਫਿਰ ਬਾਜ਼ੀ ਮਾਰੀ

## 'ਗਿੱਧੇ ਦੀਆਂ ਰਾਣੀਆਂ' ਨੇ ਵੀ ਬੱਲੇ ਬੱਲੇ ਕਰਵਾਈ

**ਸ਼ਿਕਾਗੋ (ਬਿਊਰੋ):** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਕਲਚਰਲ ਸੁਸਾਇਟੀ ਵਲੋਂ ਇਥੇ ਕੂਪਰਨਿਕਸ ਥੀਏਟਰ ਵਿਚ ਕਰਵਾਏ ਗਏ ਇਸ ਦੇ ਸਾਲਾਨਾ ਪ੍ਰੋਗਰਾਮ "ਰੰਗਲਾ ਪੰਜਾਬ" ਵਿਚ ਮੇਲਾ ਇਸ ਵਾਰ ਫਿਰ ਮਿਲਵਾਕੀ ਦੀ ਗਿੱਧਾ ਟੀਮ ਦੇ ਹਥ ਰਿਹਾ। ਪਿਛਲੇ ਸਾਲ ਵੀ ਬਾਜ਼ੀ ਇਹੋ ਟੀਮ ਲੈ ਗਈ ਸੀ। ਉਂਜ ਸ਼ਿਕਾਗੋ ਦੀ ਟੀਮ 'ਗਿੱਧੇ ਦੀਆਂ ਰਾਣੀਆਂ' ਵੀ ਕਿਸੇ ਗੱਲੋਂ ਘੱਟ ਨਹੀਂ ਸੀ। ਬੀਬੀ ਸੁਖਵੀਰ ਕੌਰ ਢਿਲੋਂ ਵਲੋਂ ਤਿਆਰ ਕੀਤੀ ਗਈ ਛੋਟੀਆਂ-ਵਡੀਆਂ ਬੱਚੀਆਂ ਦੀ ਇਸ ਟੀਮ ਨੇ ਦਰਸ਼ਕਾਂ ਨੂੰ ਇਹ ਪੂਰੀ ਤਰ੍ਹਾਂ ਜਚਾ ਦਿਤਾ ਕਿ ਉਹ ਵੀ ਸੱਚਮੁਚ ਗਿੱਧੇ ਦੀਆਂ ਰਾਣੀਆਂ ਹਨ। ਮਿਲਵਾਕੀ ਦੀ ਹੀ ਮੁੰਡਿਆਂ ਦੀ 'ਮਲਵਈ ਗਿੱਧੇ' ਦੀ ਟੀਮ ਵੀ ਚੰਗੀ ਰਹੀ ਪਰ ਬਹੁਤੇ ਦਰਸ਼ਕਾਂ ਦਾ ਖਿਆਲ ਸੀ ਕਿ ਇਸ ਤੋਂ ਪਿਛਲੇ ਸਾਲ ਵਾਲੀ ਗੱਲ ਨਹੀਂ ਬਣੀ।

ਪੀ ਸੀ ਐਸ ਦੇ ਇਸ ਵਿਸਾਖੀ ਪ੍ਰੋਗਰਾਮ ਵਿਚ ਛੋਟੀਆਂ-ਛੋਟੀਆਂ ਬੱਚੀਆਂ ਤੋਂ ਲੈ ਕੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਮੁੰਡੇ-ਕੁੜੀਆਂ ਤੋਂ ਇਲਾਵਾ ਵਡੀ ਉਮਰ ਦੇ ਕੋਈ 300 ਕਲਾਕਾਰਾਂ ਨੇ ਗੀਤ-ਸੰਗੀਤ ਦੀਆਂ ਵਖ ਵਖ ਆਈਟਮਾਂ ਪੇਸ਼ ਕੀਤੀਆਂ। ਉਂਜ ਬਹੁਤੀਆਂ ਆਈਟਮਾਂ ਬੀਟ ਵਾਲੇ ਪੰਜਾਬੀ ਗੀਤਾਂ ਉਤੇ ਆਧਾਰਤ ਸਨ ਅਤੇ ਕਰੀਬ ਇਕੋ ਜਹੀਆਂ ਸਨ। ਸ਼ਿਕਾਗੋ ਦੇ ਪੰਜਾਬੀ ਰੇਡੀਓ ਪ੍ਰੋਗਰਾਮ 'ਦੇਸੀ ਜੰਕਸ਼ਨ' ਦੇ ਮੇਜ਼ਬਾਨਾਂ ਜੱਸੀ ਪਰਮਾਰ ਅਤੇ ਬਿੱਲੇ ਚਾਹ ਵਾਲੇ ਨੇ ਵੀ ਆਪਣੀ ਸਕਿਟ ਰਾਹੀਂ ਦਰਸ਼ਕਾਂ ਦੇ ਢਿਡੀਂ ਪੀੜਾਂ ਪਾਈ ਰਖੀਆਂ। ਇਲੀਨਾਏ ਸਟੇਟ ਟਰੈਜ਼ਰਰ ਡੈਨ ਰੁਦਰਫੋਰਡ ਇਸ ਪ੍ਰੋਗਰਾਮ ਦੌਰਾਨ ਗੈਸਟ ਆਫ ਆਨਰ ਸਨ ਜਿਨ੍ਹਾਂ ਨੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਵਿਸਾਖੀ ਦੀ ਵਧਾਈ ਦਿੱਤੀ ਅਤੇ ਪੰਜਾਬੀ ਭਾਈਚਾਰੇ ਵਲੋਂ ਅਮਰੀਕਾ ਦੇ ਹਰ ਖੇਤਰ ਵਿਚ ਮਾਰੀਆਂ ਗਈਆਂ ਮੱਲਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੀ ਸੀ ਐਸ ਵਲੋਂ ਕਰਵਾਏ ਗਏ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦਾ ਇਹ ਉਨ੍ਹਾਂ ਦਾ ਅੱਠਵਾਂ ਵਰ੍ਹਾ ਹੈ। ਉਨ੍ਹਾਂ ਨੇ ਦੂਜੀ ਵਿਸ਼ਵ ਜੰਗ ਵਿਚ ਇਤਿਹਾਦੀ ਫੌਜਾਂ ਨਾਲ ਲੜੇ ਸਿੱਖ ਫੌਜੀਆਂ ਦੀ ਬਹਾਦਰੀ ਨੂੰ ਦਰਸਾਉਂਦੀਆਂ ਤਸਵੀਰਾਂ ਵੀ ਵੇਖੀਆਂ। ਇਹ ਤਸਵੀਰਾਂ ਸਰਵਣ ਸਿੰਘ ਰਾਜੂ ਵਲੋਂ ਲਿਆਂਦੀਆਂ ਗਈਆਂ ਸਨ।






ਪ੍ਰੋਗਰਾਮ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਸੀ, ਜਿਸ ਦੇ ਪਹਿਲੇ ਹਿੱਸੇ ਦੀ ਮੇਜ਼ਬਾਨੀ ਕਰਦਿਆਂ ਨਵਰਾਜ ਕੌਰ ਬਸਾਤੀ, ਜੋ ਖੁਦ ਬਹੁਤ ਵਧੀਆ ਗਾ ਲੈਂਦੀ ਹੈ, ਨੇ ਅੰਗ੍ਰੇਜ਼ੀ ਅਤੇ ਪੰਜਾਬੀ ਵਿਚ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਵਖ ਵਖ ਕਲਾਕਾਰਾਂ ਨੂੰ ਸਟੇਜ 'ਤੇ ਪੇਸ਼ ਕੀਤਾ। ਪੀ ਸੀ ਐਸ ਦੇ ਇਕ ਸਾਬਕਾ ਪ੍ਰਧਾਨ ਠਾਕਰ ਸਿੰਘ ਬਸਾਤੀ ਦੀ ਧੀ ਨਵਰਾਜ ਪੰਜਾਬੀ ਅਤੇ ਅਮਰੀਕੀ ਸਭਿਆਚਾਰ-ਦੋਹਾਂ ਵਿਚ ਪਲੀ ਹੋਣ ਕਰਕੇ ਦੋਹਾਂ ਤੋਂ ਚੰਗੀ ਤਰ੍ਹਾਂ ਵਾਕਫ ਹੈ। ਪ੍ਰੋਗਰਾਮ ਦਾ ਅਰੰਭ ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਨੇ ਇਕ ਸ਼ਬਦ ਗਾ ਕੇ ਕੀਤਾ। ਇਸ ਉਪਰੰਤ ਗਿੱਧੇ ਅਤੇ ਭੰਗੜੇ ਦੀਆਂ ਵਖ ਵਖ ਆਈਟਮਾਂ ਦਾ ਸਿਲਸਿਲਾ ਸ਼ੁਰੂ ਹੋਇਆ, ਜਿਸ ਵਿਚ 5 ਸਾਲ ਦੇ ਬੱਚਿਆਂ ਤੋਂ ਲੈ ਕੇ ਵਡੀ ਉਮਰ ਦੇ ਮੁੰਡੇ-ਕੁੜੀਆਂ ਦੀਆਂ 'ਨਵੀਂ ਪਨੀਰੀ', 'ਗਿੱਧਾ ਮਜ਼ਾਜਣਾਂ ਦਾ' ਅਤੇ ਮਿਲਵਾਕੀ ਦੀ 'ਜੂਨੀਅਰ ਭੰਗੜਾ' ਨੇ ਆਪਣੀ ਕਲਾ ਦੇ ਰੰਗ ਪੇਸ਼ ਕੀਤੇ। ਇਸ ਦਰਮਿਆਨ ਕੰਚਨ ਨੇ 'ਗੁਡੀ ਵਾਂਗ' ਅਤੇ ਅਵਤਾਰ ਸਿੰਘ ਮੁਲਤਾਨੀ ਨੇ ਇਕ ਗੀਤ 'ਜੱਗ ਨੂੰ ਵੇਖਾਂ ਰੱਬਾ' ਪੇਸ਼ ਕੀਤੇ।








ਪ੍ਰੋਗਰਾਮ ਦੇ ਦੂਜੇ ਹਿੱਸੇ ਦਾ ਸੰਚਾਲਨ ਦੂਰਦਰਸ਼ਨ 'ਤੇ ਪ੍ਰੋਗਰਾਮ ਪੇਸ਼ ਕਰਦੀ ਰਹੀ ਜਨਮਜੀਤ ਕੌਰ ਚਾਹਲ ਨੇ ਕੀਤਾ। ਇਸ ਦੌਰਾਨ ਗਾਇਕ ਮਾਹੀਜੀਤ ਨੇ 'ਆਪਣਾ ਪੰਜਾਬ ਹੋਵੇ' ਗੀਤ ਪੇਸ਼ ਕੀਤਾ। ਗੁਰਸਿਮਰਤ ਕੌਰ ਅਤੇ ਸੁਖਵਿੰਦਰ ਕੌਰ ਦੀ ਕੋਰੀਓਗ੍ਰਾਫੀ ਵਿਚ 'ਸ਼ਾਨ ਭੰਗੜੇ ਦੀ' ਟੀਮ ਨੇ ਭੰਗੜਾ ਪਾਇਆ। 'ਕੌਮ ਪੰਜਾਬੀ' ਜੂਨੀਅਰ ਟੀਮ ਨੇ ਵੀ ਆਪਣੀ ਕਲਾ ਦੇ ਰੰਗ ਪੇਸ਼ ਕੀਤੇ। ਪਾਲ ਸ਼ੇਰਗਿੱਲ ਅਤੇ ਕੁਲਵਿੰਦਰ ਸਿੰਘ ਦੀ ਤਿਆਰ ਕੀਤੀ ਟੀਮ 'ਬੁਆਏਜ਼ ਟੂ ਮੈਨ' ਟੀਮ ਨੇ ਭੰਗੜੇ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ। ਮਿਲਵਾਕੀ ਦੇ 'ਪੰਜਾਬੀ ਯੂਥ ਕਲੱਬ ਦੇ ਨੌਜਵਾਨਾਂ ਨੇ ਮਲਵਈ ਗਿੱਧਾ ਪੇਸ਼ ਕਰਕੇ ਦਰਸ਼ਕਾਂ ਨੂੰ ਇਹ ਜਚਾ ਦਿਤਾ ਕਿ ਉਨ੍ਹਾਂ ਦੇ ਹੱਥ ਕਲਾ ਹੈ ਅਤੇ ਉਹ ਮਾਲਵੇ ਦੇ ਇਸ ਠੇਠ ਲੋਕ ਨਾਚ ਨੂੰ ਪੇਸ਼ ਕਰਨ ਦੇ ਸਮਰਥ ਹਨ। ਅੰਮ੍ਰਿਤ ਸਿੰਘ ਥਿੰਦ ਦੀ ਤਿਆਰ ਕੀਤੀ 'ਪੰਜਾਬੀ ਮੋਰਨੀਆਂ' ਅਤੇ ਪਿੰਕੀ ਪਾਲੀਆ ਤੇ ਕਿਰਨਜੀਤ ਕੌਰ ਚੀਮਾ ਦੀ ਟੀਮ ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ।

ਪ੍ਰੋਗਰਾਮ ਦੇ ਤੀਜੇ ਹਿੱਸੇ, ਜਿਸ ਦਾ ਸੰਚਾਲਨ ਪੀ ਸੀ ਐਸ ਦੇ ਡਾਇਰੈਕਟਰ ਰਾਜਿੰਦਰ ਸਿੰਘ ਮਾਗੋ ਨੇ ਕੀਤਾ, ਵਿਚ ਮਿਲਵਾਕੀ ਦੀ ਗਿੱਧਾ ਟੀਮ ਨੇ ਇਕ ਵਾਰ ਫਿਰ ਸ਼ਿਕਾਗੋ ਦੇ ਦਰਸ਼ਕਾਂ ਦਾ ਮਨ ਮੋਹ ਲਿਆ। ਬੇਅੰਤ ਕੌਰ ਵਿਰਕ ਦੀ ਤਿਆਰ ਕੀਤੀ ਇਸ ਟੀਮ ਨੇ ਪੰਜਾਬੀ ਸਭਿਆਚਾਰ ਦੇ ਬਹੁਤ ਠੇਠ ਰੰਗ ਦਾ ਚਿਤਰਣ ਕੀਤਾ। ਕੁੜੀਆਂ ਦੇ ਐਕਸ਼ਨਾਂ ਅਤੇ ਬੋਲੀਆਂ ਵਿਚ ਇਨਾ ਤਾਲਮੇਲ ਸੀ ਕਿ ਇਹ ਪਤਾ ਹੀ ਨਹੀਂ ਸੀ ਲਗਦਾ ਕਿ ਉਹ ਬੋਲੀਆਂ ਆਪ ਪਾ ਰਹੀਆਂ ਹਨ ਜਾਂ ਰਿਕਾਰਡ ਕੀਤੀਆਂ ਚਲ ਰਹੀਆਂ ਹਨ। ਪ੍ਰੀਮਾ ਮਲਹੋਤਰਾ ਨੇ 'ਇਨ੍ਹਾਂ ਅਖੀਆਂ 'ਚ ਪਾਵਾਂ ਕਿਵੇਂ ਕਜਲਾ' ਪੇਸ਼ ਕਰਕੇ ਸਵਰਗੀ ਸੁਰਿੰਦਰ ਕੌਰ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ। ਮਿਲਵਾਕੀ ਦੀ 'ਮਿਡਟਾਊਨ' ਭੰਗੜਾ ਟੀਮ, 'ਪੰਜਾਬੀ ਸ਼ੇਰਨੀਆਂ' ਅਤੇ 'ਯੂਨੀਵਰਸਿਟੀ ਆਫ ਇਲੀਨਾਏ ਭੰਗੜਾ ਟੀਮ' ਨੇ ਵੀ ਭੰਗੜੇ ਅਤੇ ਗਿੱਧੇ ਦੀਆਂ ਆਈਟਮਾਂ ਨਾਲ ਆਪਣੀ ਹਾਜਰੀ ਲਵਾਈ ਪਰ ਸੁਖਵੀਰ ਕੌਰ ਢਿਲੋਂ ਦੀ ਤਿਆਰ ਕੀਤੀ 'ਗਿੱਧੇ ਦੀਆਂ ਰਾਣੀਆਂ' ਟੀਮ ਵਿਚ ਪ੍ਰਭਜੋਤ ਢਿਲੋਂ, ਅਰਲੀਨ ਢਿਲੋਂ, ਬਾਣੀ ਕੌਰ, ਰਜਨੀ ਕੌਰ, ਸਿਮਰਨ ਕੌਰ, ਸਹਿਜ ਕੌਰ, ਬਰਿੰਦਰ ਕੌਰ, ਗੁਰਿੰਦਰ ਕਲੇਰ, ਪ੍ਰਭਜੀਤ ਕਲੇਰ ਅਤੇ ਇਮਾਨਪ੍ਰੀਤ ਗਿੱਲ ਨੇ ਗਿੱਧੇ ਦੇ ਉਹ ਰੰਗ ਪੇਸ਼ ਕੀਤੇ ਕਿ ਦਰਸ਼ਕ ਅਸ਼ ਅਸ਼ ਕਰ ਉਠੇ।

ਜੱਸੀ ਪਰਮਾਰ ਅਤੇ ਚਰਨਜੀਤ ਨੇ ਭਾਈਏ ਅਤੇ ਬਿੱਲੇ ਚਾਹ ਵਾਲੇ ਦੇ ਕਿਰਦਾਰ ਲੈ ਕੇ ਇਕ ਹਾਸਰਸੀ ਸਕਿਟ ਪੇਸ਼ ਕਰਕੇ ਦਰਸ਼ਕਾਂ ਨੂੰ ਜਚਾ ਦਿੱਤਾ ਕਿ ਉਨ੍ਹਾਂ ਵਿਚ ਵਧੀਆ ਕਲਾਕਾਰਾਂ ਵਾਲੀ ਪੂਰੀ ਸਮਰਥਾ ਹੈ।

ਪ੍ਰੋਗਰਾਮ ਦੇ ਚੌਥੇ ਅਤੇ ਆਖਰੀ ਹਿੱਸੇ ਦਾ ਸੰਚਾਲਨ ਜੱਸੀ ਪਰਮਾਰ ਨੇ ਕੀਤਾ। ਇਸ ਪ੍ਰੋਗਰਾਮ ਦੌਰਾਨ 'ਮਨਿਸਟਰੀ ਆਫ ਭੰਗੜਾ' ਟੀਮ, 'ਮੋਰਨੀਆਂ ਪੰਜਾਬ ਦੀਆਂ', 'ਅਣਖ ਪੰਜਾਬੀਆਂ ਦੀ', 'ਗਿੱਧਾ ਸ਼ੌਕਣਾਂ ਸ਼ਿਕਾਗੋ ਦੀਆਂ' ਆਦਿ ਟੀਮਾਂ ਨੇ ਗਿੱਧੇ ਅਤੇ ਭੰਗੜੇ ਦੀਆਂ ਆਈਟਮਾਂ ਪੇਸ਼ ਕੀਤੀਆਂ ਪਰ ਇਨ੍ਹਾਂ ਵਿਚੋਂ ਬਹੁਤੀਆਂ ਬੀਟ ਵਾਲੇ ਪੰਜਾਬੀ ਗੀਤਾਂ ਉਤੇ ਨੱਚਣ-ਟੱਪਣ ਵਾਲੀਆਂ ਹੀ ਸਨ। ਚੇਤਨ ਸੈਣੀ ਅਤੇ ਦਲਬੀਰ ਚੋਪੜਾ ਨੇ ਆਪੋ ਆਪਣੇ ਗੀਤ ਪੇਸ਼ ਕਰਕੇ ਆਪਣੀ ਹਾਜ਼ਰੀ ਲੁਆਈ।

ਪੀ ਸੀ ਐਸ ਦੇ ਸਾਲ 2012 ਲਈ ਰਹੇ ਪ੍ਰਧਾਨ ਬਲਜੀਤ ਸਿੰਘ ਸਿੱਧੂ ਦਾ ਮਾਣ-ਸਨਮਾਨ ਮੁੱਖ ਮਹਿਮਾਨ ਡਾ. ਭੁਪਿੰਦਰ ਸਿੰਘ ਸੈਣੀ (ਮਿਲਵਾਕੀ) ਦੇ ਹੱਥੋਂ ਇਕ ਪਲੈਕ ਦੁਆ ਕੇ ਕੀਤਾ ਗਿਆ। ਇਸੇ ਤਰ੍ਹਾਂ ਸਾਲ 2011-12 ਲਈ ਰਹੇ ਚੇਅਰਮੈਨ ਡਾ. ਅਮਰਜੀਤ ਸਿੰਘ ਅਤੇ ਡਾ. ਭੁਪਿੰਦਰ ਸਿੰਘ ਸੈਣੀ ਦਾ ਵੀ ਮਾਣ-ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਸਨਮਾਨ ਚਿੰਨ੍ਹ ਚੇਅਰਮੈਨ ਲਖਵੀਰ ਸਿੰਘ ਸਹੋਤਾ, ਪ੍ਰਧਾਨ ਸੁਰਿੰਦਰ ਸਿੰਘ ਸੰਘਾ ਅਤੇ ਪੀ ਸੀ ਐਸ ਦੇ ਹੋਰ ਅਹੁਦੇਦਾਰਾਂ ਨੇ ਦਿੱਤਾ।

ਕਰੀਬ ਛੇ ਘੰਟੇ ਚੱਲੇ ਇਸ ਸਭਿਆਚਾਰਕ ਪ੍ਰੋਗਰਾਮ ਦੌਰਾਨ ਪਿਛਲੇ ਦੋ ਦਹਾਕਿਆਂ ਵਿਚ ਪੀ ਸੀ ਐਸ ਵਲੋਂ ਪੰਜਾਬੀ ਭਾਈਚਾਰੇ ਦੀ ਪਛਾਣ ਕਾਇਮ ਕਰਨ ਲਈ ਕੀਤੇ ਗਏ ਉਪਰਾਲਿਆਂ ਅਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਸਭਿਆਚਾਰ ਨਾਲ ਜੋੜਨ ਲਈ ਕੀਤੇ ਗਏ ਯਤਨਾਂ ਦਾ ਜ਼ਿਕਰ ਕੀਤਾ ਗਿਆ। ਪ੍ਰੋਗਰਾਮ ਦੇ ਸਪਾਂਸਰਾਂ ਦੀ ਦਰਸ਼ਕਾਂ ਨਾਲ ਪਛਾਣ ਵੀ ਕਰਵਾਈ ਗਈ।






**OKKJI Transfer LLC.**

15238 Radiance Dr., Noblesville, IN, 46060

**ਓਨਰ ਅਪਰੇਟਰ ਚਾਹੀਦੇ ਹਨ**

*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



ਸੰਪਰਕ ਕਰੋ:

**Toll Free: 1-855-966-5554**

Manny Sandhu: 317-603-1000, Sam Bhullar: 732-486-9045
Fax: 317-774-9665

# ਗੁਰਮੀਤ ਸਿੰਘ ਭੋਲਾ ਅਤੇ ਅਮਰੀਕ ਸਿੰਘ ਅਕਾਲੀ ਦਲ ਦੇ ਅਹੁਦੇਦਾਰ ਨਿਯੁਕਤ



ਗੁਰਮੀਤ ਸਿੰਘ ਭੋਲਾ



ਅਮਰੀਕ ਸਿੰਘ

**ਸ਼ਿਕਾਗੋ (ਬਿਊਰੋ):** ਸਥਾਨਕ ਅਕਾਲੀ ਆਗੂ ਗੁਰਮੀਤ ਸਿੰਘ ਭੋਲਾ ਨੂੰ ਸ਼੍ਰੋਮਣੀ ਅਕਾਲੀ ਦਲ-ਯੂ ਐਸ ਏ ਦਾ ਜਨਰਲ ਸਕੱਤਰ ਅਤੇ ਅਮਰੀਕ ਸਿੰਘ (ਅਮਰ ਕਾਰਪੈਟਸ) ਨੂੰ ਪਾਰਟੀ ਦੀ ਇਲੀਨਾਇ ਸਟੇਟ ਇਕਾਈ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀਆਂ ਸ਼੍ਰੋਮਣੀ ਅਕਾਲੀ ਦਲ-ਅਮਰੀਕਾ ਦੇ ਪ੍ਰਧਾਨ ਸ. ਮਨਜੀਤ ਸਿੰਘ ਦਸੂਹਾ ਵਲੋਂ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਪਾਰਟੀ ਦੇ ਪਰਵਾਸੀ ਮਾਮਲਿਆਂ ਦੇ ਇੰਚਾਰਜ ਸ. ਸੁਰਜੀਤ ਸਿੰਘ ਰੱਖੜਾ ਦੀ ਸਲਾਹ ਨਾਲ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪਰਮਵੀਰ ਸਿੰਘ ਨੂੰ ਯੂਥ ਅਕਾਲੀ ਦਲ-ਮਿਡਵੈਸਟ ਦਾ ਧਾਰਮਿਕ ਸਕੱਤਰ ਨਿਯੁਕਤ ਕੀਤਾ ਗਿਆ ਹੈ।

ਇਨ੍ਹਾਂ ਨਿਯੁਕਤੀਆਂ ਦਾ ਸਵਾਗਤ ਕਰਦਿਆਂ ਸਥਾਨਕ ਅਕਾਲੀ ਆਗੂਆਂ ਲਖਵੰਤ ਸਿੰਘ ਕੋਮਲ, ਜਸਕਰਨ ਸਿੰਘ ਧਾਲੀਵਾਲ, ਹੈਪੀ ਹੀਰ, ਹਰਵਿੰਦਰ ਸਿੰਘ ਘੋਤੜਾ ਅਤੇ ਪ੍ਰਭਜੋਤ ਸਿੰਘ ਨੇ ਸ. ਦਸੂਹਾ ਅਤੇ ਸ. ਰੱਖੜਾ ਦਾ ਧੰਨਵਾਦ ਕਰਦਿਆਂ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਇਸ ਨਾਲ ਸ਼੍ਰੋਮਣੀ ਅਕਾਲੀ ਦਲ ਹੋਰ ਮਜ਼ਬੂਤ ਹੋਵੇਗਾ।

# ਨਵਰਾਜ ਦਾ ਧੀਆਂ ਦੇ ਹੱਕ 'ਚ ਗੀਤ ਵੈਬਸਾਈਟ 'ਤੇ

**ਸ਼ਿਕਾਗੋ (ਬਿਊਰੋ):** ਧੀਆਂ ਦੇ ਹੱਕ 'ਚ ਅਤੇ ਧੀਆਂ ਨੂੰ ਕੁੱਖਾਂ ਵਿਚ ਮਾਰਨ ਦੇ ਖਿਲਾਫ ਸ਼ਿਕਾਗੋ ਦੀ ਗਾਇਕਾ ਨਵਰਾਜ ਕੌਰ ਬਸਾਤੀ (ਬਿੰਨੀ) ਦਾ ਇਕ ਗੀਤ 'ਲੋਰੀਆਂ' ਹਾਲ ਹੀ ਵਿਚ ਆਈਟਿਊਨਜ਼ ਅਤੇ ਐਮਾਜ਼ੋਨ ਮਿਊਜ਼ਿਕ ਸਣੇ ਬਹੁਤ ਸਾਰੀਆਂ ਵੈਬਸਾਈਟਾਂ ਉਤੇ ਰਿਲੀਜ਼ ਹੋਇਆ ਹੈ। ਇਸ ਗੀਤ ਵਿਚ ਸਾਡੇ ਸਮਾਜ ਅੰਦਰ ਧੀਆਂ ਨਾਲ ਕੀਤੇ ਜਾਂਦੇ ਵਿਤਕਰੇ ਵਿਰੁਧ ਆਵਾਜ਼ ਉਠਾਈ ਗਈ ਹੈ ਅਤੇ ਕੁੜੀਆਂ ਦੀ ਮੁੰਡਿਆਂ ਮੁਕਾਬਲੇ ਘਟ ਰਹੀ ਗਿਣਤੀ ਪ੍ਰਤੀ ਚਿੰਤਾ ਜਾਹਰ ਕੀਤੀ ਗਈ ਹੈ।

ਨਵਰਾਜ ਨੇ ਪੰਜਾਬੀ ਸਮਾਜ ਨੂੰ ਇਹ ਗੱਲ ਚੇਤੇ ਕਰਾਈ ਹੈ ਕਿ ਜੇ ਧੀਆਂ ਪ੍ਰਤੀ ਸਾਡਾ ਇਹੋ ਵਿਤਕਰੇ ਵਾਲਾ ਰਵੱਈਆ ਜਾਰੀ ਰਿਹਾ ਤਾਂ ਕਿਸੇ ਸਮੇਂ ਪੁੱਤਾਂ ਲਈ ਨੂੰਹਾਂ ਲੱਭਣੀਆਂ ਅਤੇ ਭਰਾਵਾਂ



ਨੂੰ ਭੈਣਾਂ ਲੱਭਣੀਆਂ ਔਖੀਆਂ ਹੋ ਜਾਣਗੀਆਂ। ਨਵਰਾਜ ਨੇ ਦੱਸਿਆ ਕਿ ਇਸ ਗੀਤ ਤੋਂ ਆਈ ਸਾਰੀ ਆਮਦਨ ਜਲੰਧਰ 'ਚ ਲੜਕੀਆਂ ਲਈ ਬਣੇ ਯਤੀਮਖਾਨੇ 'ਯੂਨੀਕ ਹੋਮ ਫਾਰ ਗਰਲਜ਼' ਨੂੰ ਜਾਏਗੀ। ਵੱਖੋ ਵੱਖ ਵੈਬਸਾਈਟਾਂ 'ਤੇ ਇਹ ਗੀਤ ਨਵਰਾਜ ਦੀ ਸਰਚ ਪਾਇਆਂ ਮਿਲ ਜਾਏਗਾ। ਯੂਨੀਕ ਹੋਮ ਬਾਰੇ ਹੋਰ ਜਾਣਕਾਰੀ ਲਈ uniquehomeforgirls.co.uk. ਵੈਬਸਾਈਟ ਦੇਖੀ ਜਾ ਸਕਦੀ ਹੈ।

ਨਵਰਾਜ ਅਨੁਸਾਰ ਯੂ ਟਿਊਬ ਉਤੇ ਵੀ ਇਸ ਗੀਤ ਦੀ ਵੀਡੀਓ ਜਲਦ ਹੀ ਆ ਰਹੀ ਹੈ। ਉਸ ਦੀਆਂ ਦੋ ਪੰਜਾਬੀ ਕੈਸਿਟਾਂ ਪਹਿਲਾਂ ਹੀ ਆ ਚੁਕੀਆਂ ਹਨ ਜਿਨ੍ਹਾਂ ਵਿਚੋਂ ਇਕ 'ਹੇਠ ਬਰੋਟੇ ਦੇ' ਆਪਣੀ ਭੈਣ ਨਵਰੀਤ ਮਿੰਨੀ ਨਾਲ ਹੈ ਅਤੇ ਦੂਜੀ 'ਨਵਰਾਜ' ਸੋਲੋ ਗੀਤਾਂ ਦੀ ਕੈਸਿਟ ਹੈ।

# ਮੇਧਾ ਪਟਕਰ ਨੂੰ ਹਰਜਾਨਾ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਨਰਮਦਾ ਬਚਾਓ ਅੰਦੋਲਨ ਦੀ ਆਗੂ ਮੇਧਾ ਪਟਕਰ ਨੂੰ ਪੇਸ਼ੀ ਨਾ ਭੁਗਤਣ ਬਦਲੇ 15 ਹਜ਼ਾਰ ਰੁਪਏ ਦਾ ਖਰਚਾ ਪਾਇਆ ਹੈ। ਮੈਟਰੋ ਜੱਜ ਰਾਜਿੰਦਰ ਸਿੰਘ ਨੇ ਬੀਬੀ ਪਟਕਰ ਵੱਲੋਂ ਖੁਦ ਹੀ ਦਾਇਰ ਮਾਣਹਾਨੀ ਦੇ 3 ਕੇਸਾਂ ਵਿਚ ਲਗਾਤਾਰ ਨਾ ਪੇਸ਼ ਹੋਣ ਕਰਕੇ ਇਹ ਜੁਰਮਾਨਾ ਕੀਤਾ ਹੈ।

# ਭਾਰਤ ਵੱਲੋਂ ਪਾਕਿ ਬਜ਼ੁਰਗਾਂ ਨੂੰ ਵੀਜ਼ਾ ਸਹੂਲਤ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਨਾਲ ਆਪਣੇ ਰਿਸ਼ਤਿਆਂ ਨੂੰ ਹੁਲਾਰਾ ਦਿੰਦਿਆਂ ਇਸ ਮੁਲਕ ਦੇ ਬਜ਼ੁਰਗਾਂ ਨੂੰ ਪਹੁੰਚਣ ਉਤੇ (ਆਨ ਅਰਾਈਵਲ) ਵੀਜ਼ੇ ਦੇਣ ਦੀ ਸਹੂਲਤ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਪਾਕਿਸਤਾਨ ਦੇ ਭਾਰਤ ਵਿਚ ਹਾਈ ਕਮਿਸ਼ਨਰ ਸਲਮਾਨ ਬਸ਼ੀਰ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਭਾਰਤ ਨਾਲ ਸਾਰੇ ਮੁੱਦਿਆਂ ਦੇ ਨਿਬੇੜੇ ਦਾ ਚਾਹਵਾਨ ਹੈ। ਦੋਵਾਂ ਮੁਲਕਾਂ ਵਿਚ ਹੋਏ ਹਾਲੀਆ ਵੀਜ਼ਾ ਸਮਝੌਤੇ ਮੁਤਾਬਕ ਇਹ ਸਹੂਲਤ 15 ਜਨਵਰੀ ਤੋਂ ਸ਼ੁਰੂ ਹੋਣੀ ਸੀ ਪਰ ਇਸ ਦੌਰਾਨ ਦੋਵੇਂ ਗੁਆਂਢੀਆਂ ਦੇ ਸਬੰਧ ਵਿਗੜ ਜਾਣ ਕਾਰਨ ਭਾਰਤ ਨੇ ਸਹੂਲਤ ਰੋਕ ਲਈ ਸੀ।


Individual & Business Taxes, Accounting, Payroll & Financial Consulting Services.
ਆਪਣੇ ਟੈਕਸ ਸਮੇਂ ਸਿਰ ਦਾਇਰ ਕਰੋ
ਅਸੀਂ ਪੰਜਾਬੀ, ਹਿੰਦੀ, ਗੁਜਰਾਤੀ ਅਤੇ ਅੰਗਰੇਜ਼ੀ ਬੋਲਦੇ ਹਾਂ। ਟੈਕਸ ਬਾਰੇ ਕੋਈ ਵੀ ਸਲਾਹ ਮੁਫਤ ਦਿੰਦੇ ਹਾਂ। ਸਾਡੇ ਪਾਸ 10 ਸਾਲ ਦਾ ਤਜ਼ਰਬਾ ਹੈ।
ਟੈਕਸ ਬਚਾਉਣ ਲਈ ਸੇਵਾ ਦਾ ਮੌਕਾ ਦਿਓ
Ph:248-982-2036
Fax:616-855-5575

Mohan Singh M.COM, MBA (Finance), ACA Master in Taxation. IRS Enrolled agent, Notary Public
Office Location 38969 Cheshire Drive, Northville, MI, 48167
Email : jhand_mohan@yahoo.com; or info@SinghTaxServices.com
For More Detail check our web site at :www.SinghTaxServices.com



Ak Photographers & Videographers
414-544-5328, 414-349-7437
email: akphotographers@gmail.com
Specializing in
Weddings, Ring Ceremony, Mehndi, Reception, Birthday Parties, Outdoor Photo shoot & commercial Projects
With 10 years Experience
Live Show of Wedding & Ongoing Party with Projector
Multi Camera Shooting
Online Client Access Room for our Valued customers to view world wide
Professional HD Photo & Cinematography
We Serve Chicago, Milwaukee, Indiana, Michigan, Iowa, New York & all midwest
www.akphotographers.com



ਮਿਸ਼ੀਗਨ ਵਿਚ ਮਕਾਨ ਵੇਚਣ/ਖਰੀਦਣ ਲਈ ਭਰੋਸੇਯੋਗ ਨਾਂ
ਕਰਨ ਗਿੱਲ

Ph: (734) 612-9984
Either Buying or Selling a Home in Michigan "Always Go with the Winner"
COLDWELL BANKER
44644 Ann Arbor Road Plymouth, MI 48170
Email: KarnGill@Hotmail.com
Website: www.KarnGill.com



ਮਿਡਵੈਸਟ ਦੀ ਬੜੀ ਤੇਜੀ ਨਾਲ ਵਧ ਰਹੀ ਟਰੱਕਿੰਗ ਕੰਪਨੀ ਨੂੰ
DCL Trucking
743 Legacy Blvd, Greenwood, IN 46143
ਓਨਰ ਅਪਰੇਟਰਾਂ ਦੀ ਲੋੜ ਹੈ

ਪੱਕੇ ਲੋਡ
Quick payment via Direct Deposit
ਮਿਡਵੈਸਟ ਤੋਂ ਈਸਟ-ਮਿਡਵੈਸਟ
ਮਿਡਵੈਸਟ ਤੋਂ ਕੈਲੀਫੋਰਨੀਆ
ਕੈਲੀਫੋਰਨੀਆ ਤੋਂ ਮਿਡਵੈਸਟ
ਸੰਪਰਕ ਕਰੋ: ਪਰਮਿੰਦਰ
ਫੋਨ: 317-399-9800
e-mail: info@DCLTrucking.com
We work in all 48 States
24/7 Dispatch Available

# ਨਾਈਨਟੀਨ ਏਟੀ ਫੋਰ

## ਜੌੜੀਆਂ ਭੈਣਾਂ ਦੀ ਸ਼ਾਹਕਾਰ ਰਚਨਾ

ਕਲਾ ਪਰਿਕਰਮਾ

*ਵਲਾਇਤ ਦੀ ਰਾਜਧਾਨੀ ਲੰਡਨ ਵਿਚ ਜੰਮੀਆਂ ਜੌੜੀਆਂ ਭੈਣਾਂ ਅੰਮ੍ਰਿਤ ਕੌਰ ਅਤੇ ਰਬਿੰਦਰ ਕੌਰ ‘ਸਿੰਘ ਟਵਿਨਜ਼’ ਵਜੋਂ ਮਸ਼ਹੂਰ ਹਨ। ਉਨ੍ਹਾਂ ਚਿੱਤਰਕਲਾ ਦੇ ਖੇਤਰ ਵਿਚ ਕੌਮਾਂਤਰੀ ਪੱਧਰ ‘ਤੇ ਨਾਮਣਾ ਖੱਟਿਆ। ਅਸਲ ਵਿਚ ਉਨ੍ਹਾਂ ਬ੍ਰਿਟਿਸ਼ ਕਲਾ ਨੂੰ ਆਪਣੀ ਵਿਸ਼ੇਸ਼ ਸ਼ੈਲੀ ਨਾਲ ਮਾਲਾ-ਮਾਲ ਕੀਤਾ। ਉਨ੍ਹਾਂ ਚਿੱਤਰਕਲਾ ਦੀ ਮਿਨੀਏਚਰ (ਲਘੂ-ਚਿੱਤਰ) ਰਵਾਇਤ ਨੂੰ ਇਕ ਤਰ੍ਹਾਂ ਨਾਲ ਇਕ ਵਾਰ ਫਿਰ ਉਡਣ ਲਈ ਖੰਭ ਦਿੱਤੇ। ਉਨ੍ਹਾਂ ‘ਨਾਇਨਟੀਨ ਏਟੀ ਫੋਰ’ ਨਾਂ ਦੀ ਆਪਣੀ ਚਰਚਿਤ ਪੇਂਟਿੰਗ ਵਿਚ ਸਿੱਖਾਂ ਦੇ ਦਰਦ ਨੂੰ ਜ਼ੁਬਾਨ ਹੀ ਨਹੀਂ ਦਿੱਤੀ, ਸਗੋਂ ਸਮੁੱਚੇ ਸਿੱਖ ਇਤਿਹਾਸ ਨੂੰ ਇਕੋ ਕੈਨਵਸ ਉਤੇ ਪੇਸ਼ ਕਰ ਦਿੱਤਾ ਹੈ। -ਸੰਪਾਦਕ*

ਜੌੜੀਆਂ ਚਿੱਤਰਕਾਰ ਅੰਮ੍ਰਿਤ ਕੌਰ ਅਤੇ ਰਬਿੰਦਰ ਕੌਰ ਉਦੋਂ ਮਹਿਜ਼ ਸੱਤ ਵਰ੍ਹਿਆਂ ਦੀਆਂ ਸਨ ਜਦੋਂ ਉਨ੍ਹਾਂ ਦਾ ਪਰਿਵਾਰ ਲਿਵਰਪੂਲ ਜਾ ਵੱਸਿਆ। ਬਰਕਨਹੈੱਡ (ਚੇਸ਼ਾਇਰ) ਦੇ ਹੌਲਟ ਹਿਲ ਕਾਨਵੈਂਟ ਸਕੂਲ ਵਿਚ ਉਹ ਇਕੱਲੀਆਂ ਗੈਰ-ਈਸਾਈ ਵਿਦਿਆਰਥਣਾਂ ਸਨ। ਇਸ ਸਕੂਲ ਵਿਚ ਪੜ੍ਹਾਈ ਦੌਰਾਨ ਹੀ ਉਨ੍ਹਾਂ ਅੰਦਰਲੇ ਚਿੱਤਰਕਾਰ ਨੇ ਬਾਹਰ ਝਾਤੀਆਂ ਮਾਰਨੀਆਂ ਆਰੰਭ ਕਰ ਦਿੱਤੀਆਂ। ਜਦੋਂ ਉਹ ਪੋਸਟਰ ਬਣਾਉਂਦੀਆਂ ਤਾਂ ਬਹੁਤ ਬਾਰੀਕੀ ਵਿਚ ਚਲੀਆਂ ਜਾਂਦੀਆਂ ਅਤੇ ਆਪਣੇ ਅਧਿਆਪਕਾਂ ਨੂੰ ਹੈਰਾਨ ਕਰ ਦਿੰਦੀਆਂ। ਉਚੇਰੀ ਵਿਦਿਆ ਲਈ ਉਹ ਵਿਲਰਪੂਲ ਯੂਨੀਵਰਸਿਟੀ ਦੇ ਚੈਸਟਰ ਕਾਲਜ ਵਿਚ ਦਾਖਲ ਹੋ ਗਈਆਂ ਅਤੇ ਕੰਬਾਈਂਡ ਸਟੱਡੀਜ਼ ਦੀ ਡਿਗਰੀ ਕਰਦਿਆਂ ਉਨ੍ਹਾਂ ਇਤਿਹਾਸ, ਕਲਾ ਇਤਿਹਾਸ ਅਤੇ ਤੁਲਨਾਤਮਕ ਧਰਮ ਅਧਿਐਨ ਦੀ ਪੜ੍ਹਾਈ ਕੀਤੀ। ਕਲਾ ਇਤਿਹਾਸ ਪੜ੍ਹਦਿਆਂ-ਗੁੜਦਿਆਂ ਉਨ੍ਹਾਂ ਦਾ ਧਿਆਨ ਭਾਰਤੀ ਚਿੱਤਰਕਲਾ ਦੀ ਇਕ ਰਵਾਇਤ ਮਿਨੀਏਚਰ (ਲਘੂ ਕਲਾ) ਵੱਲ ਗਿਆ। ਇਸ ਰਵਾਇਤ ਨੇ ਉਨ੍ਹਾਂ ਦਾ ਮਨ ਮੋਹ ਲਿਆ। ਉਂਜ, ਉਥੇ ਭਾਰਤ ਵਿਰੋਧੀ ਰਵੱਈਏ ਕਰ ਕੇ ਉਨ੍ਹਾਂ ਨੂੰ ਬਹੁਤ ਔਕੜਾਂ ਪਾਰ ਕਰਨੀਆਂ ਪਈਆਂ, ਪਰ ਉਹ ਆਪਣੇ ਨਿਸ਼ਚੈ ਉਤੇ ਕਾਇਮ ਰਹੀਆਂ ਅਤੇ ਆਖਰਕਾਰ ਆਪਣੇ ਹਰ ਵਿਰੋਧੀ ਨੂੰ ਪਛਾੜ ਕੇ ਅੱਗੇ ਵਧ ਗਈਆਂ। ਹੁਣ ਉਹ ਸੰਸਾਰ ਭਰ ਵਿਚ ਆਪਣੀ ਕਲਾ ਦੀ ਧਾਂਕ ਜਮਾ ਚੁੱਕੀਆਂ ਹਨ ਅਤੇ ਕਈ ਦੇਸ਼ਾਂ ਵਿਚ ਉਨ੍ਹਾਂ ਦੀਆਂ ਕਲਾ ਕਿਰਤਾਂ ਦੀ ਨੁਮਾਇਸ਼ ਲੱਗ ਚੁੱਕੀ ਹੈ।

‘ਨਾਇਨਟੀਨ ਏਟੀ ਫੋਰ’ (ਸਟੌਰਮਿੰਗ ਆਫ ਦੀ ਗੋਲਡਨ ਟੈਂਪਲ) ਚੋਖੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੀ ਪੇਂਟਿੰਗ ਹੈ। ਇਸ ਵਿਚ ਵਧੇਰੇ ਯੋਗਦਾਨ ਅੰਮ੍ਰਿਤ ਦਾ ਹੈ। ਇਹ ਪੇਂਟਿੰਗ 1998 ਵਿਚ ਬਣਾਈ ਗਈ ਸੀ। ਇਹ ਪੇਂਟਿੰਗ ਯੂਰਪ, ਅਮਰੀਕਾ ਅਤੇ ਹੋਰ ਅਮਰੀਕੀ ਦੇਸ਼ਾਂ ਵਿਚ ਇਸ ਦੀ ਬੜੀ ਚਰਚਾ ਹੋਈ। ਇਸ ਵਿਚ ਸਦੀਆਂ ਦਾ ਸਿੱਖ ਇਤਿਹਾਸ ਸਮੋਇਆ ਪਿਆ ਹੈ। ਹੋਰ ਪੇਂਟਿੰਗਜ਼ ਵਾਂਗ ਇਸ ਦਾ ਬਿਰਤਾਂਤ ਵੀ ਬਹੁਤ ਸੰਘਣਾ ਹੈ।

ਇਸ ਚਿੱਤਰ ਦਾ ਮੁੱਢ ਚਿੱਤਰਕਾਰ ਦੇ ਮਨ ਵਿਚ ਘਟਨਾ ਪ੍ਰਚਾਰ ਬਾਰੇ ਗੁੱਸਾ ਬਣਦਾ ਹੈ। ਸੰਸਾਰ ਭਰ ਵਿਚ ਇਹ ਪ੍ਰਚਾਰ ਕੀਤਾ ਗਿਆ ਸੀ ਕਿ ਇਸ ਕਾਰਵਾਈ ਵਿਚ ਇੰਦਰਾ ਗਾਂਧੀ ਦੀ ਜਿੱਤ ਹੋਈ ਹੈ, ਜਦਕਿ ਸੱਚ ਇਹ ਹੈ ਕਿ ਜਿਸ ਦਿਨ ਫੌਜ ਦੀ ਕਾਰਵਾਈ ਕੀਤੀ ਗਈ, ਉਸ ਪਵਿੱਤਰ ਦਿਹਾੜੇ 'ਤੇ ਹਜ਼ਾਰਾਂ ਸ਼ਰਧਾਲੂਆਂ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਹੋਏ ਸਨ। ਪੇਂਟਿੰਗ ਵਿਚ ਅੰਮ੍ਰਿਤ ਨੇ ਬਾਬਾ ਦੀਪ ਸਿੰਘ ਆਪਣੇ ਉਸੇ ਰੂਪ ਵਿਚ ਸਿਰਜਿਆ ਹੈ ਜਿਹੜਾ ਆਮ ਸਿੱਖ ਮਨਾਂ ਵਿਚ ਘਰ ਕਰੀ ਬੈਠਾ ਹੈ। ਖੱਬੇ ਥੱਲੇ ਵਾਲੇ ਪਾਸੇ ਟੈਂਕ ’ਤੇ ਸਵਾਰ ਹੋਈ ਇੰਦਰਾ ਗਾਂਧੀ ਦਿਸ ਰਹੀ ਹੈ। ਚਿੱਤਰਕਾਰ ਦੱਸਣਾ ਚਾਹੁੰਦੀ ਹੈ ਇਹ ਔਰਤ ਇਸ ਘਟਨਾ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਅੰਮ੍ਰਿਤ ਨੇ ਦੋ ਹੋਰ ਪ੍ਰਤੀਕਾਂ ਨੂੰ ਵੀ ਚਿੱਤਰ ਵਿਚ ਜਗ੍ਹਾ ਦਿੱਤੀ ਹੈ। ਇਕ ਅਕ੍ਰਿਤੀ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਦੀ ਹੈ ਜਿਨ੍ਹਾਂ ਹਿੰਦੂਆਂ ਅਤੇ ਹਿੰਦੋਸਤਾਨ ਦੀ ਰੱਖਿਆ ਹਿੱਤ ਦਿੱਲੀ ਵਿਖੇ ਕੁਰਬਾਨੀ ਦਿੱਤੀ ਸੀ। ਇਸ ਦੇ ਨਾਲ ਹੀ ਭਗਤ ਸਿੰਘ ਦੀ ਅਕ੍ਰਿਤੀ ਹੈ। ਅੰਗਰੇਜ਼ਾਂ ਖ਼ਿਲਾਫ਼ ਆਪਣੀ ਲੜਾਈ ਲੜਦਿਆਂ ਹੋਇਆਂ ਉਸ ਨੂੰ ਫਾਂਸੀ ਦਿੱਤੀ ਗਈ ਸੀ। ਉਸ ਦਾ ਦਿੱਤਾ ਨਾਹਰਾ 'ਇਨਕਲਾਬ ਜਿੰਦਾਬਾਦ’ ਅੱਜ ਵੀ ਕ੍ਰਾਂਤੀ ਦੀ ਰਾਹ ਉਪਰ ਚਲਣ ਵਾਲਿਆਂ ਲਈ ਮੂਲ ਮੰਤਰ ਹੈ। ਇਹ ਪ੍ਰਤੀਕ ਸਿੱਖਾਂ ਨੂੰ ਭਾਰਤ ਨਾਲ ਜੋੜਦੇ ਹੀ ਨਹੀਂ, ਬਲਕਿ ਇਹਦੇ ਰਾਹੀਂ ਉਹ ਭਾਰਤ ਬਾਰੇ ਆਪਣੀ ਭਾਵੁਕ ਸਾਂਝ ਦਾ ਪ੍ਰਗਟਾਵਾ ਵੀ ਕਰ ਰਹੇ ਹਨ।



*‘ਸਿੰਘ ਟਵਿਨਜ਼’ ਦੀ ਸਿਰਜਣਾ ‘ਨਾਇਨਟੀਨ ਏਟੀ ਫੋਰ’*



*ਚਿੱਤਰ ਬਣਾਉਣ ਵਿਚ ਰੁੱਝੀਆਂ ‘ਸਿੰਘ ਟਵਿਨਜ਼’*

## ‘ਨਾਈਨਟੀਨ ਏਟੀ ਫੋਰ’ ਚਿੱਤਰ ਦਾ ਮਤਲਬ

ਸਾਡਾ ਮੁੱਖ ਉਦੇਸ਼ ਓਪਰੇਸ਼ਨ ਬਲੂ ਸਟਾਰ ਅਤੇ ਇਹਦੇ ਬਾਅਦ ਹੋਣ ਵਾਲੀਆਂ ਘਟਨਾਵਾਂ ਦੀ ਹਕੀਕਤ ਬਾਰੇ ਲੋਕਾਂ ਦੇ ਮਨ ਵਿਚ ਜਾਗਰੂਕਤਾ ਪੈਦਾ ਕਰਨਾ ਹੈ। ਅਸੀਂ ਮਾਨਵੀ ਪੱਖ ਤੋਂ ਸਿੱਖਾਂ ਦੀ ਆਵਾਜ਼ ਸੁਣਾਉਣ ਦਾ ਯਤਨ ਕਰ ਰਹੀਆਂ ਹਾਂ। ਅਸੀਂ ਦੋਹਾਂ ਧਿਰਾਂ ਦੀਆਂ ਸਿਆਸੀ ਇੱਛਾਵਾਂ ਅਤੇ ਸਰਗਰਮੀ ਦੇ ਗੁੰਝਲਦਾਰ ਵਰਤਾਰੇ ਵਿਚ ਨਹੀਂ ਪੈਣਾ ਚਾਹੁੰਦੀਆਂ, ਪਰ ਜੋ ਕੁਝ ਵੀ ਹੋਇਆ, ਉਸ ਦੇ ਨਤੀਜਿਆਂ ਨੂੰ ਮਨੁੱਖੀ ਪੱਧਰ 'ਤੇ ਜਾਣ/ਸਮਝ ਕੇ ਪੇਸ਼ ਕਰਨਾ ਚਾਹੁੰਦੀਆਂ ਹਾਂ। ਜਦ ਅਸੀਂ ਇਹ ਕਿਰਤ ਬਣਾਉਣੀ ਸ਼ੁਰੂ ਕੀਤੀ ਤਾਂ ਮਨ ਵਿਚ ਇਹੀ ਸੀ ਕਿ ਜੋ ਹੋਇਆ ਹੈ, ਉਸ ਦੀ ਬਿਨਾਂ ਕੋਈ ਲਾਹਾ ਲਿਆਂ ਸਿੱਧੀ ਆਲੋਚਨਾ ਕੀਤੀ ਜਾਵੇ। ਨਾਲ ਹੀ ਇਹ ਵੀ ਧਿਆਨ ਰੱਖਿਆ ਕਿ ਪੇਂਟਿੰਗ ਕਿਤੇ ਭਾਰਤ ਵਿਰੋਧੀ ਸਟੇਟਮੈਂਟ ਹੀ ਨਾ ਲੱਗਣ ਪਵੇ ਜਾਂ ਇਸ ਦੇ ਗਲਤ ਅਰਥ ਨਾ ਕੱਢ ਲਏ ਜਾਣ। ਇਸ ਵੀ ਵਿਚਾਰਿਆ ਗਿਆ ਕਿ ਕਿਧਰੇ ਗਰਮਖਿਆਲਾਂ ਦੇ ਲੋਕ ਇਸ ਨੂੰ ਆਪਣਾ ਏਜੰਡਾ ਸਿੱਧ ਕਰਨ ਹਿੱਤ ਹੀ ਨਾ ਵਰਤਣ ਲੱਗ ਪੈਣ। ਅਸੀਂ 84 ਦੀਆਂ ਘਟਨਾਵਾਂ ਨਾਲ ਭਾਵੇਂ ਸਿੱਧੇ ਨਹੀਂ ਜੁੜੇ ਹੋਏ, ਪਰ ਜਿਨ੍ਹਾਂ ਨੇ ਉਹ ਦੌਰ ਹੰਢਾਇਆ ਅਤੇ ਆਪਣਾ ਸਾਰਾ ਕੁਝ ਗੁਆਇਆ ਹੈ, ਉਨ੍ਹਾਂ ਲਈ ਆਪੋ-ਆਪਣੀ ਸੰਵੇਦਨਾ ਤਾਂ ਹਰ ਕੋਈ ਪ੍ਰਗਟ ਕਰ ਸਕਦੇ ਹੈ ਅਤੇ ਸਭ ਨੂੰ ਕਰਨੀ ਚਾਹੀਦੀ ਹੈ। ਬਾਕੀ ਇਸ ਘਟਨਾ ਨੂੰ ਭੁੱਲਣਾ ਬਹੁਤ ਔਖਾ ਹੀ ਨਹੀਂ, ਅਸੰਭਵ ਹੈ।



ਖੈਰ! ਜੋ ਵੀ ਕੁਝ ਵਾਪਰਿਆ, ਉਸ ਦੇ ਬਾਵਜੂਦ ਦੂਜੇ ਸਿੱਖਾਂ ਵਾਂਗ ਅਸੀਂ ਵੀ ਜਾਣਦੀਆਂ ਹਾਂ ਕਿ ਸਾਡੀ ਭਾਰਤ ਲਈ ਅੰਦਰੂਨੀ ਖਿੱਚ ਹੈ ਜਿਸ ਨੂੰ ਕਿਸੇ ਵੀ ਹਾਲਤ ਵਿਚ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਇਹ ਪੇਂਟਿੰਗ ਭਾਵੇਂ ਚੁਰਾਸੀ ਨਾਲ ਸਬੰਧਤ ਹੈ ਪਰ ਇਹ ਦਰਸ਼ਕ ਨੂੰ ਉਸ ਘਟਨਾਕ੍ਰਮ ਵੱਲ ਵੀ ਲੈ ਜਾਂਦੀ ਹੈ ਜਿਸ ਦਾ ਸਬੰਧ ਆਜ਼ਾਦੀ ਦੀ ਲੜਾਈ ਨਾਲ ਜੁੜਿਆ ਹੋਇਆ ਹੈ। ਉਪਰ ਸੱਜੇ ਪਾਸੇ ਜੱਲਿਆਂ ਵਾਲੇ ਬਾਗ ਦਾ ਯਾਦ ਚਿੰਨ੍ਹ ਹੈ ਜੋ 1919 ਦੀ ਵਿਸਾਖੀ ਵਾਲੇ ਦਿਨ ਸ਼ਹੀਦ ਹੋਏ ਭਾਰਤੀਆਂ ਦੀ ਯਾਦ ਵਿਚ ਉਸਾਰਿਆ ਗਿਆ ਹੈ। ਇਸ ਘਟਨਾ ਨੇ ਅੰਗਰੇਜ਼ਾਂ ਖਿਲਾਫ ਚੱਲ ਰਹੀ ਆਜ਼ਾਦੀ ਦੀ ਲੜਾਈ ਦਾ ਰੁਖ ਹੀ ਬਦਲ ਦਿੱਤਾ ਸੀ।

**-ਅੰਮ੍ਰਿਤ ਕੌਰ ਸਿੰਘ**
**-ਰਬਿੰਦਰ ਕੌਰ ਸਿੰਘ**
**www.singhtwins.co.uk**

# ਆਖ ਤਸਵੀਰਾਂ ਬੋਲਦੀਆਂ

‘ਪੰਜਾਬ ਟਾਈਮਜ਼’ ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ‘ਗਾਗਰ ਵਿਚ ਸਾਗਰ’ ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 20 ਅਪਰੈਲ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-60



*ਕੰਮ ਦੇ ਉਤੇ ਚਲੇ ਗਈ ਮੰਮੀ, ਛੱਡ ਕੇ ਘਰੇ ਪ੍ਰੀਤ।*
*ਮੈਂ ਵੀ ਸੋਚਿਆ ਥੋਡੇ ਬੈਡ ‘ਤੇ ਬਹਿ ਕੇ ਸੁਣ ਲਾਂ ਗੀਤ।*
*ਪਰ ਨਹੀਂ ਲੱਭਿਆ ਮੈਨੂੰ ਸੱਚੀਂ ਬਚਪਨ ਦਾ ਕੋਈ ਗਾਣਾ।*
*ਤੂੰ ਹੀ ਦੱਸ ਫਿਰ ਕੌਣ ਦਊਗਾ ਬੋਟਾਂ ਦੇ ਮੂੰਹ ਦਾਣਾ।*

## ਕੈਪਸ਼ਨ ਮੁਕਾਬਲਾ-58



ਵਿਚ ਪਟਾਰੀ ਕੈਦ ਕਰ ਲਿਆ,
ਬੰਦੇ ਮੂਹਰੇ ਪੇਸ਼ ਨਾ ਜਾਵੇ।
ਫੋਕਾ ਫਨ ਫੈਲਾਈ ਜਾਵਾਂ,
ਪਰ ਭੈਅ ਨਾ ਕੋਈ ਖਾਵੇ।
ਡਰ ਡਰ ਜੋ ਸੀ ਕੋਲੋਂ ਲੰਘਦਾ,
ਵੇਖ ਵੇਖ ਹੁਣ ਮਨ ਪ੍ਰਚਾਵੇ।

**-ਜਗਮੀਤ ਸਿੰਘ ਪੰਧੇਰ**
**ਫੋਨ: 91-98783-37222**

---

ਬੀਨ ਵਜਾਵੇ ਸਪੇਰਾ
ਸਪ ਨੇ ਫਨ ਫੈਲਾਇਆ।
ਦੇਖਣ ਲਈ ਤਮਾਸ਼ਾ
ਬੱਚਿਆਂ ਨੇ ਮਜਮਾ ਲਾਇਆ।

**-ਹਰਮੀਕ ਸਿੰਘ ਵਿੱਕੀ**
**ਸਟਾਕਟਨ, ਕੈਲੀਫੋਰਨੀਆ।**
**ਫੋਨ: 209-815-8883**

ਜਹਿਰੀ ਨਾਗ ਪਟਾਰੀ ਪਾਏ,
ਬੰਦੇ ਦੇ ਬਲਿਹਾਰੇ!
ਜੂਨਾਂ ਦਾ ‘ਸਰਦਾਰ’ ਹੁੰਦਿਆਂ,
ਫਿਰ ਵੀ ਝੱਲ ਖਿਲਾਰੇ!

**-ਫਕੀਰ ਚੰਦ ਸੈਂਪਲਾ**
**ਲਾਸ ਏਂਜਲਸ।**

---

ਨਾਗ ਜ਼ਹਿਰੀਲਾ ਵਿਚ ਪਟਾਰੀ
ਸਪੇਰੇ ਨੇ ਕੀਲ ਪਾ ਲਿਆ ਏ।
ਜੋਗੀ ਨੇ ਬੀਨ ਵਜਾ ਕੇ ਜੀ,
ਫਨੀਅਰ ਦੇਖੋ ਨਚਾ ਲਿਆ ਏ।

**-ਪਰਸ਼ੋਤਮ ਸਿੰਘ ਯੂਬਾ ਸਿਟੀ।**

---

ਕਿਸੇ ਨੇ ਝੂਠੇ ਲਾਰੇ ਲਾ ਕੇ,
ਲੋਕਾਂ ਦੇ ਹੱਕ ਖਾਰੀ ਪਾ ਲਏ।
ਕਿਸੇ ਜੋਗੀ ਨੇ ਬੀਨ ਵਜਾ ਕੇ,
ਜ਼ਹਿਰੀ ਨਾਗ ਪਟਾਰੀ ਪਾ ਲਏ।
ਜੋਗੀਆਂ ਤੇ ਲੀਡਰਾਂ ਮਤਲਬ ਕੱਢ ਕੇ,
ਢੇਰਾਂ ਦੇ ਢੇਰ ਨੋਟ ਕਮਾ ਲਏ।
ਬੇਵਸ ਹੋਇਆਂ ਸਮਾਂ ਤੇ ਲੋਕਾਂ,
‘ਕੈਲ’ ਹਾਰ ਕੇ ਮਨ ਸਮਝਾ ਲਏ।

**-ਕਰਨੈਲ ਸਿੰਘ ਕੈਲ**
**ਸਿਆਟਲ।**

---

ਸਪੇਰੇ ਦੀ ਬੀਨ ਉਤੇ ਨਾਗ ਨੱਚੇ।
ਡੌਰ-ਭੌਰ ਹੋਏ ਵੇਖਦੇ ਨੇ ਬੱਚੇ।

**-ਬਲਜਿੰਦਰ ਸਿੰਘ ਖਾਲਸਾ**

ਗਰੇਵਾਲ ਪਰਿਵਾਰ ਵਲੋਂ ਸਮੂਹ ਸਿੱਖ ਭਾਈਚਾਰੇ ਨੂੰ
ਖਾਲਸਾ ਪੰਥ ਦੇ ਸਿਰਜਣਾ ਦਿਵਸ ਅਤੇ ਵਿਸਾਖੀ ਦਿਹਾੜੇ ਦੀ

# ਲੱਖ ਲੱਖ ਵਧਾਈ



**Drashan Singh Grewal & Family**

**Singh Building Company, Inc. (Detroit, Michigan)**

# ਸਿੱਖ ਕਤਲੇਆਮ ਬਾਰੇ ਸੱਜਣ ਕੁਮਾਰ ਖਿਲਾਫ ਫੈਸਲਾ ਰਾਖਵਾਂ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਵਿਚ ਸ਼ਾਮਲ ਕਹੇ ਜਾ ਰਹੇ ਕਾਂਗਰਸੀ ਆਗੂ ਸੱਜਣ ਕੁਮਾਰ ਨਾਲ ਜੁੜੇ ਮਾਮਲੇ ਵਿਚ ਕੜਕੜਡੂਮਾ ਅਦਾਲਤ ਨੇ ਆਪਣਾ ਫੈਸਲਾ ਰਾਖਵਾਂ ਕਰ ਲਿਆ ਹੈ। ਅਦਾਲਤ ਨੇ ਫੈਸਲਾ ਸੁਣਾਉਣ ਤੋਂ ਪਹਿਲਾਂ ਹੋਰ ਕਿਸੇ ਵੀ ਪ੍ਰਕਾਰ ਦੀ ਕਾਰਵਾਈ ਜਾਂ ਸਪੱਸ਼ਟੀਕਰਨ ਲਈ 16 ਅਪਰੈਲ ਦੀ ਤਾਰੀਖ ਤੈਅ ਕੀਤੀ ਹੈ। ਦੋਵੇਂ ਧਿਰਾਂ ਇਸ ਦਿਨ ਅਦਾਲਤ ਵਿਚ ਹਾਜ਼ਰ ਹੋਣਗੀਆਂ।

ਇਹ ਮਾਮਲਾ 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਦਿੱਲੀ ਵਿਚ ਭੜਕੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਕਾਂਗਰਸੀ ਆਗੂ ਦੀ ਸ਼ਮੂਲੀਅਤ ਤੇ ਪੰਜ ਸਿੱਖਾਂ ਦੇ ਸਮੂਹਿਕ ਕਤਲ ਕਾਂਡ ਨਾਲ ਸਬੰਧਤ ਹੈ। ਇਸ ਮਾਮਲੇ ਵਿਚ ਅੱਧੀ ਦਰਜਨ ਦੇ ਕਰੀਬ ਹੋਰ ਸਥਾਨਕ ਆਗੂ ਵੀ ਸ਼ਾਮਲ ਦੱਸੇ ਜਾਂਦੇ ਹਨ ਜਿਨ੍ਹਾਂ ਵਿਚ ਬਲਵਾਨ ਖੋਖਰ, ਕ੍ਰਿਸ਼ਨ ਖੋਖਰ, ਮਹਿੰਦਰ ਯਾਦਵ, ਗਿਰਧਾਰੀ ਲਾਲ ਤੇ ਕੈਪਟਨ ਭਾਗਮੱਲ ਹਨ।

ਇਨ੍ਹਾਂ 'ਤੇ ਦੋਸ਼ ਸੀ ਕਿ ਨਵੰਬਰ 1984 ਵਿਚ ਹੋਏ ਦੰਗਿਆਂ ਦੌਰਾਨ ਇਹ ਲੋਕ ਉਸ ਭੀੜ ਵਿਚ ਸ਼ਾਮਲ ਸਨ ਜਿਸ ਨੇ ਦਿੱਲੀ ਕੈਂਟ ਵਿਖੇ ਜਗਦੀਸ਼ ਕੌਰ ਦੇ ਪਰਿਵਾਰ ਦੇ ਮੈਂਬਰਾਂ ਤੇ ਹੋਰਾਂ ਦੇ ਕਤਲ ਕੀਤੇ ਸਨ। ਇਲਾਕੇ ਵਿਚ ਸਿੱਖਾਂ ਦੇ ਘਰ ਲੁੱਟੇ ਤੇ ਸਾੜੇ ਸਨ। ਸੱਜਣ ਕੁਮਾਰ 'ਤੇ ਇਸ ਭੀੜ ਦੀ ਅਗਵਾਈ ਕਰਨ ਦੇ ਦੋਸ਼ ਲਾਏ ਗਏ ਸਨ। ਇਸ ਮਾਮਲੇ ਦੀ ਮੁੜ ਸੀਬੀਆਈ ਜਾਂਚ ਦੇ ਹੁਕਮ ਨਾਨਵਤੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਜਾਰੀ ਹੋਏ ਸਨ। ਪਿਛਲੀਆਂ ਸੁਣਵਾਈਆਂ ਦੌਰਾਨ ਸੀਬੀਆਈ ਨੇ ਦਿੱਲੀ ਪੁਲਿਸ 'ਤੇ ਸੱਜਣ ਕੁਮਾਰ ਨੂੰ ਬਚਾਉਣ ਦਾ ਦੋਸ਼ ਲਾਇਆ ਸੀ।

ਸੈਸ਼ਨ ਜੱਜ ਜੇਐਨ ਆਰੀਅਨ ਦੀ ਅਦਾਲਤ ਵਿਚ ਬਚਾਓ ਪੱਖ ਨੇ ਦਲੀਲਾਂ ਦਿੱਤੀਆਂ ਕਿ ਮਾਮਲੇ ਦੀ ਗਵਾਹ ਜਗਦੀਸ਼ ਕੌਰ ਨੇ ਵੱਖ-ਵੱਖ ਕਮਿਸ਼ਨਾਂ ਜਾਂ ਜਾਂਚਾਂ ਦੌਰਾਨ ਵੱਖਰੇ-ਵੱਖਰੇ ਬਿਆਨ ਦਿੱਤੇ ਸੋ ਇਹ ਭਰੋਸੇਯੋਗ ਨਹੀਂ ਹਨ। ਸੱਜਣ ਕੁਮਾਰ ਦੇ ਵਕੀਲਾਂ ਨੇ ਕਿਹਾ ਕਿ ਪੇਸ਼ ਗਵਾਹੀਆਂ ਦੌਰਾਨ ਜਗਦੀਸ਼ ਕੌਰ ਵੱਲੋਂ ਜੋ ਹਲਫੀਆ ਬਿਆਨ ਰੰਗਨਾਥ ਕਮਿਸ਼ਨ ਨੂੰ ਦਿੱਤਾ ਗਿਆ ਸੀ ਉਸ



ਵਿਚ ਸੱਜਣ ਕੁਮਾਰ ਦਾ ਨਾਂ ਸ਼ਾਮਲ ਨਹੀਂ ਸੀ। ਹੁਣ ਜੰਗਸ਼ੇਰ ਸਿੰਘ ਦਾ ਨਾਂ ਵੀ ਹਲਫੀਆ ਬਿਆਨ ਵਿਚ ਨਹੀਂ ਸੀ ਤੇ ਇਹ ਪਹਿਲੀ ਵਾਰ ਸਾਹਮਣੇ ਆਇਆ ਸੀ। ਸੱਜਣ ਕੁਮਾਰ ਦੇ ਵਕੀਲਾਂ ਅਯੂਬ ਖਾਨ ਤੇ ਅਨਿਲ ਸ਼ਰਮਾ ਨੇ ਜ਼ੋਰ ਦਿੱਤਾ ਕਿ ਜਗਦੀਸ਼ ਕੌਰ ਦੀ ਗਵਾਹੀ ਨਾ ਮੰਨੀ ਜਾਵੇ। ਜਿਥੇ ਜੰਗਸ਼ੇਰ ਸਿੰਘ ਛੁਪਿਆ ਸੀ, ਉਸ ਘਰ ਦੇ ਗਵਾਹ ਵੀ ਮੁੱਕਰ ਜਾਣ ਨੂੰ ਇਨ੍ਹਾਂ ਨੇ ਇਕ ਤੱਥ ਵਜੋਂ ਪੇਸ਼ ਕੀਤਾ। ਸੁਣਵਾਈ ਦੌਰਾਨ ਸੱਜਣ ਕੁਮਾਰ ਤੇ ਉਸ ਦੇ ਸਾਰੇ ਨਾਮਜ਼ਦ ਸਾਥੀ ਅਦਾਲਤ ਵਿਚ ਹਾਜ਼ਰ ਸਨ। ਪੀੜਤ ਧਿਰ ਦੇ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਜੱਜ ਜੇ.ਐਨ. ਆਰੀਅਨ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣ ਕੇ 16 ਅਪਰੈਲ ਦੀ ਤਾਰੀਖ ਮੁਕੱਰਰ ਕੀਤੀ ਹੈ ਤੇ ਲੋੜ ਪੈਣ 'ਤੇ ਅਦਾਲਤ ਇਸ ਦਿਨ ਹੋਰ ਜਾਣਕਾਰੀ ਲੈ ਸਕਦੀ ਹੈ ਤੇ ਮੁਕੱਦਮੇ ਦੇ ਫੈਸਲੇ ਦਾ ਦਿਨ ਤੈਅ ਕਰ ਦੇਵੇਗੀ। ਉਨ੍ਹਾਂ ਦੱਸਿਆ ਕਿ ਸੱਜਣ ਦੇ ਵਕੀਲਾਂ ਵੱਲੋਂ ਸਰਕਾਰ ਤਰਫੋਂ 'ਐਕਸ਼ਨ ਟੇਕਨ ਰਿਪੋਰਟ' ਪਾਰਲੀਮੈਂਟ ਅੱਗੇ ਰੱਖਣ 'ਤੇ ਸਰਕਾਰ ਵੱਲੋਂ ਨਾਨਵਤੀ ਕਮਿਸ਼ਨ ਦੀਆਂ ਸੱਜਣ ਕੁਮਾਰ ਖ਼ਿਲਾਫ਼ ਮਾਮਲਾ ਦਰਜ ਕਰਨ ਦੀਆਂ ਸਿਫਾਰਸ਼ਾਂ ਨਾ ਮੰਨਣ ਦੀ ਦਲੀਲ ਦੇਣ 'ਤੇ ਸ. ਫੂਲਕਾ ਨੇ ਜਵਾਬ ਦਿੱਤਾ ਕਿ ਜੇਕਰ ਸਰਕਾਰ ਗੰਭੀਰ ਹੁੰਦੀ ਤਾਂ ਦੋਸ਼ੀਆਂ ਨੂੰ ਲੰਮਾ ਸਮਾਂ ਪਹਿਲਾਂ ਹੀ ਸਜ਼ਾਵਾਂ ਮਿਲ ਜਾਣੀਆਂ ਸਨ। ਇਥੋਂ ਦੀ ਸਰਕਾਰ ਨਹੀਂ ਦੇਸ਼ ਦੇ ਲੋਕ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਯਾਦ ਕਰਵਾਇਆ ਕਿ ਜਦੋਂ ਸਰਕਾਰ ਨੇ ਨਾਨਾਵਤੀ ਕਮਿਸ਼ਨ ਦੀਆਂ ਸਿਫਾਰਸ਼ਾਂ ਰੱਦ ਕਰ ਦਿੱਤੀਆਂ ਸਨ ਤਾਂ ਸੰਸਦ ਤਿੰਨ ਦਿਨ ਨਹੀਂ ਚੱਲੀ ਸੀ। ਦੋਵਾਂ ਸਦਨਾਂ ਵਿਚ ਹੰਗਾਮਾ ਹੋਇਆ ਸੀ ਪਰ ਫਿਰ ਸਰਕਾਰ ਝੁਕੀ ਸੀ।

ਸ. ਫੂਲਕਾ ਨੇ ਜ਼ੋਰ ਦੇ ਕੇ ਕਿਹਾ ਕਿ ਅਦਾਲਤ ਸਿਰਫ ਫੈਸਲਾ ਹੀ ਨਹੀਂ ਲਿਖਣ ਜਾ ਰਹੀ ਸਗੋਂ ਦੇਸ਼ ਦਾ ਇਤਿਹਾਸ ਵੀ ਲਿਖਣ ਜਾ ਰਹੀ ਹੈ। ਸੀਬੀਆਈ ਨੇ ਅਕਤੂਬਰ 2005 ਵਿਚ ਮਾਮਲਾ ਦਰਜ ਕਰਕੇ ਮੁਕੱਦਮੇ ਦੀ ਸੁਣਵਾਈ ਲਈ ਚਾਰਜਸ਼ੀਟ ਪੇਸ਼ ਕੀਤੀ ਸੀ ਤੇ ਜੁਲਾਈ 2010 ਨੂੰ ਕਾਰਵਾਈ ਸ਼ੁਰੂ ਹੋਈ ਸੀ ਤੇ 17 ਗਵਾਹ ਭੁਗਤੇ ਸਨ। ਮਾਰਚ 2012 ਨੂੰ ਦੋਵਾਂ ਧਿਰਾਂ ਵੱਲੋਂ ਸਬੂਤ ਪੇਸ਼ ਕਰਨ ਪਿੱਛੋਂ ਸਪੈਸ਼ਲ ਪਰਾਸੀਕਿਊਟਰ ਆਰ ਐਸ ਚੀਮਾ ਨੇ ਅਪਰੈਲ 2012 'ਚ ਆਪਣੀਆਂ ਦਲੀਲਾਂ ਪੂਰੀਆਂ ਕੀਤੀਆਂ ਸਨ ਤੇ ਬਚਾਓ ਪੱਖ ਨੇ ਮਈ 2012 ਨੂੰ ਜ਼ਿਰ੍ਹਾ ਸ਼ੁਰੂ ਕੀਤੀ ਸੀ।

ਸੱਜਣ ਕੁਮਾਰ ਦੇ ਵਕੀਲਾਂ ਨੇ ਜ਼ਿਰ੍ਹਾ ਦੌਰਾਨ ਜਗਦੀਸ਼ ਕੌਰ ਦੀ ਗਵਾਹੀ ਉਪਰ ਹੀ ਸਵਾਲੀਆ ਚਿੰਨ੍ਹ ਲਾਉਣ ਲਈ ਜ਼ੋਰ ਲਾਇਆ ਸੀ। ਸੀ ਬੀ ਆਈ ਨੇ ਦਿੱਲੀ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਨੂੰ ਵੀ ਅਦਾਲਤ 'ਚ ਉਠਾਇਆ ਸੀ।

## ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਬਾਬਾ ਬੰਦਾ ਸਿੰਘ ਚੇਅਰ ਕਾਇਮ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਸਿੱਖਾਂ ਨੂੰ ਖੁਸ਼ ਕਰਨ ਲਈ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਚੇਅਰ ਸਥਾਪਤ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਸਨ। ਉਨ੍ਹਾਂ ਦਾ ਜੀਵਨ ਤੇ ਕੰਮ ਅੱਜ ਵੀ ਸਾਰਿਆਂ ਲਈ ਪ੍ਰੇਰਨਾ ਸਰੋਤ ਹਨ। ਜੰਮੂ-ਕਸ਼ਮੀਰ ਦੇ ਰਿਆਸੀ ਵਿਚ ਬਣੇ ਡੇਰਾ ਬਾਬਾ ਬੰਦਾ ਸਿੰਘ ਬਹਾਦਰ ਦੇ 300 ਸਾਲ ਪੂਰੇ ਹੋਣ ਮੌਕੇ ਮੁੱਖ ਮੰਤਰੀ ਨੇ ਰੋਹਤਕ ਦੇ ਡੇਰਾ ਬਾਬਾ ਬੰਦਾ ਬਹਾਦਰ ਤੋਂ ਚੇਤਨਾ ਮਾਰਚ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।



ਇਸ ਮਾਰਚ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਸਤਰ, ਕੱਪੜੇ, ਸੋਨੇ ਨਾਲ ਜੜੇ ਤੀਰ ਕਮਾਨ ਤੇ ਹੋਰ ਸਾਮਾਨ ਦੀ ਵੀ ਝਾਕੀ ਸੀ। ਇਹ ਮਾਰਚ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਦੀਆਂ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ 11 ਅਪਰੈਲ ਨੂੰ ਡੇਰਾ ਬਾਬਾ ਬੰਦਾ ਸਿੰਘ ਬਹਾਦਰ, ਰਿਆਸੀ (ਜੰਮੂ-ਕਸ਼ਮੀਰ) ਪੁੱਜਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ 'ਤੇ ਚੇਅਰ ਸਥਾਪਤ ਕੀਤੀ ਹੈ ਜਿੱਥੇ ਉਨ੍ਹਾਂ ਦੇ ਜੀਵਨ ਦੇ ਵੱਖ ਵੱਖ ਪਹਿਲੂਆਂ ਦਾ ਅਧਿਐਨ ਕੀਤਾ ਜਾਵੇਗਾ।

## ਹੋਂਦ ਚਿੱਲੜ ਕਾਂਡ: ਗਵਾਹਾਂ ਨੂੰ ਉਲਝਾਉਣ ਦੇ ਯਤਨ

**ਚੰਡੀਗੜ੍ਹ:** ਹੋਂਦ ਚਿੱਲੜ ਕਾਂਡ ਦੀ ਜਾਂਚ ਕਰ ਰਹੇ ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀ.ਪੀ. ਗਰਗ ਦੀ ਅਦਾਲਤ ਵਿਚ ਸਰਕਾਰੀ ਧਿਰ ਨੇ ਪੀੜਤ ਧਿਰ ਦੇ ਗਵਾਹਾਂ ਕੋਲੋਂ ਤਿੱਖੇ ਸੁਆਲ ਪੁੱਛ ਕੇ ਗਵਾਹਾਂ ਨੂੰ ਉਲਝਾਉਣ ਦਾ ਯਤਨ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਹਰਿਆਣਾ ਦੇ ਗ੍ਰਹਿ ਸਕੱਤਰ ਤੇ ਰਿਵਾੜੀ ਦੇ ਡਿਪਟੀ ਕਮਿਸ਼ਨਰ ਵੱਲੋਂ ਸਰਕਾਰੀ ਵਕੀਲ ਜਸਵੰਤ ਸਿੰਘ ਤੇ ਐਸ.ਕੇ. ਸ਼ਰਮਾ ਪੇਸ਼ ਹੋਏ।



ਉਨ੍ਹਾਂ ਨੇ ਪੀੜਤਾਂ ਜੋਗਿੰਦਰ ਸਿੰਘ, ਗੁਰਬਚਨ ਸਿੰਘ ਤੇ ਸਾਵਣ ਸਿੰਘ ਨੂੰ ਪੁੱਛਿਆ ਕਿ 1984 ਦੇ ਕਤਲੇਆਮ ਸਮੇਂ ਹੋਂਦ ਚਿੱਲੜ ਪਿੰਡ ਵਿਚ ਮਾਰੇ ਗਏ ਵਿਅਕਤੀਆਂ ਦੀ ਗਿਣਤੀ ਕਿੰਨੀ ਸੀ ? ਪੀੜਤਾਂ ਨੂੰ ਕੀ-ਕੀ ਸੱਟਾਂ ਲੱਗੀਆਂ ਸਨ ਤੇ ਉਨ੍ਹਾਂ ਨੂੰ ਮਾਰਨ ਵਾਲੇ ਕੌਣ ਸਨ? ਗਵਾਹਾਂ ਨੇ ਦੱਸਿਆ ਕਿ ਉਹ ਇਹ ਗੱਲ ਨਹੀਂ ਜਾਣਦੇ ਕਿ ਉਨ੍ਹਾਂ ਨੂੰ ਮਾਰਨ ਵਾਲੇ ਕੌਣ ਸਨ? 75 ਸਾਲਾ ਪੀੜਤ ਸਾਵਣ ਸਿੰਘ ਨੇ ਅਦਾਲਤ ਵਿਚ ਆਪਣੀ ਪੱਗ ਉਤਾਰ ਕੇ ਉਸ ਸਮੇਂ ਸਿਰ ਵਿਚ ਕੀਤੇ ਜ਼ਖ਼ਮ ਨੂੰ ਦਿਖਾਇਆ।

ਉਸ ਨੇ ਦੱਸਿਆ ਕਿ ਦੰਗਾਕਾਰੀਆ ਨੇ ਸਿਰ 'ਤੇ ਸੱਟ ਮਾਰਨ ਤੋਂ ਇਲਾਵਾ ਉਸ ਦੀ ਬਾਂਹ ਵੀ ਤੋੜ ਦਿੱਤੀ ਸੀ। ਉਸ ਨੇ ਦੱਸਿਆ ਕਿ ਉਹ ਅਜੇ ਤਕ ਸਦਮੇ ਵਿਚੋਂ ਨਹੀਂ ਉਭਰ ਸਕਿਆ।

ਜੱਜ ਨੇ ਦੋਵਾਂ ਧਿਰਾਂ ਦੇ ਪੱਖਾਂ ਨੂੰ ਧਿਆਨ ਨਾਲ ਸੁਣਿਆ ਤੇ ਕੇਸ ਦੀ ਅਗਲੀ ਸੁਣਵਾਈ ਲਈ 16 ਅਪਰੈਲ ਤੈਅ ਕਰ ਦਿੱਤੀ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂ ਇੰਜੀਨੀਅਰ ਮਲਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਨੇ ਕਿਹਾ ਕਿ ਸਰਕਾਰੀ ਧਿਰ ਨੂੰ ਪੀੜਤਾਂ ਤੋਂ ਫਜ਼ੂਲ ਦੇ ਸਵਾਲ ਪੁੱਛ ਕੇ ਉਲਝਾਉਣਾ ਨਹੀਂ ਚਾਹੀਦਾ ਤੇ ਪਹਿਲਾਂ ਹੀ ਇਨਸਾਫ ਮਿਲਣ ਵਿਚ ਬਹੁਤ ਦੇਰ ਹੋ ਚੁੱਕੀ ਹੈ ਤੇ ਜਲਦੀ ਇਨਸਾਫ ਦੇਣਾ ਚਾਹੀਦਾ ਹੈ।

## ਚੁਰਾਸੀ ਕਤਲੇਆਮ ਕੇਸ ਵਿਚ ਚਾਰ ਦੋਸ਼ੀਆਂ ਦੀ ਉਮਰ ਕੈਦ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਦਿੱਲੀ ਛਾਉਣੀ ਖੇਤਰ ਵਿਚ ਦੋ ਸਿੱਖਾਂ ਦੀ ਹੱਤਿਆ ਕਰਨ ਦੇ ਦੋਸ਼ੀਆਂ ਲਾਲ ਬਹਾਦਰ ਤੇ ਤਿੰਨ ਹੋਰਾਂ ਨੂੰ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖੀ ਹੈ। ਸੈਸ਼ਨ ਅਦਾਲਤ ਨੇ ਸਬੂਤਾਂ ਦੀ ਘਾਟ ਦੇ ਆਧਾਰ 'ਤੇ ਇਨ੍ਹਾਂ ਨੂੰ 31 ਅਕਤੂਬਰ, 1990 ਨੂੰ ਬਰੀ ਕਰ ਦਿੱਤਾ ਸੀ ਪਰ ਦਿੱਲੀ ਹਾਈ ਕੋਰਟ ਨੇ ਸੈਸ਼ਨ ਅਦਾਲਤ ਦਾ ਫੈਸਲਾ ਰੱਦ ਕਰਦਿਆਂ ਇਨ੍ਹਾਂ ਨੂੰ 27 ਅਗਸਤ, 2008 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਜਸਟਿਸ ਪੀ. ਸਤਸ਼ਿਵਮ ਤੇ ਐਮ.ਵਾਈ. ਇਕਬਾਲ 'ਤੇ ਆਧਾਰਤ ਸੁਪਰੀਮ ਕੋਰਟ ਦੇ ਬੈਂਚ ਨੇ ਹਾਈ ਕੋਰਟ ਦੇ ਫੈਸਲੇ ਉਪਰ ਮੋਹਰ ਲਾ ਦਿੱਤੀ।

ਚੌਹਾਂ ਦੋਸ਼ੀਆਂ ਖਿਲਾਫ ਹਰਜੀਤ ਕੌਰ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਗਿਆ ਸੀ। ਸ਼ਿਕਾਇਤ ਵਿਚ ਹਰਜੀਤ ਕੌਰ ਨੇ ਕਿਹਾ ਸੀ ਕਿ ਉਸ ਦੇ ਪਤੀ ਤੇ ਸਹੁਰੇ ਨੂੰ ਉਸ ਦੀਆਂ ਅੱਖਾਂ ਸਾਹਮਣੇ ਚਾਰੋਂ ਦੋਸ਼ੀਆਂ ਨੇ ਜ਼ਿੰਦਾ ਜਲਾ ਦਿੱਤਾ ਸੀ। ਹਾਈ ਕੋਰਟ ਨੇ ਸੈਸ਼ਨ ਕੋਰਟ ਦਾ ਫੈਸਲਾ ਉਲਟਾਉਂਦਿਆਂ ਇਹ ਫੈਸਲਾ ਦਿੱਤਾ ਸੀ ਕਿ ਅਜਿਹੇ ਘਿਨਾਉਣੇ ਕੇਸਾਂ ਵਿਚ ਸ਼ਿਕਾਇਤ ਦਰਜ ਕਰਵਾਉਣ ਵਿਚ ਦੇਰੀ ਜਾਂ ਗਵਾਹੀਆਂ ਦਰਜ ਕਰਵਾਉਣ ਵਿਚ ਢਿੱਲ-ਮੱਠ ਜਾਂ ਜੱਕੋ-ਤੱਕੀ ਦਾ ਲਾਭ ਮੁਲਜ਼ਮਾਂ ਨੂੰ ਨਹੀਂ ਮਿਲਣਾ ਚਾਹ ਸੁਪਰੀਮ ਕੋਰਟ ਨੇ ਸਿਰਫ ਆਪਣੇ ਫੈਸਲੇ ਦਾ ਮੁੱਖ ਅੰਸ਼ ਹੀ ਪੜ੍ਹਿਆ। ਫੈਸਲੇ ਦੇ ਹੋਰ ਵੇਰਵੇ ਦੇਰ ਸ਼ਾਮ ਤਕ ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਨਹੀਂਪਾਏ ਗਏ ਸਨ।

# ਸੁਪਰੀਮ ਕੋਰਟ ਵੱਲੋਂ ਪੰਜਾਬ ਪੁਲਿਸ ਦੀ ਫਿਰ ਝਾੜਝੰਬ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਤਰਨ ਤਾਰਨ ਦੇ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਲੰਘੀ ਤਿੰਨ ਮਾਰਚ ਨੂੰ ਅਨੁਸੂਚਿਤ ਜਾਤੀ ਦੀ ਮੁਟਿਆਰ ਨਾਲ ਮਾਰਕੁੱਟ ਕੇ ਮਾਮਲੇ ਵਿਚ ਪੁਲਿਸ ਕਰਮੀਆਂ ਨੂੰ ਕਲੀਨ ਚਿੱਟ ਦੇਣ ਵਾਲੀ ਦਿੱਤੀ ਰਿਪੋਰਟ ਰੱਦ ਕਰ ਦਿੱਤੀ ਹੈ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਪੀੜਤ ਲੜਕੀ ਤੇ ਉਸ ਦੇ ਪਰਿਵਾਰ ਨੂੰ ਸੁਰੱਖਿਆ ਮੁਹੱਈਆ ਕਰਾਉਣ ਦੀ ਹਦਾਇਤ ਕੀਤੀ ਹੈ। ਜਸਟਿਸ ਜੀ.ਐਸ. ਸਿੰਘਵੀ ਤੇ ਕੁਰੀਅਨ ਜੋਸਫ ਦੇ ਬੈਂਚ ਨੇ ਘਟਨਾ ਦੀ ਸੀਬੀਆਈ ਜਾਂਚ ਕਰਾਉਣ ਲਈ ਪਾਈ ਗਈ ਅਪੀਲ 'ਤੇ ਸੁਣਵਾਈ ਕਰਦਿਆਂ ਕਿਹਾ ਕਿ ਜ਼ਿਲ੍ਹਾ ਮੈਜਿਸਟ੍ਰੇਟ ਦੀ ਰਿਪੋਰਟ ਗੁੰਮਰਾਹਕੁਨ ਹੈ।

ਤਕਰੀਬਨ ਇਕ ਘੰਟੇ ਦੀ ਜ਼ਿਰ੍ਹਾ ਦੌਰਾਨ ਬੈਂਚ ਨੇ ਜ਼ਿਲ੍ਹਾ ਮੈਜਿਸਟ੍ਰੇਟ (ਡੀਸੀ) ਨੂੰ ਮੁਅੱਤਲ ਕਰਨ, ਪੰਜਾਬ ਸਰਕਾਰ 'ਤੇ ਭਾਰੀ ਜੁਰਮਾਨਾ ਕਰਨ ਤੇ ਰਾਜ ਦੇ ਪੁਲਿਸ ਮੁਖੀ ਨੂੰ ਤਲਬ ਕਰਨ ਦੇ ਸਖ਼ਤ ਲਫ਼ਜ਼ ਵਰਤਦਿਆਂ ਸਮੁੱਚੇ ਮਾਮਲੇ ਵਿਚ ਰਾਜ ਸਰਕਾਰ ਦੀ ਭੂਮਿਕਾ 'ਤੇ ਕਿੰਤੂ ਕੀਤਾ ਪਰ ਇਨ੍ਹਾਂ ਟਿੱਪਣੀਆਂ ਨੂੰ ਆਪਣੇ ਹੁਕਮ ਦਾ ਹਿੱਸਾ ਨਹੀਂ ਬਣਾਇਆ। ਬੈਂਚ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕੋਈ ਦਰੁਸਤ ਕਦਮ ਨਹੀਂ ਚੁੱਕਿਆ ਤੇ ਪੁਲਿਸ ਵਧੀਕੀਆਂ ਦੇ ਪੀੜਤਾਂ ਨੂੰ ਰਾਹਤ ਦੇਣ ਦਾ ਕੋਈ ਤਰੱਦਦ ਨਹੀਂ ਕੀਤਾ।

ਰਾਜ ਸਰਕਾਰ ਨੇ ਕਿਹਾ ਕਿ ਕੇਂਦਰੀ ਸਨਅਤੀ ਸੁਰੱਖਿਆ ਬਲ (ਸੀਆਈਐਸਐਫ) ਵੱਲੋਂ ਪਹਿਲਾਂ ਹੀ ਪੀੜਤਾਂ ਨੂੰ ਸੁਰੱਖਿਆ ਦਿੱਤੀ ਜਾ ਰਹੀ ਹੈ। ਅਦਾਲਤੀ ਵਕੀਲ ਵਜੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਹਰੀਸ਼ ਸਾਲਵੇ ਨੇ ਸੀਬੀਆਈ ਜਾਂਚ ਦੀ ਮੰਗ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਲੜਕੀ ਨੂੰ ਤੰਗ ਕਰਨ ਵਾਲੇ ਪੁਲਿਸ ਕਰਮੀਆਂ ਤੇ ਟਰੱਕ ਚਾਲਕ ਖ਼ਿਲਾਫ਼ ਕੋਈ ਕਾਰਵਾਈ ਕਰਨ ਦੀ ਬਜਾਏ ਪੁਲਿਸ ਪੀੜਤ ਖ਼ਿਲਾਫ਼ ਹੀ ਕਾਰਵਾਈ ਕਰ ਰਹੀ ਹੈ।

ਸ੍ਰੀ ਸਾਲਵੇ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਕ ਮੈਜਿਸਟ੍ਰੇਟ ਸੁਪਰੀਮ ਕੋਰਟ ਨੂੰ ਦੱਸ ਰਿਹਾ ਹੈ ਕਿ ਪੁਲਿਸ ਨੂੰ ਅਮਨ ਕਾਨੂੰਨ ਕਾਇਮ ਰੱਖਣ ਲਈ ਇਕ ਲੜਕੀ ਤੇ ਉਸ ਦੇ ਪਿਤਾ ਉਪਰ ਲਾਠੀਚਾਰਜ ਕਰਨਾ ਪਿਆ ਸੀ। ਜ਼ਖ਼ਮਾਂ 'ਤੇ ਲੂਣ ਛਿੜਕਦਿਆਂ ਪੁਲਿਸ ਨੇ ਲੜਕੀ ਦੇ ਪਿਤਾ ਵੱਲੋਂ ਲਿਖਿਆ ਮੁਆਫੀਨਾਮਾ ਵੀ ਅਦਾਲਤ ਸਾਹਮਣੇ ਪੇਸ਼ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੀੜਤਾਂ ਨੂੰ ਧਮਕਾਉਣ ਦੀ ਬਜਾਏ ਪੁਲਿਸ ਨੂੰ ਐਸਸੀ/ਐਸਟੀ ਅੱਤਿਆਚਾਰ ਰੋਕੂ ਕਾਨੂੰਨ ਅਧੀਨ ਮੁਲਜ਼ਮ ਪੁਲਿਸ ਕਰਮੀਆਂ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਸੀ।

### ਤਰਨ ਤਾਰਨ ਕਾਂਡ ਬਾਰੇ ਜਾਂਚ ਰਿਪੋਰਟ ਮੁੱਢੋਂ ਰੱਦ



ਬੈਂਚ ਨੇ ਕਿਹਾ ਕਿ ਜ਼ਾਹਰ ਹੈ ਕਿ ਸੁਪਰੀਮ ਕੋਰਟ ਵੱਲੋਂ ਨੋਟਿਸ ਲੈਣ ਤੋਂ ਬਾਅਦ ਰਾਜ ਸਰਕਾਰ ਨੇ ਮੈਜਿਸਟ੍ਰੇਟੀ ਜਾਂਚ ਦਾ ਹੁਕਮ ਦਿੱਤਾ ਸੀ ਪਰ ਰਾਜ ਸਰਕਾਰ ਦੀ ਤਰਫੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਸਿਧਾਰਥ ਲੂਥਰਾ ਨੇ ਕਿਹਾ ਕਿ ਇਹ ਸਹੀ ਨਹੀਂ ਹੈ। ਇਸ 'ਤੇ ਬੈਂਚ ਨੇ ਕਿਹਾ ਕਿ ਆਪਣੇ ਮਨੋਰਥ ਲਈ ਅਫਸਰਾਂ ਨੇ ਰਿਕਾਰਡ ਦੀ ਵੀ ਭੰਨਤੋੜ ਕਰ ਲਈ ਹੋਵੇਗੀ। ਸ੍ਰੀ ਲੂਥਰਾ ਨੇ ਸਫਾਈ ਦਿੱਤੀ ਕਿ ਹੱਥੋਪਾਈ ਦੌਰਾਨ ਕਿਸੇ ਪੁਲਿਸ ਕਰਮੀ ਦੀ ਪੱਗ ਲੱਥੇ ਜਾਣ ਕਾਰਨ ਲਾਠੀਚਾਰਜ ਕਰਨਾ ਪਿਆ ਸੀ। ਬੈਂਚ ਨੇ ਜਾਨਣਾ ਚਾਹਿਆ ਕਿ ਕੀ ਇਸ ਬਾਰੇ ਕੋਈ ਐਫਆਈਆਰ ਦਰਜ ਕੀਤੀ ਗਈ ਸੀ। ਬੈਂਚ ਨੇ ਇਹ ਵੀ ਪੁੱਛਿਆ ਕਿ ਕੀ ਲੜਕੀ ਜਾਂ ਉਸ ਦੇ ਪਿਤਾ ਕੋਲ ਕੋਈ ਹਥਿਆਰ ਸੀ।

ਬੈਂਚ ਨੇ ਪੁੱਛਿਆ ਕਿ ਵਾਹਨ ਚਾਲਕ ਨੂੰ ਲੜਕੀ ਤੇ ਉਸ ਦੇ ਪਿਓ ਨੇ ਕਿਹੋ ਜਿਹੀਆਂ ਸੱਟਾਂ ਮਾਰੀਆਂ ਸਨ। ਸ੍ਰੀ ਲੂਥਰਾ ਨੇ ਕਿਹਾ ਕਿ ਵਾਹਨ ਚਾਲਕ ਫਰਾਰ ਹੈ ਜਿਸ 'ਤੇ ਬੈਂਚ ਨੇ ਕਿਹਾ ਕਿ ਇਸ ਤੋਂ ਨਜ਼ਰ ਆ ਰਿਹਾ ਹੈ ਕਿ ਪੰਜਾਬ ਪੁਲਿਸ ਕਿੰਨੀ ਕੁ ਯੋਗ ਹੈ। ਬੈਂਚ ਨੇ ਲੜਕੀ ਦੀ ਮਾਰਕੁੱਟ ਤੋਂ ਦੂਜੇ ਦਿਨ ਹੀ ਪੰਜਾਬ ਪੁਲਿਸ ਦੇ ਮੁਖੀ ਵੱਲੋਂ ਟੈਲੀਵਿਜ਼ਨ 'ਤੇ ਪੁਲਿਸ ਜ਼ਿਆਦਤੀ ਨੂੰ ਸਹੀ ਠਹਿਰਾਉਣ 'ਤੇ ਵੀ ਕਿੰਤੂ ਕੀਤਾ। ਸ੍ਰੀ ਸਾਲਵੇ ਨੇ ਕਿਹਾ ਕਿ ਉਨ੍ਹਾਂ ਦੇ ਕਈ ਦਹਾਕਿਆਂ ਦੇ ਕਾਨੂੰਨੀ ਪੇਸ਼ੇ ਦੌਰਾਨ ਇਸ ਤਰ੍ਹਾਂ ਦੀ ਦਿਲਕੰਬਾਊ ਘਟਨਾ ਪਹਿਲੀ ਵਾਰ ਦੇਖਣ ਨੂੰ ਮਿਲੀ ਹੈ। ਜ਼ਿਰ੍ਹਾ ਦੌਰਾਨ ਬੈਂਚ ਨੇ ਸਪੱਸ਼ਟ ਕੀਤਾ ਕਿ ਪੁਲਿਸ ਤੇ ਸਰਕਾਰ ਨੂੰ ਆਪਣੇ ਬਚਾਅ ਲਈ ਵੀਡੀਓ ਰਿਕਾਰਡ ਪੇਸ਼ ਕਰਨਾ ਪਵੇਗਾ।

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਬਾਬੇ ਵੀ ਹੁਣ ਗੋਲ ਮਸ਼ਕਰੀਆਂ ਨਹੀਂ ਕਰਦੇ ਨਾ...

*ਕਈਆਂ ਨੇ ਪ੍ਰੇਮ ਵਿਆਹ ਤਾਂ ਬੜੇ ਚਾਅ ਨਾਲ ਕਰਵਾਏ ਸਨ, ਪਰ ਬਾਪ ਬਣੇ ਤਾਂ ਧੀ ਨੂੰ ਮੂੰਹ ਭਰ ਕੇ ਇਹ ਨਹੀਂ ਕਹਿ ਸਕੇ ਕਿ ਪੁੱਤ ਅਜਿਹੇ ਕੰਮਾਂ ਦੇ ਨਤੀਜੇ ਬਹੁਤੇ ਚੰਗੇ ਨਹੀਂ ਨਿਕਲਦੇ ਹੁੰਦੇ; ਤੇ ਜਿਨ੍ਹਾਂ ਪ੍ਰੇਮੀ ਜੋੜਿਆਂ ਨੇ ਮਾਂ-ਬਾਪ ਬਣਨ ਤੋਂ ਪਹਿਲਾਂ ਹੀ ਅਦਾਲਤ ਦੇ ਦਰਵਾਜ਼ੇ ਨਾਲ ਮੱਥਾ ਭਨਾ ਲਿਆ, ਉਨ੍ਹਾਂ ਦੇ ਮਨ ਵਿਚ ਇਹ ਵਹਿਮ ਘਰ ਕਰ ਗਿਆ ਕਿ "ਲਵ ਮੈਰਿਜ' ਦਹਿਸ਼ਤ ਦਾ ਆਂਗਣ ਨਹੀਂ, ਪਛਵਾੜ ਹੁੰਦੀ ਹੈ। ਇਨ੍ਹਾਂ ਨੇ ਦੁਬਾਰਾ ਉਦਾਸ ਹੋਣ ਨਾਲੋਂ ਪ੍ਰੇਮ ਪੱਤਰ ਪੜ੍ਹਨ ਦੀ ਥਾਂ ਪਾੜ ਹੀ ਸੁੱਟੇ। ਜਿਹੜੇ ਇਹ ਸੋਚ ਕੇ ਖਜੂਰ 'ਤੇ ਚੜ੍ਹੇ ਸਨ ਕਿ ਉਹ ਅਸਮਾਨ ਨੂੰ ਹੱਥ ਲਾ ਆਉਣਗੇ, ਉਹ ਭਰਮ ਵਿਚ ਹੀ ਰਹਿ ਗਏ। ਜੇ ਇੱਦਾਂ ਹੋ ਸਕਦਾ ਹੁੰਦਾ ਤਾਂ ਆਸ਼ਕਾਂ ਦੇ ਆਸਮਾਨੋਂ ਤਾਰੇ ਤੋੜਨ ਦੀਆਂ ਘਟਨਾਵਾਂ ਭਾਵੇਂ ਸੱਚ ਨਹੀਂ ਹੋਈਆਂ, ਪਰ ਬਾਂਦਰਾਂ ਨੇ ਇਹ ਕੰਮ ਦਿਨ-ਰਾਤ ਵਿਚ ਕਈ ਕਈ ਵਾਰ ਕਰਿਆ ਕਰਨਾ ਸੀ। ਕਈ ਤਰਖਾਣਾਂ ਨੇ ਰੰਦਾ ਫੇਰਦਿਆਂ ਲੱਕੜ ਤਾਂ ਸਿੱਧੀ ਤੇ ਸਾਫ਼ ਕਰ ਲਈ, ਪਰ ਬਲੇਡ ਵਿੰਗਾ ਕਰ ਲਿਆ। ਦੁੱਖਾਂ ਦੇ ਸਤਾਏ ਕੁਝ ਲੋਕ ਸ਼ਮਸ਼ਾਨਘਾਟ 'ਤੇ ਰੋਣ ਤਾਂ ਮੁਰਦਿਆਂ ਦੇ ਗਲ ਲੱਗ ਕੇ ਗਏ ਸਨ, ਪਰ ਜਦੋਂ ਚੁੱਪ ਨੇ ਹੁੰਗਾਰਾ ਨਾ ਭਰਿਆ, ਤਾਂ ਕਸਰਾਂ ਹੀ ਨਾਲ ਚੁੱਕ ਲਿਆਉਣ ਦੀ ਗ਼ਲਤੀ ਕਰ ਬੈਠੇ। ਮਾਂ ਤੇ ਧੀ ਦੇ ਪਰਦੇ ਦੀ ਕਹਾਵਤ ਜਦੋਂ ਦੀ ਖ਼ਤਮ ਕਰ ਕੇ ਧੀਆਂ ਉਹਲੇ ਰੱਖਣ ਲੱਗ ਪਈਆਂ ਤਾਂ ਮਾਂ ਉਤੇ ਵੀ ਪ੍ਰੇਮੀ ਰੱਖਣ ਦੇ ਉਲਾਂਭੇ ਦਾ ਤੀਰ ਆਰ-ਪਾਰ ਹੋ ਗਿਆ ਹੈ। ਲੀਡਰਾਂ ਨੇ ਬਹਿਸ ਦਾ ਸੁਆਦ ਲਿਆ ਹੈ ਪਰ ਸਿਆਣੇ ਵਕੀਲਾਂ ਦੀ ਬਹਿਸ ਨੇ ਕਈ ਜੱਜਾਂ ਨੂੰ ਗੁੰਝਲਦਾਰ ਮੁਕੱਦਮਿਆਂ ਦੇ ਫੈਸਲੇ ਸੁਣਾ ਉਨ੍ਹਾਂ ਨੂੰ "ਇਨਸਾਫ਼ ਦੀ ਤੱਕੜੀ" ਸਿੱਧੀ ਰੱਖਣ ਦਾ ਗੁਰ ਦਿੱਤਾ ਹੈ। ਉਂਜ, ਬਹਿਸ ਨੂੰ ਮੂਰਖਾਂ ਤੇ ਵਿਹਲੜਾਂ ਦੀ ਬਿਨਾਂ ਹਥਿਆਰਾਂ ਵਾਲੀ ਲੜਾਈ ਮੰਨਿਆ ਜਾਂਦਾ ਹੈ। ਜਦੋਂ ਦਾ ਘੁੰਡ ਚੁੱਕਿਆ ਗਿਆ ਹੈ, ਲੋਕ ਸਮਝ ਗਏ ਨੇ, ਲਿਪਸਟਿਕ ਤੇ ਬਿੰਦੀਆਂ ਚਿਹਰੇ ਦੇ ਕੰਮ ਆਉਂਦੀਆਂ ਨੇ, ਸ਼ਿੰਗਾਰ ਦੇ ਨਹੀਂ। ਐਨਕਾਂ ਨੂੰ ਨਿਗ੍ਹਾ ਲਈ ਹੀ ਵਰਤਣਾ ਚਾਹੀਦਾ ਹੈ; ਜਿਸ ਦਿਨ ਨਜ਼ਰ ਲਈ ਵਰਤੀਆਂ, ਅਕਲ ਨੂੰ ਸਿਖ਼ਰ ਦੁਪਹਿਰੇ ਡਾਕਾ ਪਵੇਗਾ। ਜਿਨ੍ਹਾਂ ਨੂੰ ਬਾਤ ਵਿਚ ਦਿਲਚਸਪੀ ਨਹੀਂ ਹੁੰਦੀ, ਉਹ ਬਾਤ ਮੁੱਕ ਜਾਣ 'ਤੇ ਵੀ ਹੁੰਗਾਰਾ ਭਰੀ ਜਾਂਦੇ ਹਨ। ਮਰਦ, ਪਤੀ ਬਣਨ ਨਾਲੋਂ ਪਰਮੇਸ਼ਰ ਬਣਨ ਦੀ ਕਾਹਲ ਵਿਚ ਹੈ। ਇਸੇ ਲਈ ਪਤਨੀ ਸੋਚਦੀ ਐ-ਛੱਡੋ ਪਰੇ ਇਹਨੂੰ ਕੀ "ਜੀ" ਕਹਿਣਾ, ਪਰ ਇਨ੍ਹਾਂ ਗੱਲਾਂ ਦੀ ਆਓ ਭਗਤ ਜ਼ਰੂਰ ਕਰੀਏ।*

"ਓ ਨੱਛਤਰਾ! ਸਾਲਿਆ ਮਸਾਂ ਈ ਸਕਾਈਲੈਬ ਵਾਂਗੂੰ ਡਿਗਿਐਂ। ਧੰਨੋ ਕਹੀ ਜਾਂਦੀ ਸੀ-ਅੱਜ ਆਉਣਾ, ਕੱਲ੍ਹ ਆਉਣਾ। ਉਹ ਵੀ ਦਿਹਾੜੀ ਵਿਚ ਦੋ-ਤਿੰਨ ਵਾਰ ਨਾਉਂਦੀ ਤਿਗੀ, ਜਿੱਦਾਂ ਕਿਤੇ ਧਰਮਿੰਦਰ ਨੇ ਆਉਣਾ ਹੁੰਦੈ?...ਚੱਲ ਸਾਲੇ ਦੀ ਕਿੱਦਾਂ ਬੰਦਿਆਂ ਵਿਚ ਆਸਣ ਲਈ ਬੈਠੀ ਐ।" ਜਾਗਰ ਨੇ ਪੱਗ ਦੇ ਲੜ ਨਾਲ ਗਰਮੀ ਪੂੰਝਦਿਆਂ ਕੁੱਤੀ ਵੀ ਦਬਕਾ'ਤੀ, ਤੇ ਨਾਲ ਲਾ'ਤਾ ਅਮਰੀਕਾ ਤੋਂ ਨਵੇਂ-ਨਵੇਂ ਆਏ ਨਛੱਤਰ 'ਤੇ ਤਵਾ।

"ਸ਼ਰਮ ਤਾਂ ਨਹੀਂ ਆਉਂਦੀ ਹੋਣੀ। ਕਿਸੇ ਨੂੰ ਬਾਹਰੋਂ ਆਉਂਦੇ ਨੂੰ 'ਜੀ ਆਇਆਂ' ਤਾਂ ਕੀ ਕਹਿਣੈ, ਜੁੱਤੀ ਝਾੜ ਕੇ ਪਾਉਣ ਲੱਗ ਪਿਐਂ। ਲਿਆ ਖੁਆ ਜੇ ਮਾਸਾ ਕੁ ਹੈ ਤੇਰੇ ਕੋਲ।"

"ਦੁਰਫ਼ਿਟੇ ਮੂੰਹ ਤੇਰੇ, ਥਾਣਿਓਂ ਆ ਕੇ ਭੇਡ ਨ੍ਹੀਂ ਰਲਦੀ ਬਾਕੀਆਂ ਵਿਚ, ਤੇ ਤੂੰ 'ਮਰੀਕਾ ਜਾ ਕੇ ਵੀ ਮਰਾਸੀਆਂ ਵਾਂਙੂ ਵਾਜਾ ਵੀ ਉਹੀ ਤੇ ਸਹੁਰੀ ਦਾ ਰਾਗ ਵੀ ਉਹੀ। ਤੇਰੀ ਗੱਲ ਤਾਂ ਉਹੀ ਹੋਈ ਕਿ ਕੁੱਤਾ ਖੀਰ ਖਾਂਦਾ-ਖਾਂਦਾ ਫ਼ਿਰ ਗੰਦ ਵਿਚ ਡਿੱਗ ਪਿਆ। ਸਾਡੇ ਲਈ ਤਾਂ ਤੈਨੂੰ ਬਾਹਰੋਂ ਲੈ ਕੇ ਆਉਣੀ ਚਾਹੀਦੀ ਤੀ, ਕਿਹੜੀ ਸਾਲੀ ਜੈਨੀ ਵਾਕਰ-ਵੂਕਰ ਆਂਹਦੇ ਆ ਤੇ ਤੂੰ...।"

"ਜਾਗਰਾ ਜਿਹੜੀ ਨਾਗਣੀ ਡੰਗ ਮਾਰਦੀ ਐ ਕੰਜਰ ਦਿਆ, ਉਹ ਲਾਲ ਪਰੀ ਨੱਚ ਕੇ ਵੀ ਸੁਆਦ ਨ੍ਹੀਂ ਦਿੰਦੀ।"

"ਐਵੇ ਫ਼ਿਰ ਕੰਜਰ ਦਿਆ ਸਿਰ 'ਤੇ ਚੁੱਕੀ ਫ਼ਿਰਦੈਂ ਅਮਰੀਕਾ-ਅਮਰੂਕਾ। ਮੁੰਡੇ ਨੇ ਜੇ ਚਾਰ ਦਿਨ ਸੱਦ ਲਿਆ ਤਾਂ ਧੋਤੀ ਲਾਹ ਕੇ ਪੈਂਟ ਪਾ ਲਈ। ਬੱਕਰੀ ਸ਼ੇਰ ਨਾਲ ਫੋਟੋ ਖਚਾ ਕੇ ਸਰਦਾਰਨੀ ਨਹੀਂ ਬਣ ਜਾਂਦੀ। ਲੈ ਆ ਗਿਆ ਮਾਹਟਰ ਕੁੰਦਨ ਲਾਲ ਇਹਨੂੰ ਪੁੱਛ ਲੈ।"

"ਮਾਹਟਰਾ, ਲੈ ਵੇਖ ਲੈ ਫੇਰ ਬਹਿ ਗਿਆ ਬੋਤਾ ਰੇਲ 'ਤੇ। ਪਾ'ਤੀ ਉਹੀ ਸਵੈਟਰ 'ਤੇ ਬੁਣਤੀ। ਚੁਣ ਲਏ ਫੇਰ ਪੇ-ਪੁੱਤ। ਭੋਰਾ ਸਾਡੀ ਵੇਟ ਈ ਕਰ ਲੈਂਦੇ।" ਬੋਹੜ ਥੱਲੇ ਭਰਦੀ ਸੱਥ ਵਿਚ ਨਛੱਤਰ ਨੇ ਹਾਲੇ ਸੁਆਲ ਈ ਕੀਤਾ ਸੀ ਮਾਹਟਰ ਨੂੰ, ਪਰ ਜਾਗਰ ਫ਼ੇਰ ਪੈ ਗਿਆ ਵਿਚਾਲਿਓਂ ਜਿਵੇਂ ਗਿੱਦੜ ਨੇ ਮੱਕੀ ਵਾਹਣ ਪਾ'ਤਾ ਹੁੰਦਾ।

"ਹੈਂ, ਕਿੱਦਾਂ ਫਿੱਟ ਗਿਆ 'ਮਰੀਕਾ ਜਾ ਕੇ। ਗੱਲ ਈ ਨ੍ਹੀਂ ਭੁੰਜੇ ਪੈਣ ਦਿੰਦਾ। ਇਹਨੇ ਵਿਗੜੇ ਅਮਲੀ ਨੇ ਜਿੱਦਾਂ ਕਿਤੇ ਚੀਨ ਆਲੀ ਵੋਟ ਪਾਉਣੀ ਤਿਗੀ; ਪਈ ਉਹ ਨ੍ਹੀਂ ਪਈ ਤਾਂ ਮਹਾਰਾਜਾ ਹਾਰ ਗਿਐ।"

"ਚੱਲ ਨਛੱਤਰਾ, ਤੇਰਾ ਵੀ ਲੈਨੇ ਆਂ ਇਮਤਿਹਾਨ। ਤੂੰ ਉਥੋਂ ਹੁਣੇ ਆਇਆਂ...ਚੱਲ ਆਏਂ ਦੱਸ, ਪਈ 'ਮਰੀਕਾ ਦਾ ਰਾਸ਼ਟਰਪਤੀ ਕੌਣ ਐ ਹੁਣ?"

"ਮਾਹਟਰਾ ਵੇਖ ਲੈ, ਆਏਂ ਮੂੰਹ ਬਣਾਉਂਦਾ ਜਿੱਦਾਂ ਵੇਲ ਤੋਰੀ ਵਿਚਾਲਿਓਂ ਟੁੱਟੀ ਹੋਵੇ। ਬੂਥਾ ਈ ਜੇ ਕੌੜ ਗੰਦਲ ਵਰਗੈ ਤਾਂ ਸਵਾਲ ਈ ਚੱਜ ਦਾ ਕਰ ਲੈ। ਆਏਂ ਪੁੱਛਿਆ ਬਈ ਮੈਂ ਜਿੱਦਾਂ ਬੁੱਧੂ ਹੁੰਨੈ।...ਬੁਸ਼ ਐ ਹੁਣ, ਤੈਂ ਉਹਦੇ ਨਾਲ ਮਿਲਣੀ ਕਰਨੀ ਆਂ।"

ਮਾਹਟਰ ਨੇ ਤਾਂ ਮਾਰੀ ਹੱਸਦੇ ਥੁੱਕ ਦੀ ਪਿਚਕਾਰੀ ਤੇ ਭਰ'ਤਾ ਜਾਗਰ ਦਾ ਮੂੰਹ ਜਿਵੇਂ ਵਟਣਾ ਲੱਗਣਾ ਹੁੰਦੈ, ਪਰ ਮੂੰਹ ਸਾਫ਼ੇ ਨਾਲ ਪੂੰਝਦਿਆਂ ਜਾਗਰ ਨੇ ਬੜੀ ਹੈਰਾਨੀ ਨਾਲ ਮਾਹਟਰ ਵੱਲ ਵੇਖ ਕੇ ਕਿਹਾ, "ਭਲਾ ਨਾਲੇ ਆਂਹਦੇ ਤੀ ਹੁਣ ਓਬਾਮਾ ਆਂ? ਕਿਉਂ ਬਈ ਨਛੱਤਰਾ?"

"ਕੀ ਪਤਾ ਲਗਦੈ ਉਥੇ। ਨਾਲੇ ਤੈਨੂੰ ਕੀ ਦੱਸੀਏ...ਸਹੁਰੀ ਦਾ ਅਮਰੀਕਾ ਕਿਤੇ ਛੋਟਾ। ਮੈਥੋਂ ਬਾਅਦ ਵਿਚ ਬਣਾ'ਤਾ ਹੋਣੈ।"

"ਲੈ ਸੁਣ ਲੈ ਮਾਹਟਰਾ ਜਿੱਦਾਂ ਗਧਾ ਅਦਾਲਤ ਵਿਚ ਲੱਗਣ ਨਾਲ ਜੱਜ ਬਣ ਜਾਂਦੈ, ਐਥੇ ਕੈਪਟਨ ਵੀ ਇਹਦੇ ਬਿਨਾਂ ਹਾਰ ਗਿਆ, ਉਥੇ ਓਬਾਮਾ ਵੀ ਇਹਤੋਂ ਬਾਅਦ ਜਿੱਤ ਗਿਆ। ਚਾਰ ਡਾਲਰਾਂ ਨੇ ਸਾਲੇ ਦੀ ਮੱਤ ਮਾਰ'ਤੀ, ਚੱਕੀਰਾਹੇ ਜਿਹੇ ਦੀ। ਲੱਕੜ ਬੱਗਾ ਜਿਹਾ ਆਏਂ ਗੱਲਾਂ ਕਰਦੈ, ਜਿੱਦਾਂ ਧਰਮ ਰਾਜ ਵੀ ਇਹਦਾ ਫੁੱਫੜ ਹੋਵੇ। ਭਲਾ ਹੁਣ ਡਾਲਰ ਦਾ ਕੀ ਭਾਅ ਚੱਲਦੈ?"

"ਪੰਜਾਹਾਂ ਤੋਂ ਉਪਰ ਈ ਹੋਣੈ।"

"ਤਾਂ ਹੀ ਚੱਬ-ਚੱਬ ਗੱਲਾਂ ਕਰਦਾਂ। ਕੋਈ ਨ੍ਹੀਂ ਚੜ੍ਹਾ ਲੈ ਚਾਰ ਦਿਨ ਨੱਕ। ਜ਼ੁਕਾਮ ਸਾਲੇ ਨੂੰ ਪਹਿਲਾਂ ਨਾਲੋਂ ਵੀ ਮਾੜਾ ਨਾ ਕੀਤਾ ਤਾਂ ਜਾਗਰ ਨਾ ਕਿਹੋ।"

"ਵੇਖ ਮਾਹਟਰਾ ਫੇਰ ਕਹਿਣਾ ਨਛੱਤਰ ਬੋਲਦੈ। ਤਾਲਿਬਾਨੀਆਂ ਤੋਂ ਵੀ ਉਪਰ ਦੀ ਹੋ ਕੇ ਖਹਿੰਦੈ ਅਮਰੀਕਾ ਨਾਲ। ਲੈ ਹੋਰ ਆ ਗਿਆ ਪਿੱਦੀ ਦਾ ਬੱਚਾ ਭਾਗ ਸਿੰਹੁ।"

"ਇਹ ਤਾਂ ਕੰਜਰ ਦਾ ਅੱਜ ਪੂਰਾ ਈ ਟੂੰਨ ਲੱਗਦੈ। ਅੱਧਾ ਤੋਲਾ ਖਾਧੀ ਹੋਊ।" ਜਾਗਰ ਨੇ ਸੂਈ ਜਿਵੇਂ ਚੁੱਕ ਕੇ ਰਿਕਾਰਡ ਦੇ ਦੂਜੇ ਪਾਸੇ ਰੱਖ ਲਈ ਹੋਵੇ।

"ਤਾਇਆ ਕੀ ਹਾਲ ਐ?"

"ਉਚੀ ਬੋਲ। ਹੈਨਾ ਹੌਲੀ ਸੁਣਦਾ ਮੈਨੂੰ।"

"ਸਿਹਤ ਠੀਕ ਐ?"

"ਫ਼ੁਲਬਹਿਰੀ ਨਿਕਲ ਆਈ ਐ ਮੇਰੇ ਕਿਤੇ? ਬੜਾ ਸੋਹਣਾ ਤੇਰੇ ਸਾਹਮਣੇ ਆਂ।"

"ਕੰਨ-ਕੁੰਨ ਸਾਫ਼ ਕਰਾ ਲਿਆ ਹੁਣ। ਸੁੱਖ ਨਾਲ ਭਤੀਜਾ ਅਫ਼ਸਰ ਲੱਗ ਗਿਐ।"

"ਕੰਨ ਮੇਰੇ ਐਂ, ਢਿੱਡ ਥੋਡਾ ਦੁਖਦੈ। ਸਵੇਰੇ ਬਾਹਰਲੇ ਦਰਵਾਜ਼ੇ ਮੂਹਰੇ ਬੈਠੇ ਦੇ ਰਤਨੀ ਕਪਾਲ ਵਿਚ ਮਾਰ'ਗੀ। ਹੁਣ ਜਾਗਰਾ ਤੈਂ ਕੰਨਾਂ ਦਾ ਰੌਲਾ ਪਾ ਲਿਐ।"

"ਉਹਨੇ ਤੇਰੇ ਕਾਹਤੋਂ ਮਾਰੀਆਂ ਵਿਗੜੀ ਤੀਵੀਂ ਨੇ?"

"ਊਂ ਮਾਰ ਕੇ ਮਰਨੈਂ...ਆਹੀ ਗੱਲ ਕਰ'ਗੀ, ਪਈ ਪਹਿਲਾਂ ਭਾਗ ਸਿੰਹਾਂ ਕੰਨਾਂ ਦੀ ਮੈਲ ਕਢਾ। ਕੰਨਾਂ ਵਿਚ ਭਲਾ ਕਿਤੇ ਮੇਰੇ ਕਾਰਖ਼ਾਨੇ ਚਲਦੇ ਆ ਪਈ ਬੰਦ ਪਿਆ ਹੋਊ।"

"ਗੱਲ ਕੀ ਹੋਈ ਤੀ?"

"ਮੈਂ ਤਾਂ ਓਹ ਸਹਿਜ-ਸੁਭਾਅ ਪੁੱਛ ਬੈਠਾ, ਪਈ ਭਾਬੀ ਕੀ ਲੈ ਕੇ ਆਈ ਆਂ? ਪਤਾ ਨ੍ਹੀਂ ਉਹਨੇ ਕੀ ਕਿਹਾ! ਮੈਂ ਤਾਂ ਆਹ ਗੱਲ ਪੁੱਛ ਬੈਠਾ, ਪਈ ਦੋ ਸਿਆੜ ਜ਼ਮੀਨ ਦੇ ਤਿਗੇ, ਉਹ ਮੁਨਸ਼ੀ ਵੇਚ ਵੱਟ ਦੇ ਖ਼ਾ ਗਿਆ। ਤੈਂ ਇਹ ਸੜਾ-ਸਾਨ੍ਹ ਸਿਰ ਵਿਚ ਮਾਰਨੈ? ਲੈ ਬਈ ਪੈ ਗਈ ਬਰੂ ਖਾਧੀ ਮੱਝ ਵਾਂਗ ਚਾਰੇ ਖੁਰ ਚੁੱਕ ਕੇ।"

"ਕੀ ਆਂਹਦੀ?'

"ਕਿਤੇ ਇਕ? ਮੇਰਾ ਤਾਂ ਅਗਲਾ-ਪਿਛਲਾ ਉਹਨੇ ਇਕ ਕਰ'ਤਾ। ਆਂਹਦੀ ਜਿਹੜਾ ਤੇਰਾ ਪੇ ਮਰ ਗਿਆ ਭੁੱਕੀ ਪੀ ਪੀ ਕੇ, ਉਹ ਤੇਰੀ ਮਾਂ ਨੇ ਸਾਨ੍ਹ ਰੱਖਿਆ ਤੀ, ਜਾਂ ਜਿੱਦਣ ਉਹ ਮਰਿਆ, ਤੇਰੀ ਮਾਂ ਸਾਨ੍ਹ ਲੈ ਆਈ ਤੀ। ਬੁੱਢੇ ਵਾਰੇ ਸ਼ਰਮ ਨ੍ਹੀਂ ਆਉਂਦੀ ਤੀਵੀਂ-ਮਾਨੀ ਨੂੰ ਮਸ਼ਕੂਲੇ ਕਰਦੇ ਨੂੰ। ਮੈਂ ਕਹੀ ਜਾਨੀ ਆਂ ਲੰਬੜਾਂ ਦਿਓਂ ਸਾਗ ਲੈ ਕੇ ਆਈ ਆਂ...ਟੁੱਟ ਪੈਣਾ ਸਾਨ੍ਹ ਦੱਸਦੈ...ਸਾਨ੍ਹ ਤਾਂ ਉਨ੍ਹਾਂ ਨੇ ਪੱਠੇ ਢੋਣੇ ਨੂੰ ਰੱਖਿਐ। ਮੈਂ ਸਿਰ 'ਚ ਮਾਰਨੈ। ਇਨ੍ਹਾਂ ਕੰਨਾਂ ਨੇ ਕੰਨ ਕਰਾ'ਤੇ ਉਦਣ।"

"ਭਾਗ ਸਿੰਹਾਂ, ਬੜਾ ਸੋਹਣਾ ਸੁਣਦਾ ਤੀ ਤੈਨੂੰ ਜਿੱਦਣ ਮੈਂ ਅਮਰੀਕਾ ਨੂੰ ਗਿਆ ਤੀ। ਬੋਲਾ ਕਿੱਦਾਂ ਹੋ ਗਿਆ ਫਿਰ?"

"ਹਾਅ ਹੁਣ ਦੱਸਣਾ ਤੀ ਤੂੰ ਮੈਨੂੰ, ਪਈ ਅਮਰੀਕਾ ਤੋਂ ਆਇਆ ਮੈਂ। ਜਾਗਰਾ ਤੈਂ ਦੱਸਿਆ ਨ੍ਹੀਂ ਇਹਨੂੰ ਪਈ ਤੈਂ ਮਰਾਇਆ ਭਾਗ ਸਿੰਘ ਨੂੰ।"

"ਮੈਂ ਤੇਰੇ ਕੀ ਕੰਨਾਂ 'ਚ ਪਾ'ਤਾ ਨੀਲਾ ਥੋਥਾ?"

"ਜਿਹੜੀ ਸਾਲੀ ਲਿੱਦ ਰਲੀ ਆਲੀ ਵੋਟਾਂ 'ਚੋਂ ਬਚਦੀ ਦੇ ਗਿਆ ਤੀ ਤੂੰ, ਉਹ ਫੜਾ'ਤੀ ਮੇਰੀ ਪੁਲਿਸ ਨੂੰ ਹਰਾਮ ਦਿਆਂ ਨੇ।"

"ਉਹ ਕੌਣ ਆ?"

"ਸਾਲੇ ਨੰਦੋ ਦੇ ਵਿਗੜੇ ਟੌਟ। ਜਿੱਤਿਆ ਕੋਈ ਹੋਰ ਐ, ਢੋਲ ਦੇ ਪੁੜ ਇਹ ਪਾੜੀ ਜਾਂਦੇ ਆ। ਥਾਣੇ ਵਿਚ ਕੋਲ ਬਿਠਾ ਕੇ ਕੁਟਾਇਆ ਕੰਜਰ ਦਿਆਂ ਨੇ। ਸਾਲੀ ਭੁੱਕੀ ਹੁੰਦੀ ਤਾਂ ਵੀ ਤੀ, ਲਿੱਦ ਨੂੰ ਈ ਕੁੱਟ ਖਾ ਗਿਆ। ਉਹ ਮਾਰੀਆਂ ਚਪੇੜਾਂ ਕੱਬੇ ਥਾਣੇਦਾਰ ਨੇ, ਦਸ ਦਿਨ ਕੰਨ ਈ ਸੁੱਤੇ ਰਹੇ, ਮਗਰੋਂ ਸੁਣਨੋਂ ਹਟ ਗਿਆ।"

"ਕੇਸ ਤਾਂ ਨ੍ਹੀ ਪਾ'ਤਾ?"

"ਉਹਦਾ ਬਚਾ ਹੋ ਗਿਆ। ਭਤੀਜ ਜੂ ਲੱਗ ਗਿਆ ਤੀ ਅਫ਼ਸਰ।"

"ਅੱਛਾ, ਨੰਜੂ ਦਾ ਮੁੰਡਾ?"

"ਸਿੱਧੀ ਗੱਲ ਨ੍ਹੀਂ ਕਰਦਾ। ਜਦ ਵੀ ਕਰੂ ਚੁੱਭਵੀਂ ਕਰੂ। ਪਈ, ਹੋਰ ਮੇਰੇ ਪੰਜ ਸੱਤ ਭਰਾ ਐ। ਮੈਂ ਛੜਾ ਰਹਿ ਗਿਆ ਤੇ ਭਰਾ ਦੇ ਸਵਾ ਲੱਖ ਐ।"

ਜਾਗਰ ਨੇ ਸਮੇਂ ਦਾ ਰਾਗ ਬਦਲਦਿਆਂ ਪੁੱਛਿਆ, "ਭਲਾ ਭਾਗ ਸਿੰਹਾਂ, ਇਹ ਤੇਰਾ ਭਤੀਜਾ ਕਿੰਨੀਆਂ ਕੁ ਪੜ੍ਹਿਆ ਹੋਊ?"

"ਪੱਚੀ-ਛੱਬੀ ਤਾਂ ਹੋਊ।"

"ਏਨੀਆਂ ਤਾਂ ਜਮਾਤਾਂ ਈ ਨ੍ਹੀਂ ਹੁੰਦੀਆਂ।"

"ਤਸੀਲਦਾਰ ਲੱਗਾ ਰਿਹੈਂ ਤੂੰ। ਇਹ ਪਤਾ ਨ੍ਹੀਂ, ਪਈ ਬੇਰ ਦੀ ਪੂਛ ਕਿੱਧਰ ਨੂੰ ਹੁੰਦੀ ਐ! ਕਿੱਦਾਂ ਮੱਚਦੈ? ਸਾਡਾ ਮੁੰਡਾ ਨ੍ਹੀਂ ਝੱਲ ਹੋਇਆ ਜੇ ਏਨੀਆਂ ਪੜ੍ਹ ਗਿਐ। ਮੂਰਖ ਵੀ ਅੰਦਾਜ਼ਾ ਲਾ ਲਊ, ਪਈ ਜਿਹੜਾ ਬੰਦਾ ਪੱਚੀ-ਛੱਬੀ ਸਾਲ ਕਿਤਾਬਾਂ ਚੁੱਕੀ ਫਿਰਦਾ ਰਿਹਾ, ਉਹ ਏਨੀਆਂ ਕੁ ਤਾਂ ਪੜ੍ਹਿਆ ਹੋਊ।"

ਹਾਲੇ ਗੱਲ ਚਲਦੀ ਈ ਸੀ ਕਿ ਵਿਚੇ ਅਮਲੀ ਫਕੀਰੀਆ ਆ ਵੜਿਆ। ਭਾਗ ਸਿਹੁੰ ਦੀਆਂ ਗੱਲਾਂ ਸੁਣ ਕੇ ਦੱਸਣ ਲੱਗਾ, "ਜਾਗਰਾ, ਰੱਬ ਬੋਲਾ ਜਾਂ ਗੂੰਗਾ ਨਾ ਬਣਾਵੇ। ਕਈ ਵਾਰ ਬੰਦੇ ਨਾਲ ਕੁੱਪਤ ਵੀ ਹੁੰਦੀ ਐ ਤੇ ਕਈ ਵਾਰ ਮਖੌਲ ਵੀ ਉਡਦੈ।"

"ਲੈ ਤੂੰ ਵੀ ਚਲਾ ਲੈ ਫਕੀਰੀਆ ਜੇ ਕੋਈ ਅਰਜਨ ਦਾ ਬਚਿਆ ਬਾਣ ਚਲਦੈ।"

"ਜਾਗਰਾ ਗੱਲ ਬੜੀ ਧਿਆਨ ਨਾਲ ਸੁਣਨ ਵਾਲੀ ਐ...ਡਮਾਕ ਲੜਾਈਂ ਜਰਾ...।"

"ਡਮਾਕ ਤੇਰੇ ਸਿਰ ਵਿਚ ਕਿਤੇ ਦੋ ਆ...ਤੂੰ ਗੱਲ ਕਰ। ਸਿਆਣਾ ਬਣਦਾ ਵੱਡਾ ਜਾਨੀ ਚੋਰ ਦਾ ਫੁੱਫੜ।"

"ਵੱਢਵੀਂ ਨ੍ਹੀਂ ਕਰਨੋਂ ਹਟਦਾ...ਮਾੜੀ ਜਾਤ ਤੇ ਮਾੜੀ ਆਦਤ ਕਿਤੇ ਲੁਕਦੀਆਂ?"

"ਢਕਿਆ ਰਹਿ, ਲੰਡਨ ਆਲੀ ਦੀ ਕੁੱਲ 'ਚੋਂ ਹੁੰਦਾ ਜਿੱਦਾਂ, ਉਚੀ ਬੋਲੀ ਭਾਗ ਸਿਹੁੰ ਵੀ ਸੁਣ ਲਊ।"

"ਲੈ ਬਈ ਜਾਗਰਾ, ਕੇਰਾਂ ਬਲਦੇਵ ਦੀ ਵਹੁਟੀ ਸ਼ਿੰਦੋ, ਭਜਨੇ ਦੀ ਸੀਬੋ ਤੇ ਠਾਕਰ ਦੀ ਕਾਂਤਾ ਪੱਠੇ ਲਈ ਆਉਣ। ਸਿਰਾਂ 'ਤੇ ਪੰਡਾਂ, ਵਿਚਾਰੀ ਸ਼ਿੰਦੋ ਗੂੰਗੀ ਤੀ, ਊਂ ਸੁਣਦਾ ਬਥੇਰਾ ਤੀ। ਗਰਮੀਆਂ ਦੇ ਦਿਨ ਭਾਰੀਆਂ ਪੰਡਾਂ ਨੇ ਇਕ ਤਾਂ ਊਂ ਮੱਤ ਮਾਰੀ ਹੋਈ ਤੀ, ਉਪਰੋਂ ਸਾਹਮਣੇ ਦੇਖ ਕੇ ਸੀਬੋ ਕਹਿਣ ਲੱਗੀ, ਨੀ ਇਹ ਤਾਂ ਉਹ ਤੁਰਿਆ ਆਉਂਦੈ।"

"ਅੱਛਾ! ਫੇਰ?"

"ਦੱਸੂੰਗਾ ਈ, ਮੂੰਹ ਤਾਂ ਬੰਦ ਰੱਖ। ਸੀਬੋ ਚਾਰ ਜਮਾਤਾਂ ਪੜ੍ਹੀ ਹੋਈ ਸੀ। ਉਹ ਸ਼ਿੰਦੋ ਦੇ ਮਗਰੇ ਕਹਿਣ ਲੱਗੀ। ਨੀ ਜੇ ਉਹ ਹੁੰਦਾ ਤਾਂ ਇਹਦੇ ਨਾਲ ਉਹ ਨਾ ਹੁੰਦੇ, ਸ਼ਿੰਦੋ ਫੇਰ ਬੋਲ ਪਈ। ਸਾਹਮਣੇ ਕੋਈ ਬੰਦਾ ਤਾਂ ਦੀਹਦਾ ਨ੍ਹੀਂ, ਇਹ ਕਹਿੰਦੀਆਂ ਕੀਹਨੂੰ ਆ? ਉਹਨੇ ਸੁੱਟੀ ਪੰਡ ਪਰੇ, ਲਾਹ ਲੀਆਂ ਉਨ੍ਹਾਂ ਦੇ ਸਿਰੋਂ ਹੱਥਾਂ ਨਾਲ ਇਸ ਤਰ੍ਹਾਂ ਕਰਕੇ ਪੁੱਛੇ, ਪਹਿਲਾਂ ਗੱਲ ਦੱਸੋ ਕਿਹਦੀਆਂ ਕਰਦੀਆਂ। ਉਹ ਸੋਚੇ ਮੇਰੇ ਘਰ ਵਾਲਾ ਹੁਣੇ ਮਰਿਆ, ਇਹ ਮੈਨੂੰ ਕੁਝ ਲਾ ਕੇ ਕਹਿੰਦੀਆਂ ਨੇ। ਹੋ ਗਈਆਂ ਤਿੰਨੇ ਗੁੱਤੋ-ਗੁੱਤੀ, ਮਸਾਂ ਕਿਤੇ ਛੁਡਾਈਆਂ।"

"ਫਕੀਰੀਆ ਆਹ ਵੀ ਕੋਈ ਗੱਲ ਬਣੀ? ਮਾਜਰਾ ਕੀ ਸੀ? ਮਤਲਬ ਕੀ ਸੀ ਪਈ ਇਹ, ਉਹ ਲਗਦਾ, ਅਖੇ ਜੇ ਉਹ ਹੁੰਦਾ ਤਾਂ ਉਹ ਨਾ ਹੁੰਦੇ ਤੇ ਕਈਆਂ ਦੇ ਹੁੰਦੇ ਆ ਤੇ ਕਈਆਂ ਦੇ ਹੁੰਦੇ ਈ ਨ੍ਹੀਂ! ਸੀ ਤਾਂ ਮੂਹਰੇ ਬਲਦ ਤੁਰਿਆ ਆਉਂਦਾ...।"

"ਫੇਰ, ਨਾਂ ਲੈਣ 'ਚ ਢਿੱਡ ਦੁਖਦਾ ਸੀ?"

"ਸ਼ਿੰਦੋ ਦੇ ਘਰ ਵਾਲੇ ਨੂੰ ਬਲਦੇਵ ਘੱਟ ਆਹੰਦੇ, ਵਿੰਗਾ-ਟੇਢਾ ਜਿਹਾ ਕਰਕੇ ਬਲਦ ਅੱਲ ਸੀ। ਉਹਨੇ ਤਾਂ ਤਾਂ ਕਿਹਾ ਪਈ ਇਹ ਲੱਗਦਾ ਆ, ਉਹਦੇ ਸਿੰਗ ਹੈ ਨ੍ਹੀਂ ਸੀ, ਸੀਬੋ ਨੇ ਤਾਂ ਕਿਹਾ ਪਈ ਜੇ ਉਹ ਹੁੰਦਾ ਤਾਂ ਨਾਲ ਉਹ ਨਾ ਹੁੰਦੇ। ਸ਼ਿੰਦੋ ਨੇ ਫਿਰ ਕਿਹਾ, ਪਈ ਕਈਆਂ ਦੇ ਹੁੰਦੇ ਆ ਤੇ ਕਈਆਂ ਦੇ ਹੁੰਦੇ ਈ ਨ੍ਹੀਂ।"

ਤੇ ਢਾਣੀ ਸੁਣ ਕੇ ਖਰਬੂਜੇ ਵਾਗੂੰ ਖਿੜ ਤਾਂ ਪਈ ਪਰ ਨਾਲ ਈ ਫਕੀਰੀਆ ਕਹਿਣ ਲੱਗਾ, ਪਈ ਕੱਲ੍ਹ ਨੂੰ ਢਾਣੀ 'ਚ ਨਾ ਆਇਓ...।"

"ਕਿਉਂ? ਕੱਲ ਬੰਬ ਫਟਣ ਲੱਗੈ?" ਜਾਗਰ ਭੁੜਕਿਆ।

"ਗੱਲ ਤਾਂ ਸੁਣ ਲਿਆ ਕਰ, ਆਪਣੇ ਭਾਨੇ ਦਾ ਮੁੰਡਾ ਨੀ ਗੰਦ-ਮੰਦ ਜਿਹਾ ਗਾਉਂਦਾ...ਜਿਹੜਾ ਢਾਈ ਫੁੱਟਾ ਜਿਹਾ।"

"ਫੇਰ...?"

"ਉਹਦਾ ਪਿੱਟ ਸਿਆਪਾ ਕਰਨ ਆਉਣਾ ਕੱਲ ਨੂੰ ਬੀਬੀਆਂ ਨੇ।"

"ਉਹ ਤਾਂ ਬਈ ਬਹੁਤ ਲੁੱਚਪੁਣਾ ਖਿਲਾਰਦੈ। ਜਾਗਰ ਕੋਈ ਤੇਰੇ ਕੋਲ ਹੈ ਟੂਣਾ ਜੀਹਦੇ ਨਾਲ ਹਟ ਜੂ। ਬੀਬੀਆਂ ਤੋਂ ਕਿੱਥੇ ਕਾਬੂ ਆਉਣੈ ਇਹ ਵਿਗੜਿਆ ਲੰਗੂਰ।"

ਲੱਗ ਪਿਆ ਜਾਗਰ ਕਥਾ ਕਰਨ। ਆਂਹਦਾ ਕੋਈ ਵਿਗੜਿਆ ਰਾਜਾ ਕੰਜਰੀਆਂ ਨਚਾਉਣ ਦਾ ਸ਼ੌਕੀਨ ਹੋ ਗਿਆ। ਸ਼ਰਾਬ ਵੀ ਰੱਜ ਕੇ ਪੀਵੇ। ਕਿਤੇ ਮਰਾਸੀ ਦੀ ਕੁੜੀ ਦਾ ਆ ਗਿਆ ਵਿਆਹ। ਉਹਨੇ ਸੋਚਿਆ, ਆਹੀ ਵੇਲਾ ਐ ਰਾਜੇ ਦੇ ਘਰੋਂ ਕੁਝ ਮੰਗ ਕੇ ਲਿਆਉਨੇ ਆਂ। ਜਾ ਵੜਿਆ ਮਹਿਲੀਂ। ਖੜਕਾ 'ਤਾ ਬੂਹਾ। ਬਿੰਦ ਕੁ ਪਹਿਲਾਂ ਰਾਜਾ ਰਾਣੀ ਨਾਲ ਲੜ ਕੇ ਘਰੋਂ ਨਿਕਲਿਆ ਸੀ। ਭਰੀ ਪੀਤੀ ਰਾਣੀ ਨੇ ਮਰਾਸੀ ਦੀ ਗੱਲ ਤਾਂ ਧਿਆਨ ਨਾਲ ਸੁਣੀ ਪਰ ਉਹਨੇ ਸੁਆਲ ਪਾ'ਤਾ, ਪਈ ਜੇ ਤੂੰ ਰਾਜੇ ਨੂੰ ਕੰਜਰੀਆਂ ਨਚਾਉਣ ਤੋਂ ਹਟਾ ਦਏਂ ਤਾਂ ਸ਼ਗਨ ਤਾਂ ਕੀ, ਤੇਰੀ ਧੀ ਦੇ ਵਿਆਹ ਦਾ ਸਾਰਾ ਖਰਚ ਮੈਂ ਕਰੂੰ। ਮਰਾਸੀ ਦੇ ਲੱਗ ਗਈ ਗੱਲ ਮਨ ਨੂੰ। ਕਹਿੰਦਾ ਰਾਣੀ ਵੇਖ ਲੈ, ਪੱਕੀ ਗੱਲ ਹੋ'ਗੀ। ਰਾਣੀ ਆਂਹਦੀ-ਹਾਂ।"

"ਗੱਲ ਬਣ ਗਈ ਫੇ' ਫਕੀਰੀਆ?"

"ਚੁੱਪ ਤਾਂ ਕਰ। ਇਹ ਸਾਲਾ ਚੂਹਾ ਜਿਹਾ ਗਾਉਣ ਵਾਲਾ ਤਾਂ ਕਾਬੂ ਭਾਵੇਂ ਨਾ ਆਵੇ, ਪਰ ਮਰਾਸੀ ਦਾ ਇਧਰ ਵੇਖ ਕਮਾਲ। ਲੱਕੜ ਦੇ ਪਲੰਘ ਜੋੜ ਕੇ ਬਣਾਈ ਸਟੇਜ 'ਤੇ ਨੱਚਦੀ ਕੰਜਰੀ ਨੂੰ ਰੋਕ ਸਰੂਰ ਵਿਚ ਮਸਤ ਰਾਜੇ ਨੂੰ ਮਰਾਸੀ ਪੁੱਛਣ ਲੱਗਾ,

ਸੁਣ ਓਏ ਰਾਜਾ ਸਿਕੰਦਰੀ
ਆਪ ਤੂੰ ਭੁੰਜੇ ਬੈਠਾ
ਤੇ ਪੰਲਘ 'ਤੇ ਨੱਚੇ ਕੰਜਰੀ।

ਰਾਜੇ ਦੇ ਖੁੱਲ੍ਹੇ ਗਏ ਅਕਲ ਦੇ ਦੁਆਰ, ਪਈ ਗੱਲ ਤਾਂ ਮਰਾਸੀ ਦੀ ਠੀਕ ਐ। ਰੋਕ'ਤਾ ਠੁਮਕਾ।

ਮਰਾਸੀ ਫੇਰ ਬੋਲ ਪਿਆ,
ਬੱਲੇ ਉਹ ਰਾਜਾ ਸਿਕੰਦਰੀ
ਜੇ ਇਹਦੇ ਪੁੱਤ ਜੰਮਿਆ
ਤਾਂ ਢੋਲ ਵੱਜੂ
ਜੇ ਧੀ ਜੰਮੀ ਤਾਂ ਕੰਜਰੀ।

ਲਾਹ ਲਈ ਫੇਰ ਜੂੜੇ ਤੋਂ ਫੜ ਕੇ ਰਾਜੇ ਨੇ ਕੰਜਰੀ। ਖਲਾਰ'ਤੀ ਢੋਲਕੀ ਵਾਜਿਆਂ ਵਿਚ। ਜੋੜੇ ਦੋਵੇਂ ਹੱਥ, ਪਈ ਫੇਰ ਨਾ ਕਦੇ ਨੱਚੂੰ।"

"ਫਕੀਰੀਆ, ਮਰਾਸੀ ਦਾ ਵੀ ਹੋਇਆ ਕੁਝ?"

"ਖੋਲ੍ਹ'ਤੇ ਪਿਛਲੇ ਪਾਸਿਉਂ ਰਾਣੀ ਦੇ ਖਜ਼ਾਨੇ ਦੇ ਬੂਹੇ। ਮਰਾਸੀ ਦੀਆਂ ਤਿੰਨੇ ਧੀਆਂ ਵਿਆਹੁਣ ਜੋਗਾ ਹੋ ਗਿਆ ਜੁਗਾੜ।"

"ਹਾਅ ਛਲੇਡਾ ਜਿਹਾ ਹਟ ਜੂ ਕੱਲ੍ਹ ਨੂੰ?"

"ਜਾਗਰਾ, ਕੁਝ ਲੜਾਈਆਂ ਸੁਲ੍ਹਾ ਨਾਲ ਮੁੱਕਦੀਆਂ ਨੇ, ਤੇ ਕਈ ਜੁੱਤੀਆਂ ਨਾਲ।"

...ਤੇ ਸੱਥ ਸੁੰਨੀ ਹੋ ਗਈ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਬੋਹੜ ਤੇ ਪਿੱਪਲ

ਗਲੇ ਲੱਗ ਕੇ ਬੋਹੜ ਦੇ ਲੱਗਾ ਪਿੱਪਲ ਰੋਣ।
ਸਾਥੋਂ ਛਾਂਵਾਂ ਠੰਡੀਆਂ ਬੰਦੇ ਲੱਗ ਪਏ ਖੋਹਣ।
ਬੁੱਢੇ ਹੋਈ ਜਾਂਵਦੇ, ਨਹੀਂ ਸਿਆਣੀ ਮੱਤ।
ਤਾਹੀਂਓ ਹੱਟ ਗਈ ਜੁੜਨ ਤੋਂ ਬਾਬਿਆਂ ਦੀ ਸੱਥ।
ਤ੍ਰਿੰਝਣ ਧਾਹਾਂ ਮਾਰਦੇ ਤੀਆਂ ਰਹਿਣ ਉਦਾਸ।
ਮੁੜ ਕੇ ਪੀਂਘਾਂ ਪੈਣ ਦੀ ਨਹੀਂ ਕੋਈ ਲਗਦੀ ਆਸ।
ਮੁੱਕ ਗਈ ਖੀਰਾਂ ਪੂੜਿਆਂ ਦੀ ਬੜੇ ਚਿਰਾਂ ਤੋਂ ਰੁੱਤ।
ਜਗਤ ਤਮਾਸ਼ਾ ਦੇਖੀਏ ਬਣ ਕੇ ਆਪਾਂ ਬੁੱਤ।
ਆਰੇ ਚੁੱਕੀ ਫਿਰ ਰਹੇ ਹਲ਼ਕੇ ਹੋਏ ਇਨਸਾਨ।
ਖੌਰੇ ਕਦੋਂ ਦੋਹਾਂ ਦੀ ਕੱਢ ਲੈਣਗੇ ਜਾਨ।
ਧਰਤੀ ਉਤੇ ਮੂਰਖ਼ਾਂ ਆਪ ਉਜਾੜੀ ਕੁੱਖ।
ਬਣ ਗਏ ਹੁਣ ਵਿਦਵਾਨ ਨੇ ਬੰਦਿਆਂ ਨਾਲੋਂ ਰੁੱਖ।
ਬਾਹਮਣ ਕਹਿ ਕੇ ਪੂਜਦੇ ਮਾਰਨ ਮੇਰੇ ਲੱਤ।
ਭੌਰੇ ਵੇਖ ਲੈ ਝਗੜਦੀ ਨਾਲ ਖ਼ੁਦਾ ਦੇ ਅੱਤ।

# ਆਫੀਆ ਸਦੀਕੀ ਦਾ ਜਹਾਦ

**ਕਿਸ਼ਤ ਬਾਰਵੀਂ**

***ਤੁਸੀਂ ਪੜ੍ਹ ਚੁੱਕੇ ਹੋ...***

***ਪਾਕਿਸਤਾਨ 'ਚ ਆਫੀਆ ਦੀ ਮਾਂ ਇਸਮਤ ਜਹਾਨ, ਮਜ਼ਹਬੀ ਤਾਲੀਮ ਦੇ ਖੇਤਰ ਦੀ ਉਘੀ ਸ਼ਖਸੀਅਤ ਸੀ ਤੇ ਇਸ ਮਜ਼ਹਬੀ ਤਾਲੀਮ ਦਾ ਆਫੀਆ ਉਤੇ ਬਹੁਤ ਗੂੜ੍ਹਾ ਰੰਗ ਚੜ੍ਹਿਆ। ਆਲੇ-ਦੁਆਲੇ ਦੇ ਮਾਹੌਲ ਨੇ ਵੀ ਅਸਰ ਪਾਇਆ। ਆਫੀਆ ਦੇ ਪਰਿਵਾਰ ਦਾ 'ਜਹਾਦੀ' ਜਨਰਲ ਜ਼ਿਆ-ਉਲ-ਹੱਕ ਅਤੇ ਹੋਰ ਕਹਿੰਦੇ-ਕਹਾਉਂਦੇ ਪਰਿਵਾਰਾਂ ਨਾਲ ਰਾਬਤਾ ਸੀ। ਫਿਰ ਉਹ ਪੜ੍ਹਾਈ ਲਈ ਆਪਣੇ ਭਰਾ ਮੁਹੰਮਦ ਅਲੀ ਕੋਲ ਅਮਰੀਕਾ ਪੁੱਜ ਗਈ। ਅਲੀ ਕੋਲ ਆਉਂਦੇ ਉਸ ਦੇ ਦੋਸਤਾਂ ਨਾਲ ਉਹ ਅਕਸਰ ਇਸਲਾਮ ਬਾਰੇ ਬਹਿਸਾਂ ਕਰਦੀ। ਉਸ ਦੀ ਹਰ ਗੱਲ ਮਜ਼ਹਬ ਦੇ ਪ੍ਰਸੰਗ ਵਿਚ ਹੁੰਦੀ। ਇਸਲਾਮ ਉਸ ਨੂੰ ਦੁਨੀਆਂ ਦਾ ਨਿਆਰਾ ਅਤੇ ਬਿਹਤਰ ਮਜ਼ਹਬ ਜਾਪਦਾ। ਇਸੇ ਜੋਸ਼ ਵਿਚ ਉਹ ਦੂਜੇ ਮਜ਼ਹਬਾਂ ਦੀ ਕਦਰ ਕਰਨਾ ਵੀ ਭੁੱਲ ਜਾਂਦੀ। ਉਸ ਦੀ ਲੋਚਾ ਸੀ ਕਿ ਸੰਸਾਰ ਉਤੇ ਇਸਲਾਮ ਦਾ ਬੋਲਬਾਲਾ ਹੋਵੇ। ਉਹ ਬੋਸਟਨ ਦੀ ਪ੍ਰਸਿੱਧ ਸੰਸਥਾ ਮੈਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਵਿਚ ਦਾਖਲ ਹੋਈ ਤਾਂ ਆਪਣੀ ਲਿਆਕਤ ਕਰ ਕੇ ਛੇਤੀ ਹੀ ਮਕਬੂਲ ਹੋ ਗਈ। ਉਥੇ ਉਸ ਦਾ ਸੰਪਰਕ ਮੁਸਲਿਮ ਸਟੂਡੈਂਟਸ ਐਸੋਸੀਏਸ਼ਨ ਨਾਲ ਹੋਇਆ ਤੇ ਫਿਰ ਜਹਾਦੀਆਂ ਨਾਲ। ਜਹਾਦੀਆਂ ਦਾ ਨਾਅਰਾ ਕਾਫਰ ਮਾਰਨ ਦਾ ਸੀ। 1993 ਦੀਆਂ ਛੁੱਟੀਆਂ ਵਿਚ ਆਫੀਆ ਪਾਕਿਸਤਾਨ ਗਈ ਅਤੇ ਤਕਰੀਰਾਂ ਕੀਤੀਆਂ। ਵਾਪਸੀ ਵੇਲੇ ਉਹ ਅਤਿਅੰਤ ਉਤਸ਼ਾਹ ਨਾਲ ਭਰੀ ਪਈ ਸੀ। ਉਹ ਜਹਾਦ ਨਾਲ ਹੋਰ ਡੂੰਘਾ ਜੁੜ ਗਈ। ਘਰਵਾਲਿਆਂ ਦੇ ਜ਼ੋਰ ਪਾਉਣ 'ਤੇ ਉਸ ਦਾ ਨਿਕਾਹ ਅਹਿਮਦ ਮੁਹੰਮਦ ਖਾਨ ਨਾਲ ਪੜ੍ਹਿਆ ਗਿਆ। ਉਹ ਵੀ ਉਸ ਕੋਲ ਅਮਰੀਕਾ ਪੁੱਜ ਗਿਆ। ਫਿਰ 9/11 ਵਾਲਾ ਭਾਣਾ ਵਰਤ ਗਿਆ। ਆਫੀਆ ਪਾਕਿਸਤਾਨ ਪਰਤ ਗਈ ਅਤੇ ਅਮਜਦ ਨੂੰ ਵੀ ਸੱਦ ਲਿਆ। ਜਹਾਦ ਬਾਰੇ ਦੋਹਾਂ ਵਿਚਕਾਰ ਪਾੜਾ ਲਗਾਤਾਰ ਵਧਣ ਲੱਗ ਪਿਆ।...ਹੁਣ ਅੱਗੇ ਪੜ੍ਹੋ....***



*1972 ਵਿਚ ਪਾਕਿਸਤਾਨ 'ਚ ਜਨਮੀ ਆਫੀਆ ਸਦੀਕੀ ਦੀ ਕਹਾਣੀ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਉਹ ਅਮਰੀਕਾ ਵਿਚ ਪੜ੍ਹੀ; ਪਹਿਲਾਂ ਡਾਕਟਰ ਤੇ ਫਿਰ ਜਹਾਦੀ ਬਣੀ। ਇਹ ਅਸਲ ਵਿਚ ਉਸ ਪੀੜ੍ਹੀ ਦੀ ਹੋਣੀ ਦਾ ਬਿਆਨ ਹੈ ਜੋ ਜਹਾਦ ਦੇ ਨਾਂ ਹੇਠ ਰੜੇ ਮੈਦਾਨ ਵਿਚ ਕੁੱਦ ਪਏ।*

ਅਮਜਦ ਨੇ ਆਪਣਾ ਆਖਰੀ ਇਮਤਿਹਾਨ ਪਾਸ ਕਰ ਲਿਆ ਤੇ ਡਾਕਟਰੀ ਦੀ ਸਾਰੀ ਪੜ੍ਹਾਈ ਮੁਕੰਮਲ ਕਰ ਲਈ ਜੋ ਉਸ ਦਾ ਨਿਸ਼ਾਨਾ ਸੀ। ਉਸ ਦੇ ਲਈ ਬੜੇ ਮਾਣ ਵਾਲੀ ਗੱਲ ਸੀ ਕਿ ਉਹ ਆਪਣੀ ਕਲਾਸ 'ਚੋਂ ਅਵਲ ਆਇਆ ਸੀ। ਉਸ ਦੀ ਪਾਰਟ ਟਾਈਮ ਟੀਚਰ ਦੀ ਜਾਬ ਵੀ ਉਸ ਲਈ ਚੰਗੀ ਸਾਬਤ ਹੋਈ। ਇਹ ਇਮਤਿਹਾਨ ਪਾਸ ਕਰਦਿਆਂ ਹੀ ਉਸ ਨੂੰ ਅਸਿਸਟੈਂਟ ਪ੍ਰੋਫੈਸਰ ਬਣਾ ਦਿੱਤਾ ਗਿਆ। ਉਹ ਹੁਣ ਖੁਸ਼ ਸੀ। ਉਸ ਦੀ ਪੜ੍ਹਾਈ ਪੂਰੀ ਹੋ ਚੁੱਕੀ ਸੀ। ਉਸ ਨੇ ਆਫੀਆ ਨੂੰ ਖੁਸ਼ ਰੱਖਣ ਦਾ ਇੱਕ ਹੋਰ ਢੰਗ ਕੱਢਿਆ। ਉਹ ਆਫੀਆ ਨੂੰ ਕਹਿਣ



**ਹਰਮਹਿੰਦਰ ਚਹਿਲ**
**ਫੋਨ: 703-362-3239**
e-mail: chahals57@yahoo.com

ਲੱਗ ਪਿਆ ਕਿ ਅਜੇ ਤਾਂ ਆਪਾਂ ਜਹਾਦ ਬਾਰੇ ਸਿੱਖ ਹੀ ਰਹੇ ਹਾਂ, ਜਦੋਂ ਆਪਾਂ ਇਸ ਬਾਰੇ ਪੂਰੀ ਜਾਣਕਾਰੀ ਹਾਸਿਲ ਕਰ ਲਈ ਤਾਂ ਇਸ ਵਿਚ ਸ਼ਾਮਲ ਹੋਣ ਬਾਰੇ ਸੋਚਾਂਗੇ। ਉਸ ਨੇ ਫਿਰ ਤੋਂ ਦਾੜ੍ਹੀ ਵਧਾ ਲਈ ਤਾਂ ਕਿ ਆਫੀਆ ਨੂੰ ਲੱਗੇ ਕਿ ਉਹ ਮਜ਼ੁਬ ਵੱਲ ਮੁੜ ਰਿਹਾ ਹੈ, ਪਰ ਆਫੀਆ ਨੂੰ ਇਸ ਵੇਲੇ ਉਸ ਦੀਆਂ ਗੱਲਾਂ 'ਚ ਕੋਈ ਦਿਲਚਸਪੀ ਨਹੀਂ ਸੀ। ਸ਼ਾਇਦ ਉਹ ਉਸ ਦਾ ਇਹ ਡਰਾਮਾ ਸਮਝ ਰਹੀ ਸੀ। ਖੈਰ! ਅਮਜਦ ਨੇ ਆਫੀਆ ਨੂੰ ਖੁਸ਼ ਰੱਖਣ ਲਈ ਕਾਫੀ ਸਾਰਾ ਵਕਤ ਘਰੇ ਬਿਤਾਉਣਾ ਸ਼ੁਰੂ ਕਰ ਦਿੱਤਾ। ਉਹ ਹਰ ਐਤਵਾਰ ਵਾਲੇ ਦਿਨ ਉਸ ਨੂੰ ਅਤੇ ਬੱਚਿਆਂ ਨੂੰ ਕਿਧਰੇ ਬਾਹਰ ਘੁੰਮਾਉਣ ਲੈ ਜਾਂਦਾ। ਇੱਕ ਦਿਨ ਉਸ ਨੇ ਘਰੇ ਗੱਲ ਛੇੜੀ, "ਆਫੀਆ ਮੇਰੇ ਪਰਿਵਾਰ ਵਿਚ ਸ਼ਿਕਾਰ ਦਾ ਬਹੁਤ ਸ਼ੌਕ ਰਿਹਾ ਐ।"

"ਅੱਛਾ।" ਆਫੀਆ ਨੇ ਸਾਧਾਰਨ ਜਿਹਾ ਹੁੰਗਾਰਾ ਭਰਿਆ।

"ਮੈਂ ਚਾਹੁੰਨਾਂ ਕਿ ਮੈਂ ਆਪਣੇ ਬੱਚਿਆਂ ਨੂੰ ਆਪਣੇ ਖਾਨਦਾਨੀ ਸ਼ੌਕ ਤੋਂ ਜਾਣੂੰ ਕਰਵਾਵਾਂ।"

"ਇਸ ਦੇ ਲਈ ਕੀ ਕਰੇਂਗਾ?"

"ਆਪਾਂ ਇਸ ਵੀਕ ਐਂਡ 'ਤੇ ਕਿਧਰੇ ਬਾਹਰ ਚੱਲਦੇ ਆਂ। ਸ਼ਿਕਾਰ ਖੇਡਣ ਦਾ ਸਾਰਾ ਸਮਾਨ ਵਗੈਰਾ, ਮੇਰਾ ਮਤਲਬ ਬੰਦੂਕ ਆਦਿ ਅਤੇ ਹੋਰ ਸਮਾਨ ਆਪਾਂ ਕਿਸੇ ਸਟੋਰ ਤੋਂ ਖਰੀਦ ਲਵਾਂਗੇ।" ਉਸ ਦੀ ਬੰਦੂਕ ਵਾਲੀ ਗੱਲ ਆਫੀਆ ਨੂੰ ਜਚ ਗਈ। ਉਸ ਨੇ ਸੋਚਿਆ ਕਿ ਇਸੇ ਬਹਾਨੇ ਉਹ ਬੰਦੂਕ ਚਲਾਉਣ ਦਾ ਅਭਿਆਸ ਕਰ ਲਵੇਗੀ। ਨਾਲੇ ਫੀਲਡ ਵਿਚ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਜਾਣੂੰ ਹੋ ਜਾਵੇਗੀ। ਉਸ ਨੇ ਖੁਸ਼ੀ-ਖੁਸ਼ੀ ਹਾਮੀ ਭਰ ਦਿੱਤੀ। ਅਗਲੇ ਹੀ ਦਿਨ ਉਹ ਅਸਲੇ ਦੀ ਦੁਕਾਨ 'ਤੇ ਗਏ। ਦੁਕਾਨ ਵਾਲਿਆਂ ਨੂੰ ਆਈ ਡੀ ਦਿਖਾ ਕੇ ਉਨ੍ਹਾਂ ਲੋੜੀਂਦਾ ਸਮਾਨ ਖਰੀਦ ਲਿਆ ਜਿਸ ਵਿਚ ਪਿਸਤੌਲ, ਬੰਦੂਕ, ਸਰਵਾਈਵਲ ਗਾਈਡ, ਬੁਲੇਟ ਪਰੂਫ ਜੈਕਟਾਂ ਅਤੇ ਨਾਈਟ ਵਿਜ਼ਿਨ ਗੌਗਲ ਆਦਿ ਸ਼ਾਮਲ ਸਨ। ਉਹ ਵੀਕ ਐਂਡ 'ਤੇ ਕਿਸੇ ਸ਼ੂਟਿੰਗ ਰੇਂਜ 'ਤੇ ਚਲੇ ਗਏ। ਉਥੇ ਉਨ੍ਹਾਂ ਦੋ ਦਿਨ ਬਿਤਾਏ। ਖੂਬ ਮਸਤੀ ਕੀਤੀ। ਸ਼ਿਕਾਰ ਖੇਡਿਆ। ਖਾਸ ਕਰ ਕੇ ਆਫੀਆ ਨੇ ਬੰਦੂਕ ਦੇ ਨਿਸ਼ਾਨੇ ਲਾਉਣ ਦਾ ਅਭਿਆਸ ਕੀਤਾ।

ਐਤਵਾਰ ਦੀ ਸ਼ਾਮ ਉਹ ਘਰ ਮੁੜ ਆਏ। ਅਮਜਦ ਨੇ ਵੇਖਿਆ ਕਿ ਇਸ ਘਟਨਾ ਪਿੱਛੋਂ ਆਫੀਆ 'ਚ ਕਾਫੀ ਤਬਦੀਲੀ ਆਉਣ ਲੱਗੀ। ਉਹ ਅਮਜਦ ਨੂੰ ਕਹਿਣ ਲੱਗੀ ਕਿ ਫਿਰ ਤੋਂ ਸ਼ੂਟਿੰਗ ਰੇਂਜ 'ਤੇ ਚੱਲਿਆ ਜਾਵੇ। ਤੇ ਐਤਕੀਂ ਵੱਡੇ ਹਥਿਆਰ ਮਤਲਬ ਏ.ਕੇ. 47 ਵਰਗੀਆਂ ਰਾਈਫਲਾਂ ਚਲਾਉਣ ਦਾ ਲੁਤਫ ਲਿਆ ਜਾਵੇ। ਅਮਜਦ ਇਸ ਲਈ ਮੰਨ ਗਿਆ। ਅਗਲੇ ਸੋਮਵਾਰ ਉਹ ਇਹ ਕਹਿ ਕੇ ਕੰਮ 'ਤੇ ਗਿਆ ਕਿ ਉਹ ਕੁਝ ਘੰਟਿਆਂ ਬਾਅਦ ਮੁੜ ਆਵੇਗਾ ਤੇ ਫਿਰ ਉਹ ਸ਼ਿਕਾਰ 'ਤੇ ਜਾਣ ਦਾ ਪ੍ਰੋਗਰਾਮ ਬਣਾਉਣਗੇ। ਆਫੀਆ ਖੁਸ਼ੀ-ਖੁਸ਼ੀ ਤਿਆਰੀ ਕਰਨ ਲੱਗੀ। ਗਿਆਰਾਂ ਕੁ ਵਜੇ ਉਸ ਦੇ ਘਰ ਦੀ ਡੋਰ ਬੈਲ ਵੱਜੀ। ਉਹ ਭੱਜੀ-ਭੱਜੀ ਦਰਵਾਜ਼ੇ ਵੱਲ ਗਈ ਕਿ ਸ਼ਾਇਦ ਅਮਜਦ ਆ ਗਿਆ ਹੈ। ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਉਸ ਨੇ ਕੀ-ਹੋਲ ਵਿਚੋਂ ਦੇਖ ਲੈਣਾ ਜ਼ਰੂਰੀ ਸਮਝਿਆ। ਉਹ ਮੋਰੀ ਵਿਚੋਂ ਦੀ ਬਾਹਰ ਝਾਕੀ ਤਾਂ ਉਸ ਦਾ ਤ੍ਰਾਹ ਨਿਕਲ ਗਿਆ। ਬਾਹਰ ਦੋ ਜਣੇ ਸੂਟਡ-ਬੂਟਡ ਅਤੇ ਕਾਲੀਆਂ ਐਨਕਾਂ ਲਾਈ ਦਰਵਾਜ਼ਾ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਸਨ। ਆਫੀਆ ਦਾ ਦਿਲ ਜ਼ੋਰ ਦੀ ਧੜਕਿਆ, ਪਰ ਉਸ ਨੇ ਆਪਣੇ ਆਪ 'ਤੇ ਕਾਬੂ ਪਾਉਂਦਿਆਂ ਪੁੱਛਿਆ, "ਕੌਣ ਓਂ ਤੁਸੀਂ?"

"ਅਸੀਂ ਐਫ.ਬੀ.ਆਈ. ਤੋਂ ਆਂ। ਤੁਹਾਨੂੰ ਮਿਲਣਾ ਐ। ਦਰਵਾਜ਼ਾ ਖੋਲ੍ਹੋ।"

"ਮੈਂ ਘਰ 'ਚ ਇਕੱਲੀ ਔਰਤ ਆਂ। ਮੈਂ ਇਸ ਤਰ੍ਹਾਂ ਦਰਵਾਜ਼ਾ ਨ੍ਹੀਂ ਖੋਲ੍ਹ ਸਕਦੀ। ਤੁਸੀਂ ਉਦੋਂ ਆਉਣਾ ਜਦੋਂ ਮੇਰਾ ਘਰਵਾਲਾ ਘਰੇ ਹੋਇਆ।" ਉਸ ਨੇ ਠਰੰਮੇ ਨਾਲ ਉਤਰ ਦਿੱਤਾ।

"ਉਹ ਕਦੋਂ ਆਵੇਗਾ?" ਐਫ.ਬੀ.ਆਈ. ਵਾਲਿਆਂ ਨੇ ਪੁੱਛਿਆ, ਪਰ ਮੁੜ ਕੇ ਆਫੀਆ ਕੁਝ ਬੋਲੀ ਹੀ ਨਾ। ਉਹ ਕੁਝ ਦੇਰ ਦਰਵਾਜ਼ਾ ਖੁਲ੍ਹਵਾਉਣ ਜਾਂ ਕੋਈ ਹੋਰ ਗੱਲ ਕਰਨ ਦਾ ਯਤਨ ਕਰਦੇ ਰਹੇ, ਪਰ ਆਫੀਆ ਨੇ ਅੰਦਰ ਜਾਂਦਿਆਂ ਬੈਡਰੂਮ ਦਾ ਦਰਵਾਜ਼ਾ ਵੀ ਬੰਦ ਕਰ ਲਿਆ। ਅੰਦਰੋਂ ਹੀ ਉਹ ਅਮਜਦ ਨੂੰ ਫੋਨ ਮਿਲਾਉਂਦਿਆਂ ਬੋਲੀ, "ਅਮਜਦ ਗਜ਼ਬ ਹੋ ਗਿਆ।"

"ਕਿਉਂ ਕੀ ਹੋਇਆ? ਖੈਰ ਤਾਂ ਐ?"

"ਨ੍ਹੀਂ ਖੈਰ ਨ੍ਹੀਂ ਐ। ਆਪਣੇ ਦਰਵਾਜ਼ੇ 'ਤੇ ਐਫ.ਬੀ.ਆਈ. ਵਾਲੇ ਖੜ੍ਹੇ ਨੇ ਤੇ ਉਹ ਮੈਨੂੰ ਦਰਵਾਜ਼ਾ ਖੋਲ੍ਹਣ ਲਈ ਜ਼ੋਰ ਪਾ ਰਹੇ ਨੇ।"

"ਤੂੰ ਦਰਵਾਜ਼ਾ ਖੋਲ੍ਹ ਕੇ ਪੁੱਛ ਤਾਂ ਸਹੀ ਕਿ ਆਖਰ ਗੱਲ ਕੀ ਐ। ਉਹ ਕੀ ਕਰਨ ਆਏ ਨੇ?"

"ਨ੍ਹੀਂ ਅਮਜਦ ਮੈਂ ਦਰਵਾਜ਼ਾ ਨ੍ਹੀਂ ਖੋਲ੍ਹਣਾ।"

"ਆਫੀਆ ਹੋ ਸਕਦਾ ਐ ਕਿ ਉਹ ਕੋਈ ਜ਼ਰੂਰੀ ਗੱਲਬਾਤ ਕਰਨ ਆਏ ਹੋਣ। ਜਾਂ ਕਿਸੇ ਹੋਰ ਦਾ ਅਤਾ-ਪਤਾ ਪੁੱਛ ਰਹੇ ਹੋਣ। ਮੇਰਾ ਤਾਂ ਖਿਆਲ ਐ ਕਿ ਤੂੰ ਇੱਕ ਵਾਰ ਉਨ੍ਹਾਂ ਨਾਲ ਗੱਲ ਕਰ ਲੈ।"

"ਅਮਜਦ ਮੈਂ ਤੈਨੂੰ ਕਹਿ'ਤਾ ਕਿ ਦਰਵਾਜ਼ਾ ਮੈਂ ਕਿਸੇ ਵੀ ਹਾਲਤ 'ਚ ਨ੍ਹੀਂ ਖੋਲ੍ਹਣਾ। ਮੈਨੂੰ ਤਾਂ ਬਹੁਤ ਈ ਡਰ ਲੱਗ ਰਿਹਾ ਐ।"

"ਡਰਨ ਦੀ ਇਸ ਗੱਲ 'ਚ ਕੀ ਲੋੜ ਐ। ਤੂੰ ਤਾਂ...।" ਗੱਲ ਕਰਦਾ-ਕਰਦਾ ਅਮਜਦ ਇੱਕ ਦਮ ਚੁੱਪ ਹੋ ਗਿਆ। ਉਸ ਨੇ ਵੇਖਿਆ ਕਿ ਉਸ ਦੇ ਸਾਹਮਣੇ ਕੋਈ ਆ ਖੜ੍ਹਾ ਹੋਇਆ ਸੀ ਜੋ ਵੇਖਣ ਤੋਂ ਹੀ ਕਿਸੇ ਏਜੰਸੀ ਦਾ ਬੰਦਾ ਲੱਗਦਾ ਸੀ।

"ਆਫੀਆ ਮੈਂ ਤੈਨੂੰ ਠਹਿਰ ਕੇ ਫੋਨ ਕਰਦਾਂ।" ਇੰਨਾ ਕਹਿੰਦਿਆਂ ਅਮਜਦ ਨੇ ਫੋਨ ਕੱਟ ਦਿੱਤਾ। ਉਸ ਨੇ ਫੋਨ ਪਾਸੇ ਰੱਖਿਆ ਤਾਂ ਸਾਹਮਣੇ ਖੜ੍ਹੇ ਬੰਦੇ ਨੇ ਆਪਣਾ ਕਾਰਡ ਕੱਢ ਕੇ ਉਸ ਦੇ ਸਾਹਮਣੇ ਕੀਤਾ ਤੇ ਬੋਲਿਆ, "ਆਈ ਐਮ ਫਰਾਮ ਐਫ.ਬੀ.ਆਈ.।"

"ਜੀ! ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਆਂ?" ਅਮਜਦ ਦੀ ਆਵਾਜ਼ ਥਿੜਕ ਗਈ।

"ਅਸੀਂ ਤੇਰੇ ਨਾਲ ਗੱਲਬਾਤ ਕਰਨ ਆਏ ਆਂ। ਮੇਰਾ ਸਾਥੀ ਬਾਹਰ ਖੜ੍ਹਾ ਐ। ਕੀ ਆਪਾਂ ਕੁਝ ਦੇਰ ਪਾਰਕ 'ਚ ਜਾ ਕੇ ਬੈਠ ਸਕਦੇ ਆਂ?"

"ਹਾਂ ਜੀ ਬਿਲਕੁਲ। ਮੈਂ ਆਪਣੇ ਬੌਸ ਨੂੰ ਦੱਸ ਦਿਆਂ।" ਇੰਨਾ ਕਹਿੰਦਿਆਂ ਅਮਜਦ ਨੇ ਆਪਣੇ ਬੌਸ ਨਾਲ ਗੱਲ ਕੀਤੀ ਤੇ ਐਫ.ਬੀ.ਆਈ. ਅਫਸਰ ਦੇ ਨਾਲ ਤੁਰ ਪਿਆ। ਤੁਰਿਆ ਜਾਂਦਾ ਉਹ ਸੋਚ ਰਿਹਾ ਸੀ ਕਿ ਇਹ ਤਾਂ ਕੋਈ ਖਾਸ ਗੱਲ ਲੱਗਦੀ ਹੈ ਕਿ ਇਹ ਇੱਕੋ ਵੇਲੇ ਉਸ ਦੇ ਘਰ ਅਤੇ ਦਫਤਰ ਆਏ ਹਨ। ਫਿਰ ਉਸ ਨੂੰ ਯਾਦ ਆਇਆ ਕਿ ਕੁਝ ਹਫਤੇ ਪਹਿਲਾਂ ਹੀ ਉਸ ਨੇ ਅਸਲੇ ਦੀ ਦੁਕਾਨ ਤੋਂ ਜੋ ਸਾਮਾਨ ਖਰੀਦਿਆ ਸੀ, ਇਹ ਉਸੇ ਕਰ ਕੇ ਆਏ ਹੋਣਗੇ। ਇਹ ਗੱਲ ਯਾਦ ਆਉਂਦਿਆਂ ਹੀ ਉਸ ਦਾ ਮਾਨਸਿਕ ਤਣਾਅ ਕਾਫੀ ਘਟ ਗਿਆ, ਪਰ ਅਸਲ ਵਿਚ ਇਹ ਗੱਲ ਨਹੀਂ ਸੀ। ਪਹਿਲੀ ਗੱਲ ਤਾਂ ਅਬੂ ਜ਼ੁਬੈਦ ਨੇ ਹੀ ਇਥੋਂ ਦੇ ਅਲ-ਕਾਇਦਾ ਸੈਲਾਂ ਬਾਰੇ ਬਹੁਤ ਜਾਣਕਾਰੀ ਦੇ ਦਿੱਤੀ ਸੀ। ਰਹਿੰਦੀ ਕਸਰ ਉਦੋਂ ਪੂਰੀ ਹੋ ਗਈ ਜਦੋਂ ਉਸ ਦੀ ਗ੍ਰਿਫਤਾਰੀ ਦੇ ਅਗਲੇ ਹਫਤੇ ਹੀ ਹੋਜ਼ੇ ਪਦੀਲਾ ਪਾਕਿਸਤਾਨ ਤੋਂ ਚੱਲਿਆ, ਸ਼ਿਕਾਗੋ ਏਅਰਪੋਰਟ 'ਤੇ ਉਤਰਦਾ ਹੀ ਫੜ ਲਿਆ ਗਿਆ। ਉਸ ਕੋਲੋਂ ਜੋ ਕੰਪਿਊਟਰ ਥੰਬ ਡਰਾਈਵ ਮਿਲੀ ਉਸ 'ਚੋਂ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੋਈ ਸੀ। ਉਸੇ 'ਚੋਂ ਅਦਨਾਨ ਸ਼ੁਕਰੀਜੁਮਾ ਦਾ ਨਾਂ ਪਤਾ ਲੱਗਿਆ। ਐਫ.ਬੀ.ਆਈ. ਪਹਿਲਾਂ ਹੀ ਉਨ੍ਹਾਂ ਲੋਕਾਂ 'ਤੇ ਨਜ਼ਰ ਰੱਖ ਰਹੀ ਸੀ ਜਿਨ੍ਹਾਂ ਦੇ ਨਾਮ ਅਬੂ ਜ਼ੁਬੈਦ ਤੋਂ ਮਿਲੇ ਸਨ। ਅਬੂ ਜ਼ੁਬੈਦ ਦੀ ਗ੍ਰਿਫਤਾਰੀ ਛੁਪਾ ਕੇ ਰੱਖੀ ਗਈ ਸੀ। ਇਸੇ ਕਰ ਕੇ ਹੀ ਹੋਜ਼ੇ ਪਦੀਲਾ ਐਫ.ਬੀ.ਆਈ. ਦੇ ਧੱਕੇ ਚੜ੍ਹ ਗਿਆ ਪਰ ਉਸ ਦੇ ਫੜੇ ਜਾਣ ਪਿੱਛੋਂ ਬਾਕੀ ਦੇ ਸਭ ਮੈਂਬਰ ਗੁਪਤਵਾਸ ਚਲੇ ਗਏ। ਖੈਰ! ਅਮਜਦ ਨੂੰ ਨਾਲ ਲੈ ਕੇ ਐਫ.ਬੀ.ਆਈ. ਦੇ ਦੋਨੋਂ ਅਫਸਰ ਪਾਰਕ ਵਿਚ ਜਾ ਬੈਠੇ।

"ਮਿਸਟਰ ਅਮਜਦ, ਅਸੀਂ ਐਫ.ਬੀ.ਆਈ. ਤੋਂ ਆਂ। ਲੈ ਤੂੰ ਆਪਣੀ ਤਸੱਲੀ ਲਈ ਮੇਰਾ ਸ਼ਨਾਖਤੀ ਕਾਰਡ ਵੇਖ ਲੈ।" ਇੰਨਾ ਕਹਿੰਦਿਆਂ ਇੱਕ ਅਫਸਰ ਨੇ ਸਰਕਾਰੀ ਬੈਜ ਵਿਖਾਉਂਦਿਆਂ, ਆਪਣਾ ਵਿਜ਼ਟਿੰਗ ਕਾਰਡ ਕੱਢ ਕੇ ਅਮਜਦ ਦੇ ਹਵਾਲੇ ਕਰ ਦਿੱਤਾ। ਅਮਜਦ ਨੇ ਸਰਸਰੀ ਨਜ਼ਰ ਮਾਰਦਿਆਂ ਕਾਰਡ ਜੇਬ 'ਚ ਪਾ ਲਿਆ।

"ਮਿਸਟਰ ਅਮਜਦ, ਤੂੰ ਕੋਈ ਘਬਰਾਹਟ ਤਾਂ ਨ੍ਹੀਂ ਮਹਿਸੂਸ ਕਰ ਰਿਹਾ। ਮੇਰਾ ਮਤਲਬ ਆਪਾਂ ਗੱਲ ਕਰ ਸਕਦੇ ਆਂ?"

"ਨ੍ਹੀਂ ਸਰ ਅਜਿਹਾ ਕੁਝ ਨ੍ਹੀਂ, ਤੁਸੀਂ ਗੱਲ ਸ਼ੁਰੂ ਕਰੋ।"

"ਮਿਸਟਰ ਅਮਜਦ, 9/11 ਦਾ ਕਾਰਾ ਕਰਨ ਵਾਲੇ ਹਾਈਜੈਕਰ ਘਟਨਾ ਤੋਂ ਪਹਿਲਾਂ ਤੇਰੀ ਅਪਾਰਟਮੈਂਟ ਬਿਲਡਿੰਗ ਵਿਚ ਆਉਂਦੇ-ਜਾਂਦੇ ਰਹੇ ਨੇ। ਕੀ ਤੂੰ ਉਨ੍ਹਾਂ ਬਾਰੇ ਕੁਛ ਜਾਣਦਾ ਐਂ?"

"ਨ੍ਹੀਂ ਸਰ। ਮੈਨੂੰ ਇਸ ਗੱਲ ਬਾਰੇ ਕੋਈ ਪਤਾ ਨ੍ਹੀ ਐ।" ਪਹਿਲੀ ਗੱਲ ਨੇ ਹੀ ਉਸ ਦੇ ਪੈਰ ਕੱਢ ਦਿੱਤੇ। ਜਿੰਨੀ ਛੋਟੀ ਗੱਲ ਉਹ ਸਮਝ ਰਿਹਾ ਸੀ, ਇੰਨੀ ਛੋਟੀ ਉਸ ਨੂੰ ਲੱਗੀ ਨਹੀਂ।

"ਕੀ ਤੇਰੀ ਘਰਵਾਲੀ ਨੂੰ ਇਸ ਬਾਰੇ ਕੁਝ ਪਤਾ ਹੋਵੇਗਾ?"

"ਜਿੱਥੋਂ ਤੱਕ ਮੇਰਾ ਖਿਆਲ ਐ, ਇਸ ਗੱਲ ਬਾਰੇ ਉਸ ਨੂੰ ਵੀ ਕੋਈ ਪਤਾ ਨ੍ਹੀਂ ਹੋਣਾ। ਅਸੀਂ ਤਾਂ ਆਮ ਜ਼ਿੰਦਗੀ ਜਿਉਣ ਵਾਲੇ ਸਾਦੇ ਜਿਹੇ ਲੋਕ ਆਂ।"



***ਹੋਜ਼ੇ ਪਦੀਲਾ ਜਿਸ ਦੀ ਗ੍ਰਿਫਤਾਰੀ ਪਿਛੋਂ ਐਫ.ਬੀ.ਆਈ. ਆਫੀਆ ਦੇ ਪਿੱਛੇ ਲੱਗ ਗਈ***

"ਤੈਨੂੰ ਜਾਂ ਤੇਰੀ ਘਰਵਾਲੀ ਨੂੰ ਹੋਰ ਕੋਈ ਅਤਾ-ਪਤਾ ਐ। ਸਾਡਾ ਮਤਲਬ ਹਾਈਜੈਕਰਾਂ ਜਾਂ ਉਨ੍ਹਾਂ ਦੀਆਂ ਕਾਰਵਾਈਆਂ ਬਾਰੇ?"

"ਨ੍ਹੀਂ ਸਰ ਸਾਨੂੰ ਇਸ ਤਰ੍ਹਾਂ ਦੀ ਕੋਈ ਜਾਣਕਾਰੀ ਨ੍ਹੀਂ ਐ।"

ਇਸ ਪਿੱਛੋਂ ਦੋਨਾਂ ਅਫਸਰਾਂ ਦੀਆਂ ਨਜ਼ਰਾਂ ਮਿਲੀਆਂ। ਫਿਰ ਉਨ੍ਹਾਂ 'ਚੋਂ ਇੱਕ ਜਣਾ ਬੋਲਿਆ, "ਮਿਸਟਰ ਅਮਜਦ, ਅਸੀਂ ਤੁਹਾਡੇ ਦੋਹਾਂ ਮੀਆਂ-ਬੀਵੀ ਨਾਲ ਇਕੱਠਿਆਂ ਗੱਲ ਕਰਨਾ ਚਾਹਾਂਗੇ। ਇਸ ਦੇ ਲਈ ਤੁਹਾਨੂੰ ਸਾਡੇ ਦਫਤਰੋਂ ਸਰਕਾਰ ਦਾ ਲੈਟਰ ਆਵੇਗਾ, ਪਰ ਉਦੋਂ ਤੱਕ ਤੁਸੀਂ ਇਹ ਸ਼ਹਿਰ ਛੱਡ ਕੇ ਕਿਧਰੇ ਨ੍ਹੀਂ ਜਾ ਸਕਦੇ। ਇਹ ਸਰਕਾਰੀ ਹੁਕਮ ਐ। ਮੇਰਾ ਕਾਰਡ ਤੇਰੇ ਕੋਲ ਹੈ, ਜਦੋਂ ਮਰਜ਼ੀ ਕਾਲ ਕਰ ਸਕਦੇ ਓਂ। ਵੈਸੇ ਘਬਰਾਉਣ ਵਾਲੀ ਕੋਈ ਗੱਲ ਨ੍ਹੀਂ ਐ। ਇਹ ਰੁਟੀਨ ਕੰਮ ਈ ਐ।"

"ਜੀ ਸਰ।"

ਉਹ ਤੁਰ ਗਏ ਤਾਂ ਅਮਜਦ ਦੇ ਮਨ ਤੋਂ ਕਾਫੀ ਸਾਰਾ ਬੋਝ ਘਟ ਗਿਆ। ਸ਼ੁਰੂ 'ਚ ਤਾਂ ਉਸ ਨੂੰ ਪਹਿਲਾ ਸੁਆਲ ਸੁਣ ਕੇ ਹੀ ਲੱਗਿਆ ਸੀ ਕਿ ਇਹ ਤਾਂ ਗੱਲ ਹੀ ਪੁੱਠੇ ਪਾਸੇ ਨੂੰ ਤੁਰ ਪਈ, ਪਰ ਹੁਣ ਉਸ ਨੂੰ ਲੱਗਿਆ ਕਿ ਇਹ ਤਾਂ ਵਾਕਿਆ ਹੀ ਆਮ ਜਿਹੀ ਇਨਕੁਆਰੀ ਹੈ ਜਿਹੜੀ ਕਿਸੇ ਨਾਲ ਵੀ ਹੋ ਸਕਦੀ ਹੈ। ਉਸ ਨੇ ਕਈ ਦੋਸਤਾਂ ਨੂੰ ਫੋਨ ਮਿਲਾ ਕੇ ਗੱਲਾਂ ਕੀਤੀਆਂ। ਹਰ ਇੱਕ ਨੇ ਉਸ ਨੂੰ ਇਹੀ ਦੱਸਿਆ ਕਿ ਅੱਜਕੱਲ੍ਹ ਇਹ ਗੱਲ ਆਮ ਹੋ ਗਈ ਹੈ ਕਿ ਐਫ.ਬੀ.ਆਈ. ਵਾਲੇ ਕਿਸੇ ਵੀ ਮੁਸਲਮਾਨ ਦੇ ਘਰ ਜਾ ਪਹੁੰਚਦੇ ਹਨ, ਪਰ ਜਦੋਂ ਕੁਝ ਮਿਲਦਾ ਨਹੀਂ ਤਾਂ ਵਾਪਸ ਮੁੜ ਪੈਂਦੇ ਹਨ। ਫਿਰ ਅਮਜਦ ਨੇ ਆਫੀਆ ਦੇ ਭਰਾ, ਮੁਹੰਮਦ ਅਲੀ ਨੂੰ ਹਿਊਸਟਨ ਫੋਨ ਕੀਤਾ। ਸਾਰੀ ਗੱਲ ਸੁਣ ਕੇ ਅਲੀ ਨੇ ਆਫੀਆ ਨਾਲ ਗੱਲ ਕਰਨੀ ਚਾਹੀ। ਆਫੀਆ ਨੇ ਫੋਨ ਫੜ ਲਿਆ ਤਾਂ ਉਹ ਹੱਸਦਾ ਹੋਇਆ ਬੋਲਿਆ, "ਤੂੰ ਸਾਡੀ ਬਹਾਦਰ ਲਿਟਲ ਸਿਸਟਰ ਕਦੋਂ ਕੁ ਦੀ ਡਰਪੋਕ ਬਣ ਗਈ। ਇਹ ਤੈਨੂੰ ਕੀ ਹੋ ਗਿਆ। ਇਸ ਤਰ੍ਹਾਂ ਤਾਂ ਸਾਰੇ ਮੁਸਲਮਾਨ ਅਮਰੀਕਾ ਛੱਡ ਕੇ ਤੁਰ ਜਾਣਗੇ। ਤੈਨੂੰ ਡਰਨ ਦੀ ਲੋੜ ਨ੍ਹੀਂ ਐ। ਸ਼ਾਂਤ ਰਹਿ।"

"ਪੱਲੇ ਸ਼ਾਂਤੀ ਈ ਰਹਿ ਜਾਣੀ ਐਂ। ਉਨ੍ਹਾਂ ਨੇ ਚੁੱਕ ਕੇ ਜੇਲ੍ਹ ਵਿਚ ਸੁੱਟ ਦੇਣਾ ਐਂ।"

"ਕੁਛ ਨ੍ਹੀਂ ਹੁੰਦਾ ਐਵੇਂ ਘਬਰਾ ਨਾ।"

ਉਸ ਦਾ ਭਰਾ ਵੀ ਵਾਰ-ਵਾਰ ਪੁੱਛਦਾ ਰਿਹਾ ਕਿ ਉਹ ਕਿਸ ਗੱਲ ਕਰ ਕੇ ਇੰਨਾ ਡਰ ਰਹੀ ਹੈ, ਪਰ ਆਫੀਆ ਨੇ ਕੋਈ ਜੁਆਬ ਨਾ ਦਿੱਤਾ। ਆਖਰ ਉਹ ਚੁੱਪ ਹੋ ਗਈ ਤੇ ਕੰਬਦੀ ਜਿਹੀ ਸੋਫੇ 'ਚੇ ਬੈਠ ਗਈ। ਉਸ ਰਾਤ ਉਹ ਪਲ ਭਰ ਵੀ ਨਾ ਸੁੱਤੀ। ਸਾਰੀ ਰਾਤ ਕਮਰੇ 'ਚ ਗੇੜੇ ਕੱਢਦੀ ਰਹੀ। ਅਮਜਦ ਨੂੰ ਉਸ ਦੀਆਂ ਹਰਕਤਾਂ ਬਹੁਤ ਪ੍ਰੇਸ਼ਾਨ ਕਰ ਰਹੀਆਂ ਸਨ। ਉਸ ਨੂੰ ਫਿਕਰ ਵੀ ਸੀ ਕਿ ਕਿਧਰੇ ਇਸ ਦੇ ਦਿਮਾਗ 'ਤੇ ਹੀ ਬੋਝ ਨਾ ਪੈ ਜਾਵੇ। ਸਵੇਰ ਹੁੰਦਿਆਂ ਹੀ ਉਸ ਨੇ ਬੋਸਟਨ ਦੇ ਮਸ਼ਹੂਰ ਵਕੀਲ ਨੂੰ ਫੋਨ ਕਰ ਕੇ ਸਾਰੀ ਗੱਲ ਦੱਸੀ। ਨਾਲ ਹੀ ਇਹ ਵੀ ਦੱਸਿਆ ਕਿ ਉਸ ਦੀ ਘਰਵਾਲੀ ਇਸ ਵਾਕਿਆ ਤੋਂ ਬਹੁਤ ਹੀ ਡਰੀ ਹੋਈ ਹੈ। ਵਕੀਲ ਨੇ ਸਲਾਹ ਦਿੱਤੀ ਕਿ ਇਸ ਦੇ ਲਈ ਤੁਸੀਂ ਆਪ ਹੀ ਐਫ.ਬੀ.ਆਈ. ਨਾਲ ਮੁਲਾਕਾਤ ਦਾ ਵਕਤ ਲੈ ਲਓ। ਇਸ ਤਰ੍ਹਾਂ ਤੁਹਾਨੂੰ ਲੰਬੇ ਸਮੇ ਤੱਕ ਐਫ.ਬੀ.ਆਈ. ਦੇ ਡਰ ਥੱਲੇ ਦਿਨ ਨਹੀਂ ਲੰਘਾਉਣੇ ਪੈਣਗੇ। ਅਮਜਦ ਦੇ ਹਾਂ ਕਹਿੰਦਿਆਂ ਹੀ ਵਕੀਲ ਨੇ ਐਫ.ਬੀ.ਆਈ ਨੂੰ ਫੋਨ ਕਰ ਕੇ ਉਨ੍ਹਾਂ ਨਾਲ ਅਮਜਦ ਹੋਰਾਂ ਲਈ ਗੱਲਬਾਤ ਦੀ ਅਗਲੇ ਦਿਨ ਦੀ ਹੀ ਤਾਰੀਖ ਤੈਅ ਕਰ ਲਈ। ਅਮਜਦ ਨੇ ਆਫੀਆ ਨੂੰ ਦੱਸਿਆ ਤਾਂ ਉਹ ਹੋਰ ਵੀ ਡਰ ਗਈ ਤੇ ਭੜਕ ਗਈ। ਉਹ ਕਹਿਣ ਲੱਗੀ ਕਿ ਉਹ ਕਿਸੇ ਵੀ ਹਾਲਤ ਵਿਚ ਐਫ.ਬੀ.ਆਈ. ਸਾਹਮਣੇ ਨਹੀਂ ਜਾਵੇਗੀ।

"ਪਰ ਤੈਨੂੰ ਤਕਲੀਫ ਕੀ ਐ। ਤੂੰ ਕਿਸੇ ਵੀ ਗੱਲ 'ਤੇ ਕੰਨ ਨ੍ਹੀਂ ਧਰ ਰਹੀ। ਹੁਣ ਵਕੀਲ ਨੇ ਇੰਟਰਵਿਊ ਦਾ ਪ੍ਰਬੰਧ ਕਰ ਦਿੱਤਾ ਐ ਤਾਂ ਤੂੰ ਕਹਿਣ ਲੱਗ ਪਈ ਐਂ ਕਿ ਤੂੰ ਐਫ.ਬੀ.ਆਈ. ਵਾਲਿਆਂ ਨੂੰ ਮਿਲਣਾ ਈ ਨ੍ਹੀਂ। ਤੈਨੂੰ ਪਤਾ ਹੋਣਾ ਚਾਹੀਦਾ ਐ ਕਿ ਇਹ ਸਰਕਾਰੀ ਹੁਕਮ ਐਂ ਕਿ

ਆਪਾਂ ਗੱਲਬਾਤ ਕੀਤੇ ਬਿਨਾਂ ਇੱਥੋਂ ਨ੍ਹੀਂ ਜਾ ਸਕਦੇ।"

"ਅਮਜਦ ਤੈਨੂੰ ਇਸ ਗੱਲ ਦਾ ਭੋਰਾ ਭਰ ਅਹਿਸਾਸ ਵੀ ਐ ਕਿ ਜੇ ਕੋਈ ਪੰਗਾ ਪੈ ਗਿਆ ਤਾਂ ਕੀ ਹੋਵੇਗਾ?"

"ਆਫੀਆ ਇਹ ਤਾਂ ਤੂੰ ਉਦੋਂ ਸੋਚਣਾ ਸੀ ਜਦੋਂ ਮੇਰੇ ਰੋਕਣ ਦੇ ਬਾਵਜੂਦ ਚੈਰਿਟੀ ਦੇ ਕੰਮਾਂ 'ਚ ਹਿੱਸਾ ਲੈਣੋਂ ਨ੍ਹੀਂ ਹਟਦੀ ਹੁੰਦੀ ਸੀ। ਹੁਣ ਐਵੇਂ ਡਰੀ ਜਾ ਰਹੀ ਐਂ। ਜਿੰਨੇ ਵੀ ਇੱਥੇ ਕੇਅਰ ਬ੍ਰਦਰਜ਼ ਜਾਂ ਬੈਨੇਵੋਲੈਂਸ ਇੰਟਰਨੈਸ਼ਨਲ ਦੇ ਮੈਂਬਰ ਨੇ, ਸਭ ਨਾਲ ਈ ਐਫ.ਬੀ.ਆਈ. ਨੇ ਗੱਲਬਾਤ ਕੀਤੀ ਐ। ਕਿਸੇ ਨੂੰ ਕੁਝ ਨ੍ਹੀਂ ਕਿਹਾ।"

"ਉਨ੍ਹਾਂ ਦੀ ਤੇ ਮੇਰੀ ਗੱਲ 'ਚ ਫਰਕ ਐ।"

"ਹੈਂ! ਕੀ ਕਿਹਾ? ਤੇਰੇ 'ਚ ਤੇ ਉਨ੍ਹਾਂ ਵਿਚ ਕੀ ਫਰਕ ਐ!?" ਅਮਜਦ ਦਾ ਦਿਲ ਜ਼ੋਰ ਦੀ ਧੜਕਿਆ।

"ਇਹ ਗੱਲਾਂ ਤੂੰ ਨ੍ਹੀਂ ਸਮਝ ਸਕਦਾ। ਇਹ ਚੈਰਿਟੀਆਂ ਦੇ ਆਪਣੇ ਕੰਮ ਕਰਨ ਦੇ ਢੰਗ ਤਰੀਕੇ ਹੁੰਦੇ ਨੇ।" ਆਫੀਆ ਦੇ ਮੂੰਹੋਂ ਕੋਈ ਹੋਰ ਗੱਲ ਨਿਕਲ ਚੱਲੀ ਸੀ ਪਰ ਫਿਰ ਉਸ ਨੇ ਚੁਸਤੀ ਨਾਲ ਗੱਲ ਨੂੰ ਗੋਲ ਕਰ ਦਿੱਤਾ। ਫਿਰ ਅਮਜਦ ਠਰੰਮੇ ਨਾਲ ਬੋਲਿਆ, "ਵੇਖ ਆਫੀਆ, ਆਪਾਂ ਬਹਿਸ ਬਹੁਤ ਕਰ ਲਈ। ਹੁਣ ਮੈਂ ਖਾਵੰਦ ਦੇ ਹੱਕ ਨਾਲ ਤੈਨੂੰ ਕਹਿ ਰਿਹਾਂ ਕਿ ਕੱਲ੍ਹ ਸਵੇਰੇ ਦਸ ਵਜੇ ਆਪਾਂ ਵਕੀਲ ਦੇ ਦਫਤਰ ਜਾ ਰਹੇ ਆਂ। ਉਥੇ ਈ ਐਫ.ਬੀ.ਆਈ. ਵਾਲੇ ਆਉਣਗੇ ਤੇ ਉਥੇ ਈ ਆਪਣੀ ਗੱਲਬਾਤ ਹੋਵੇਗੀ। ਹੁਣ ਇਸ ਮਸਲੇ 'ਤੇ ਕੋਈ ਗੱਲ ਨ੍ਹੀਂ ਕਰਨੀ।" ਇੰਨਾ ਕਹਿ ਕੇ ਅਮਜਦ ਘਰੋਂ ਬਾਹਰ ਚਲਾ ਗਿਆ। ਸ਼ਾਮ ਵੇਲੇ ਉਹ ਆਇਆ ਤਾਂ ਆਫੀਆ ਮੂੰਹ ਸਿਰ ਲਪੇਟ ਕੇ ਬੈਡ 'ਤੇ ਪਈ ਹੋਈ ਸੀ। ਅਮਜਦ ਨੇ ਸੋਚਿਆ ਕਿ ਇਹ ਸ਼ਾਇਦ ਇਸ ਕਰ ਕੇ ਗੁੱਸਾ ਵਿਖਾ ਰਹੀ ਹੈ ਕਿ ਮੈਂ ਇਸ ਦੀ ਗੱਲ ਨਹੀਂ ਮੰਨ ਰਿਹਾ, ਪਰ ਆਫੀਆ ਦੇ ਅੰਦਰ ਵੱਡੀ ਹਿੱਲ-ਜੁਲ ਮਚੀ ਹੋਈ ਸੀ। ਉਸ ਨੂੰ ਪੱਕਾ ਵਿਸ਼ਵਾਸ ਸੀ ਕਿ ਕੱਲ੍ਹ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

ਅਗਲੇ ਦਿਨ ਉਹ ਮਿਥੇ ਵਕਤ 'ਤੇ ਵਕੀਲ ਦੇ ਦਫਤਰ ਪਹੁੰਚ ਗਏ। ਉਦੋਂ ਹੀ ਐਫ.ਬੀ.ਆਈ. ਦੇ ਉਹੀ ਦੋ ਅਫਸਰ ਜਿਹੜੇ ਅਮਜਦ ਨੂੰ ਮਿਲ ਕੇ ਗਏ ਸਨ, ਉਥੇ ਆ ਗਏ। ਉਨ੍ਹਾਂ ਕੁਝ ਕਾਗਜ਼ਾਂ 'ਤੇ ਦੋਹਾਂ ਦੇ ਦਸਤਖਤ ਕਰਵਾ ਕੇ ਵਕੀਲ ਦੀ ਸਹਿਮਤੀ ਨਾਲ ਗੱਲਬਾਤ ਸ਼ੁਰੂ ਕਰ ਲਈ। ਸ਼ੁਰੂ 'ਚ ਉਹ ਕੋਈ ਜ਼ਿਆਦਾ ਔਖੇ ਸੁਆਲ ਨਹੀਂ ਕਰ ਰਹੇ ਸਨ, ਸਗੋਂ ਉਹ ਵਿਚ-ਵਿਚ ਅਮਜਦ ਨੂੰ ਅਜਿਹੇ ਮਾਖੌਲ ਵੀ ਕਰ ਰਹੇ ਸਨ ਜੋ ਆਮ ਲੋਕ ਡਾਕਟਰਾਂ ਬਾਰੇ ਕਰਦੇ ਰਹਿੰਦੇ ਹਨ। ਇਸ ਗੱਲ ਨੇ ਅਮਜਦ ਨੂੰ ਬੇਫਿਕਰ ਕਰ ਦਿੱਤਾ ਕਿ ਖਤਰੇ ਵਾਲੀ ਕੋਈ ਗੱਲ ਨਹੀਂ ਹੈ। ਫਿਰ ਇੱਕ ਅਫਸਰ ਬੋਲਿਆ, "ਮਿਸਟਰ ਅਤੇ ਮਿਸਿਜ਼ ਅਮਜਦ, ਹੁਣ ਆਪਾਂ ਆਫੀਸ਼ਲ ਮੀਟਿੰਗ ਸ਼ੁਰੂ ਕਰ ਰਹੇ ਆਂ।"

"ਜੀ ਠੀਕ ਐ।"

ਫਿਰ ਇੱਕ ਅਫਸਰ ਨੇ ਆਫੀਆ ਵੱਲ ਵੇਖਿਆ। ਆਫੀਆ ਨੇ ਕਾਲਾ ਬੁਰਕਾ ਪਹਿਨਿਆ ਹੋਇਆ ਸੀ ਅਤੇ ਮੂੰਹ-ਸਿਰ ਦੁਪੱਟੇ 'ਚ ਲਪੇਟਿਆ ਹੋਇਆ ਸੀ। ਉਸ ਦੀਆਂ ਅੱਖਾਂ ਵੀ ਸਿਰਫ ਬੁਰਕੇ ਦੀਆਂ ਜਾਲੀਆਂ ਵਿਚੋਂ ਦੀ ਅੱਧ-ਪਚੱਧ ਜਿਹੀਆਂ ਦਿਸ ਰਹੀਆਂ ਸਨ।

"ਮੈਡਮ ਆਫੀਆ ਤੈਨੂੰ ਆਪਣਾ ਮੂੰਹ ਨੰਗਾ ਕਰਨਾ ਪਵੇਗਾ, ਕਿਉਂਕਿ ਇਹ ਜ਼ਰੂਰੀ ਐ।"

"ਨ੍ਹੀਂ ਇਹ ਮੈਂ ਨ੍ਹੀਂ ਕਰ ਸਕਦੀ। ਇਹ ਮੇਰਾ ਮਜ਼ਹਬੀ ਹੱਕ ਐ ਕਿ ਮੈਂ ਜਿਹੋ ਜਿਹੇ ਮਰਜ਼ੀ ਕੱਪੜੇ ਪਹਿਨਾਂ।"

ਉਸ ਦੀ ਇਹ ਗੱਲ ਸੁਣ ਕੇ ਦੋਹਾਂ ਅਫਸਰਾਂ ਨੇ ਆਪਸ 'ਚ ਅੱਖਾਂ ਮਿਲਾਈਆਂ। ਫਿਰ ਉਹ ਉਠ ਕੇ ਪਾਸੇ ਹੋਏ ਤੇ ਆਪਸ 'ਚ ਕੁਝ ਗੱਲਬਾਤ ਕੀਤੀ। ਵਾਪਸ ਬਹਿੰਦੇ ਉਨ੍ਹਾਂ 'ਚੋਂ ਇੱਕ ਬੋਲਿਆ, "ਆਫੀਆ, ਅਸੀਂ ਤੇਰੇ ਮਜ਼ਹਬੀ ਅਕੀਦੇ ਦੀ ਇੱਜ਼ਤ ਕਰਦੇ ਆਂ, ਪਰ ਕਾਨੂੰਨ ਆਪਣੀ ਥਾਂ ਐਂ। ਅਸੀਂ ਤੈਨੂੰ ਇੰਨੀ ਛੋਟ ਦੇ ਸਕਦੇ ਆਂ ਕਿ ਤੂੰ ਆਪਣੇ ਬੁਰਕੇ ਨੂੰ ਇਸ ਢੰਗ ਨਾਲ ਪਹਿਨ ਕਿ ਸਾਨੂੰ ਤੇਰਾ ਮੂੰਹ ਦਿਸਦਾ ਰਹੇ। ਆਹਮੋ-ਸਾਹਮਣੇ ਦੀ ਗੱਲਬਾਤ ਵਿਚ ਇਹ ਬਹੁਤ ਜ਼ਰੂਰੀ ਐ। ਜੇ ਤੈਨੂੰ ਇਹ ਵੀ ਮਨਜ਼ੂਰ ਨ੍ਹੀਂ ਤਾਂ ਅਸੀਂ ਕਿਸੇ ਔਰਤ ਏਜੰਟ ਨੂੰ ਸੱਦ ਲੈਨੇ ਆਂ। ਫਿਰ ਤੈਨੂੰ ਬੁਰਕਾ ਲਾਹ ਕੇ ਪਾਸੇ ਰੱਖਣਾ ਪਊਗਾ।"

ਆਫੀਆ ਨੇ ਆਪ ਹੀ ਬੁਰਕਾ ਠੀਕ ਕਰ ਲਿਆ। ਹੁਣ ਉਸ ਦਾ ਸਾਰਾ ਚਿਹਰਾ ਨੰਗਾ ਸੀ। ਅਫਸਰਾਂ ਨੇ ਇੰਨੇ ਨਾਲ ਸੰਤੁਸ਼ਟੀ ਪ੍ਰਗਟਾਈ। ਗੱਲਬਾਤ ਸ਼ੁਰੂ ਹੋਈ ਤਾਂ ਅਫਸਰ ਬੋਲਿਆ, "ਮਿਸਟਰ ਅਮਜਦ, ਤੇਰੇ ਅਪਾਰਟਮੈਂਟ ਦੇ ਇੱਕ ਕਮਰੇ 'ਚ ਇੱਕ ਵਾਰ ਕੋਈ ਸਾਊਦੀ ਅਰਬ ਦਾ ਬਾਸ਼ਿੰਦਾ ਰਹਿੰਦਾ ਹੁੰਦਾ ਸੀ, ਉਹ ਕੌਣ ਸੀ?"

"ਉਹ ਮੇਰੇ ਹਸਪਤਾਲ ਵਿਚ ਹੀ ਕੰਮ ਕਰਦਾ ਸੀ। ਉਸ ਨੂੰ ਕਿਰਾਏ ਦੇ ਕਮਰੇ ਦੀ ਲੋੜ ਸੀ ਤੇ ਮੈਂ ਆਪਣੇ ਘਰ ਦਾ ਇੱਕ ਕਮਰਾ ਕਿਰਾਏ 'ਤੇ ਦੇਣਾ ਸੀ। ਉਹ ਕਮਰਾ ਮੈਂ ਉਸ ਨੂੰ ਦੇ ਦਿੱਤਾ। ਬੱਸ ਉਸ ਬਾਰੇ ਮੈਂ ਇੰਨਾ ਈ ਜਾਣਦਾ ਆਂ।"

"ਉਸ ਕੋਲ ਕੌਣ ਆਉਂਦਾ ਜਾਂਦਾ ਸੀ?"

"ਅਸੀਂ ਕਦੇ ਨ੍ਹੀਂ ਵੇਖਿਆ ਕਿ ਕਦੇ ਕੋਈ ਉਸ ਨੂੰ ਮਿਲਣ ਆਇਆ ਹੋਵੇ।"

"ਤੁਸੀਂ ਪਿਛਲੇ ਦਿਨੀਂ ਅਸਲੇ ਦੀ ਦੁਕਾਨ ਤੋਂ ਕਾਫੀ ਸਾਮਾਨ ਖਰੀਦਿਆ ਹੈ, ਉਹ ਕਿਉਂ?"

"ਮੇਰੇ ਪਰਿਵਾਰ 'ਚ ਸ਼ਿਕਾਰ ਦਾ ਸ਼ੌਂਕ ਰਿਹਾ ਐ। ਮੈਂ ਆਪਣੇ ਬੱਚਿਆਂ ਨੂੰ ਉਸੇ ਪਰਿਵਾਰਕ ਪਰੰਪਰਾ ਤੋਂ ਜਾਣੂ ਕਰਵਾਉਣ ਲਈ ਉਨ੍ਹਾਂ ਨੂੰ ਸ਼ਿਕਾਰ ਦੇ ਟਰਿੱਪ 'ਤੇ ਲੈ ਗਿਆ ਸੀ।"

"ਪਰ ਉਹ ਸਮਾਨ ਸਿਰਫ ਸ਼ਿਕਾਰ ਤੱਕ ਹੀ ਸੀਮਤ ਨ੍ਹੀਂ ਸੀ। ਤੁਸੀਂ ਨਾਈਟ ਵਿਜ਼ਨ ਗੌਗਲਜ਼, ਬੁਲਟ ਪਰੂਫ ਜੈਕਟਾਂ ਅਤੇ ਸਰਵਾਈਵਲ ਗਾਈਡ ਵਰਗੀਆਂ ਚੀਜ਼ਾਂ ਵੀ ਖਰੀਦੀਆਂ ਸਨ। ਇਹ ਸਭ ਕਿਸ ਲਈ?"

"ਸਰ, ਇਸ ਸਭ ਦਾ ਤੁਅੱਲਕ ਸਿਰਫ ਸ਼ਿਕਾਰ ਨਾਲ ਹੀ ਸੀ। ਹੋਰ ਕੁਛ ਨ੍ਹੀਂ।"

"ਮਿਸ ਆਫੀਆ, ਤੈਨੂੰ ਬੰਦੂਕ ਚਲਾਉਣੀ ਆਉਂਦੀ ਐ?"

"ਨ੍ਹੀਂ ਮੈਂ ਕਦੇ ਬੰਦੂਕ ਨ੍ਹੀਂ ਚਲਾਈ।"

"ਇਸ ਸ਼ਿਕਾਰ ਦੇ ਟਰਿੱਪ ਵੇਲੇ ਵੀ ਨ੍ਹੀਂ ਚਲਾ ਕੇ ਵੇਖੀ?"

"ਨ੍ਹੀਂ ਮੈਨੂੰ ਇਹੋ ਜਿਹੇ ਕੰਮ ਚੰਗੇ ਨ੍ਹੀਂ ਲੱਗਦੇ।"

"ਅਜੀਬ ਗੱਲ ਐ ਕਿ ਸਾਰਿਆਂ ਨੇ ਬੰਦੂਕ ਚਲਾਈ, ਸ਼ਿਕਾਰ ਖੇਡਿਆ ਪਰ ਤੂੰ ਹਥਿਆਰ ਚਲਾ ਕੇ ਨਾ ਵੇਖਿਆ?"

"ਇਹ ਤਾਂ ਆਪਣੇ ਆਪਣੇ ਸ਼ੌਂਕ 'ਤੇ ਨਿਰਭਰ ਕਰਦਾ ਐ।" ਆਫੀਆ ਜਦੋਂ ਇਹ ਗੱਲ ਰਹਿ ਰਹੀ ਸੀ ਤਾਂ ਇੱਕ ਅਫਸਰ ਗਹੁ ਨਾਲ ਉਸ ਵੱਲ ਝਾਕਿਆ। ਆਫੀਆ ਨੇ ਉਸ ਨਾਲ ਅੱਖਾਂ ਮਿਲਾਉਣ ਦੀ ਬਜਾਇ ਨੀਵੀਂ ਪਾ ਲਈ। ਅਫਸਰ ਤਾੜ ਗਿਆ ਕਿ ਇਹ ਝੂਠ ਬੋਲੀ ਹੈ। ਇਸ ਨੇ ਸ਼ਿਕਾਰ ਵੇਲੇ ਬੰਦੂਕ ਜ਼ਰੂਰ ਚਲਾ ਕੇ ਵੇਖੀ ਹੋਵੇਗੀ।

"ਮਿਸਟਰ ਅਮਜਦ, ਅੱਜਕੱਲ੍ਹ ਕੰਮ ਦਾ ਕਾਫੀ ਸਾਰਾ ਬੋਝ ਰਹਿੰਦਾ ਹੋਵੇਗਾ?" ਇੱਕ ਅਫਸਰ ਨੇ ਅਮਜਦ ਨਾਲ ਉਸ ਦੇ ਕੰਮ ਦੀ ਗੱਲ ਤੋਰ ਲਈ ਤਾਂ ਅਮਜਦ ਨੂੰ ਲੱਗਿਆ ਕਿ ਸ਼ਾਇਦ ਗੱਲਬਾਤ ਇੰਨੀ ਸੀਰੀਅਸ ਨਹੀਂ ਹੈ, ਪਰ ਉਦੋਂ ਹੀ ਅਫਸਰ ਦੇ ਅਗਲੇ ਸੁਆਲ ਨੇ ਉਸ ਦੇ ਡੋਬੂ ਪੈਣ ਲਾ ਦਿੱਤੇ। ਉਹ ਬੋਲਿਆ, "ਮਿਸਟਰ ਅਮਜਦ, ਕਦੇ ਉਸਾਮਾ ਬਿਨ-ਲਾਦਿਨ ਨੂੰ ਮਿਲਿਆ ਐਂ?"

"ਉਸਾਮੇ ਨੂੰ! ਜੀ ਨ੍ਹੀਂ ਬਿਲਕੁਲ ਨ੍ਹੀਂ। ਮੈਂ ਉਸ ਨੂੰ ਕਦੇ ਨ੍ਹੀਂ ਮਿਲਿਆ।"

"ਉਸ ਦੀ ਫੋਟੋ ਤਾਂ ਵੇਖੀ ਹੋਵੇਗੀ?"

"ਹਾਂ ਜੀ, ਉਹ ਤਾਂ ਸਾਰਾ ਦਿਨ ਟੀਵੀ 'ਤੇ ਵੇਖਦੇ ਈ ਰਹਿੰਦੇ ਆਂ।"

"ਨਿੰਜੀ ਤੌਰ 'ਤੇ ਮਿਲਣ ਵੇਲੇ ਫੋਟੋ ਤੋਂ ਕਿੰਨਾ ਕੁ ਵੱਖਰਾ ਦਿਸਦਾ ਐ ਬਿਨ-ਲਾਦਿਨ?"

"ਜੀ ਕਦੇ ਮਿਲੇ ਈ ਨ੍ਹੀਂ ਤਾਂ ਕੀ ਕਹਿ ਸਕਦੇ ਆਂ।" ਅਮਜਦ ਨੇ ਜ਼ਰਾ ਮੁਕਰਾਉਂਦਿਆ ਜੁਆਬ ਦਿੱਤਾ। ਇੱਕ ਅਫਸਰ ਇਸੇ ਦਰਮਿਆਨ ਆਫੀਆ ਦੇ ਚਿਹਰੇ ਨੂੰ ਬੜੀ ਨੀਝ ਨਾਲ ਵੇਖ ਰਿਹਾ ਸੀ। ਉਹ ਮਨ 'ਚ ਸੋਚ ਰਿਹਾ ਸੀ ਕਿ ਹੁਣ ਇਹ ਆਪਣੇ ਆਪ ਨੂੰ ਇਸੇ ਸੁਆਲ ਲਈ ਤਿਆਰ ਕਰ ਰਹੀ ਹੈ ਜੋ ਅਮਜਦ ਨੂੰ ਪੁੱਛਿਆ ਗਿਆ ਹੈ; ਪਰ ਉਸ ਨੇ ਵੱਖਰੀ ਕਿਸਮ ਦਾ ਸੁਆਲ ਕਰ ਕੇ ਆਫੀਆ ਦੇ ਪੈਰ ਕੱਢ ਦਿੱਤੇ।

"ਮੈਡਮ ਆਫੀਆ, ਕਦੇ ਰਮਜ਼ੀ ਯੂਸਫ ਨੂੰ ਮਿਲੀ ਐਂ?"

"ਹੈਂ! ਕੀ ਕਿਹਾ?" ਆਫੀਆ ਵਾਕਿਆ ਈ ਹੈਰਾਨ ਹੋ ਗਈ।

"ਤੂੰ ਇਹ ਨਾਂ ਸੁਣਿਆਂ ਤਾਂ ਹੋਵੇਗਾ?"

"ਹਾਂ ਜੀ ਇਹ ਉਹੀ ਆਦਮੀ ਹੈ ਜੋ 1993 'ਚ ਨਾਰਥ ਟਾਵਰ ਦੇ ਪਾਰਕਿੰਗ 'ਚ ਬੰਬ ਧਮਾਕੇ ਦਾ ਦੋਸ਼ੀ ਐ, ਪਰ ਮੈਂ ਇਸ ਨੂੰ ਕਦੇ ਨ੍ਹੀਂ ਮਿਲੀ।"

"ਚੰਗੀ ਤਰ੍ਹਾਂ ਯਾਦ ਕਰੋ। ਕਈ ਵਾਰੀ ਬੰਦਾ ਵੈਸੇ ਈ ਮਿਲ ਜਾਂਦਾ ਐ। ਕਿਧਰੇ ਸ਼ਾਪਿੰਗ ਸੈਂਟਰ 'ਚ, ਕਿਸੇ ਮਸਜਿਦ ਵਿਚ ਜਾਂ ਕਿਧਰੇ ਏਅਰਪੋਰਟ ਦੀ ਲਾਈਨ 'ਚ ਲੱਗਿਆਂ ਹੋਇਆਂ?"

ਉਸ ਦੀ ਗੱਲ ਸੁਣ ਕੇ ਆਫੀਆ ਨੂੰ ਤਰੇਲੀ ਆ ਗਈ। ਉਸ ਨੂੰ ਯਾਦ ਆਇਆ ਕਿ ਬਹੁਤ ਪਹਿਲਾਂ ਉਸ ਨੇ ਰਮਜ਼ੀ ਯੂਸਫ ਨੂੰ ਏਅਰਪੋਰਟ 'ਤੇ ਨਾਲ ਦੀ ਲਾਈਨ ਵਿਚ ਖੜ੍ਹਾ ਵੇਖਿਆ ਸੀ। ਦੋਹਾਂ ਦੀਆਂ ਨਜ਼ਰਾਂ ਵੀ ਆਪਸ ਵਿਚ ਮਿਲੀਆਂ ਸਨ। ਇਹ ਗੱਲ ਯਾਦ ਕਰਦਿਆਂ ਉਹ ਅੰਦਰ ਤੱਕ ਕੰਬ ਗਈ। ਉਹ ਸਮਝ ਗਈ ਕਿ ਇਨ੍ਹਾਂ ਨੂੰ ਉਸ ਬਾਰੇ ਬਹੁਤ ਸਾਰੀ ਜਾਣਕਾਰੀ ਹੈ। ਫਿਰ ਵੀ ਉਸ ਨੇ ਕਹਿ ਦਿੱਤਾ ਕਿ ਉਹ ਰਮਜ਼ੀ ਯੂਸਫ ਨੂੰ ਕਦੇ ਨਹੀਂ ਮਿਲੀ। ਉਸ ਦੇ ਇਸ ਜੁਆਬ ਦੇ ਤੁਰੰਤ ਪਿੱਛੋਂ ਅਫਸਰ ਬੋਲਿਆ, "ਰਮਜ਼ੀ ਨੂੰ ਨਾ ਸਹੀ, ਉਸ ਦੇ ਚਾਚੇ ਕੇ.ਐਸ.ਐਮ. ਨੂੰ ਤਾਂ ਕਦੇ ਮਿਲੀ ਹੋਵੇਂਗੀ?"

"ਨ੍ਹੀਂ ਮੈਂ ਉਸ ਨੂੰ ਵੀ ਕਦੇ ਨ੍ਹੀਂ ਮਿਲੀ।"

"ਤੂੰ ਆਖਰੀ ਵਾਰ ਮੁਹੰਮਦ ਅਤਾ ਨੂੰ ਕਿੱਥੇ ਵੇਖਿਆ ਸੀ?"

"ਮੁਹੰਮਦ ਅਤਾ!"

"ਹਾਂ ਹਾਂ ਜੋ ਨਾਈਨ ਅਲੈਵਨ ਦਾ ਕਾਰਾ ਕਰਨ ਵਾਲੀ ਟੀਮ ਦਾ ਮੋਢੀ ਸੀ।"

"ਮੈਂ ਉਸ ਨੂੰ ਕਦੇ ਨ੍ਹੀਂ ਮਿਲੀ।"

"ਤੁਹਾਡੀ ਅਪਾਰਟਮੈਂਟ ਬਿਲਡਿੰਗ 'ਚ ਘੱਟੋ-ਘੱਟ ਛੇ ਹਾਈਜੈਕਰ ਆਉਂਦੇ ਰਹੇ ਨੇ। ਤੇਰੀ ਉਨ੍ਹਾਂ ਨਾਲ ਕਦੇ ਨਾ ਕਦੇ ਤਾਂ ਮੁਲਾਕਤ ਹੋਈ ਈ ਹੋਵੇਗੀ?"

"ਨ੍ਹੀਂ ਕਦੇ ਨ੍ਹੀਂ ਹੋਈ।"

"ਉਂਜ ਤੁਰੇ ਫਿਰਦੇ ਵੇਖੇ ਹੋਣਗੇ। ਅਕਸਰ ਲੰਘਦਾ ਟੱਪਦਾ ਬੰਦਾ ਮਿਲ ਈ ਜਾਂਦੈ।"

"ਜੀ ਨ੍ਹੀਂ, ਮੈਂ ਕਿਸੇ ਨੂੰ ਨ੍ਹੀਂ ਵੇਖਿਆ।" ਅਫਸਰ ਤਾੜ ਰਹੇ ਸਨ ਕਿ ਉਪਰੋਥਲੀ ਕੀਤੇ ਜਾ ਰਹੇ ਸੁਆਲ ਆਫੀਆ ਨੂੰ ਪ੍ਰੇਸ਼ਾਨ ਕਰ ਰਹੇ ਸਨ, ਪਰ ਅਜੇ ਤਾਂ ਉਹ ਭੂਮਿਕਾ ਹੀ ਬੰਨ੍ਹ ਰਹੇ ਸਨ।

"ਮਿਸਟਰ ਅਮਜਦ, ਤੂੰ ਕੇਅਰ ਬ੍ਰਦਰਜ਼ ਅਤੇ ਬੈਨੇਵੋਲੈਂਸ ਬਾਰੇ ਸੁਣਿਐ?"



ਆਫੀਆ ਸਦੀਕੀ

"ਜੀ ਮੈਨੂੰ ਪਤਾ ਐ ਕਿ ਇਹ ਚੈਰਿਟੀ ਇਕੱਠੀ ਕਰਨ ਵਾਲੀਆਂ ਜਥੇਬੰਦੀਆਂ ਨੇ।"

"ਤੈਨੂੰ ਇਹ ਕਿਵੇਂ ਪਤਾ ਐ? ਤੂੰ ਇਨ੍ਹਾਂ ਦਾ ਮੈਂਬਰ ਰਿਹੈਂ?"

"ਨ੍ਹੀਂ ਜੀ ਮੇਰੀ ਪਤਨੀ ਇਨ੍ਹਾਂ ਦੀ ਮੈਂਬਰ ਐ। ਇਸੇ ਦੀਆਂ ਗੱਲਾਂ ਤੋਂ ਮੈਨੂੰ ਪਤਾ ਲੱਗਦਾ ਰਹਿੰਦਾ ਸੀ ਕਿ ਇਹ ਜਥੇਬੰਦੀਆਂ ਚੈਰਿਟੀ ਦਾ ਕੰਮ ਕਰਦੀਆਂ ਨੇ।"

"ਮਿਸ ਆਫੀਆ ਤੇਰਾ ਇਨ੍ਹਾਂ ਨਾਲ ਵਾਸਤਾ ਰਿਹਾ ਐ?"

"ਜੀ ਮਾੜਾ ਮੋਟਾ।"

"ਤੈਨੂੰ ਪਤਾ ਐ ਕਿ ਇਹ ਚੈਰਿਟੀ ਇਕੱਠੀ ਕਰ ਕੇ ਪੈਸੇ ਦਾ ਕੀ ਕਰਦੀਆਂ ਨੇ?"

"ਮੇਰਾ ਖਿਆਲ ਐ ਕਿ ਗਰੀਬਾਂ 'ਚ ਵੰਡਦੀਆਂ ਹੋਣਗੀਆਂ।"

"ਤੂੰ ਕਦੇ ਇਨ੍ਹਾਂ ਦੇ ਕਾਰਕੁਨਾਂ ਨੂੰ ਪੁੱਛਿਆ ਨ੍ਹੀਂ ਕਿ ਇੰਨੇ ਇਕੱਠੇ ਹੋਏ ਪੈਸੇ ਦਾ ਕੀ ਕੀਤਾ ਜਾਂਦੈ?"

"ਮੈਂ ਅਜਿਹੀਆਂ ਗੱਲਾਂ ਤੋਂ ਕੀ ਲੈਣਾ ਐਂ, ਜੋ ਮਰਜ਼ੀ ਕਰਨ।" ਆਫੀਆ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਅੱਕ ਗਈ ਸੀ, ਪਰ ਨਾਲ ਹੀ ਉਸ ਨੂੰ ਥੋੜ੍ਹੀ ਜਿਹੀ ਤਸੱਲੀ ਵੀ ਸੀ ਕਿ ਇਹ ਤਾਂ ਆਮ ਜਿਹੇ ਸੁਆਲ ਹੀ ਪੁੱਛ ਰਹੇ ਨੇ।

"ਤੈਨੂੰ ਪੁੱਛਣ ਦਾ ਪੂਰਾ ਅਧਿਕਾਰ ਐ। ਤੂੰ ਇਸ ਨੂੰ ਫੰਡ ਇਕੱਠਾ ਕਰ ਕੇ ਜੋ ਦਿੰਦੀ ਐਂ।"

"ਨ੍ਹੀਂ ਮੈਂ ਕਦੇ ਕਿਸੇ ਲਈ ਫੰਡ ਇਕੱਠਾ ਨ੍ਹੀਂ ਕੀਤਾ।"

"ਤੂੰ ਬੈਨੇਵੋਲੈਂਸ ਨੂੰ ਫੰਡ ਇਕੱਠਾ ਕਰ ਕੇ ਨ੍ਹੀਂ ਦਿੱਤਾ?"

"ਨ੍ਹੀਂ ਮੈਂ ਕਦੇ ਕੋਈ ਫੰਡ ਇਕੱਠਾ ਨ੍ਹੀਂ ਕੀਤਾ ਤੇ ਨਾ ਹੀ ਕਿਸੇ ਨੂੰ ਦਿੱਤਾ ਐ।"

"ਪੱਕੀ ਗੱਲ ਐ?"

"ਹੋਰ ਝੂਠ ਐ?" ਆਫੀਆ ਨੇ ਅੱਖਾਂ ਕੱਢੀਆਂ।

"ਤਾਂ ਫਿਰ ਤੇਰੇ ਖਾਤੇ 'ਚ ਇਹ ਜਿਹੜੇ ਹਜ਼ਾਰਾਂ ਡਾਲਰ ਇਕੱਠੇ ਹੋਏ ਨੇ ਤੇ ਤੂੰ ਅੱਗੇ ਇਹ ਬੈਨੇਵੋਲੈਂਸ ਇੰਟਰਨੈਸ਼ਨਲ ਦੇ ਖਾਤੇ 'ਚ ਭੇਜੇ ਨੇ, ਇਹ ਸਭ ਫਿਰ ਕਿਉਂ ਕੀਤਾ?"

"ਇਹ ਸਭ ਝੂਠ ਐ। ਮੈਂ ਅਜਿਹੇ ਕੋਈ ਪੈਸੇ ਇਕੱਠੇ ਨ੍ਹੀਂ ਕੀਤੇ।"

"ਆਹ ਪੇਪਰ ਫਿਰ ਝੂਠ ਬੋਲਦੇ ਨੇ।" ਇੰਨਾ ਕਹਿੰਦਿਆਂ ਅਫਸਰ ਨੇ ਆਫੀਆ ਦੇ ਬੈਂਕ ਦੀਆਂ ਪਿਛਲੇ ਦੋ ਸਾਲਾਂ ਦੀਆਂ ਸਟੇਟਮੈਂਟਾਂ ਕੱਢ ਕੇ ਵਕੀਲ ਦੇ ਸਾਹਮਣੇ ਰੱਖ ਦਿੱਤੀਆਂ। ਆਫੀਆ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ ਪਰ ਉਹ ਗੱਲ ਸੰਭਾਲਦੀ ਬੋਲੀ, "ਸਾਡੇ ਮਜ਼ਹਬ 'ਚ ਇਹ ਵੀ ਐ ਕਿ ਜੇ ਸਾਡੀ ਮਰਜ਼ੀ ਹੋਵੇ ਤਾਂ ਚੈਰਿਟੀ ਬਾਰੇ ਕਿਸੇ ਨੂੰ ਨਾ ਦੱਸੀਏ।"

"ਚਲੋ ਠੀਕ ਐ।" ਅਫਸਰ ਖੁਸ਼ ਸੀ ਕਿ ਉਸ ਨੇ ਆਫੀਆ ਨੂੰ ਝੂਠੀ ਸਾਬਤ ਕਰ ਦਿੱਤਾ ਸੀ।

"ਆਫੀਆ, ਤੂੰ ਦੱਸ ਸਕਦੀ ਐਂ ਕਿ ਕੇ.ਐਸ.ਐਮ. ਦੀ ਅਮਰੀਕਾ ਨੂੰ ਤਬਾਹ ਕਰਨ ਦੀ ਅੱਗੇ ਦੀ ਕੀ ਸਕੀਮ ਐਂ?"

"ਮੈਂ ਨਾ ਉਸ ਨੂੰ ਜਾਣਦੀ ਆਂ, ਨਾ ਈ ਕਦੇ ਉਸ ਨੂੰ ਮਿਲੀ ਆਂ; ਫਿਰ ਮੈਨੂੰ ਕੀ ਪਤਾ ਐ ਕਿ ਉਹ ਕੀ ਕਰਦਾ ਐ ਜਾਂ ਕੀ ਨ੍ਹੀਂ।"

"ਕਿਉਂ? ਤੈਨੂੰ ਅਦਨਾਨ ਸ਼ੁਕਰੀਜੁਮਾ ਨੇ ਉਸ ਦੀ ਸਕੀਮ ਬਾਰੇ ਕਦੇ ਨ੍ਹੀਂ ਦੱਸਿਆ?"

"ਕੌਣ ਅਦਨਾਨ ਸ਼ੁਕਰੀਜੁਮਾ?" ਇਹ ਨਾਂ ਸੁਣ ਕੇ ਆਫੀਆ ਅੰਦਰੋਂ ਕੰਬ ਗਈ ਪਰ ਬਾਹਰੋਂ ਉਸ ਨੇ ਸੁਭਾਵਕ ਜਿਹੀ ਦਿਸਣ ਦੀ ਕੋਸ਼ਿਸ਼ ਕੀਤੀ।

"ਤੇਰੇ ਕਹਿਣ ਦਾ ਮਤਲਬ ਐ ਕਿ ਤੂੰ ਅਦਨਾਨ ਸ਼ੁਕਰੀਜੁਮਾ ਨੂੰ ਨ੍ਹੀਂ ਜਾਣਦੀ?"

"ਜੀ ਬਿਲਕੁਲ ਨ੍ਹੀਂ।"

"ਪੱਕੀ ਗੱਲ ਐ?" ਅਫਸਰ ਸਿੱਧਾ ਉਸ ਵੱਲ ਵੇਖਦਾ ਬੋਲਿਆ।



ਆਫੀਆ ਦਾ ਖਾਵੰਦ ਅਮਜਦ

"ਕਹਿ ਤਾਂ ਦਿੱਤਾ ਨਾ ਕਿ ਮੈਂ ਉਸ ਨੂੰ ਨ੍ਹੀਂ ਜਾਣਦੀ, ਹੋਰ ਕਿਵੇਂ ਦੱਸਾਂ।" ਆਫੀਆ ਦੀ ਆਵਾਜ਼ 'ਚ ਅਕੇਵਾਂ ਸੀ।

ਉਸ ਨੇ ਗੱਲ ਖਤਮ ਕੀਤੀ ਤਾਂ ਅਫਸਰ ਉਸ ਦੀਆਂ ਅੱਖਾਂ 'ਚ ਵੇਖਦਾ ਰਿਹਾ। ਫਿਰ ਉਹ ਗੰਭੀਰ ਆਵਾਜ਼ 'ਚ ਬੋਲਿਆ, "ਜੇ ਤੂੰ ਉਸ ਨੂੰ ਜਾਣਦੀ ਈ ਨ੍ਹੀਂ ਤਾਂ ਹਰ ਰੋਜ਼ ਉਸ ਨਾਲ ਈਮੇਲ 'ਤੇ ਗੱਲਾਂ ਕਿਉਂ ਕਰਦੀ ਐਂ?"

"ਹੈਂ!" ਆਫੀਆ ਨੂੰ ਜਿਵੇਂ ਕਰੰਟ ਵੱਜਿਆ, ਪਰ ਉਸ ਨੇ ਆਪਣੇ ਆਪ 'ਤੇ ਜ਼ਬਤ ਰੱਖਦਿਆਂ ਅਗਾਂਹ ਕਿਹਾ, "ਮੈਂ ਉਸ ਨੂੰ ਕਦੇ ਕੋਈ ਈਮੇਲ ਨ੍ਹੀਂ ਭੇਜੀ।"

"ਤਾਂ ਫਿਰ ਆਹ ਕੀ ਐ?" ਅਫਸਰ ਨੇ ਬੈਗ 'ਚੋਂ ਕਾਗਜ਼ਾਂ ਦਾ ਥੱਬਾ ਕੱਢ ਕੇ ਵਕੀਲ ਦੇ ਸਾਹਮਣੇ ਰੱਖ ਦਿੱਤਾ। ਇਹ ਉਹ ਈਮੇਲਾਂ ਸਨ ਜੋ ਅਦਨਾਨ ਸ਼ੁਕਰੀਜੁਮਾ ਅਤੇ ਆਫੀਆ ਵਿਚਕਾਰ ਹੋਈਆਂ ਸਨ। ਵਕੀਲ ਨੇ ਬੜੇ ਗਹੁ ਨਾਲ ਈਮੇਲਾਂ ਵੇਖੀਆਂ। ਉਧਰ ਆਫੀਆ ਪ੍ਰੇਸ਼ਾਨ ਹੋਈ ਕੁਰਸੀ 'ਤੇ ਬੈਠੀ ਪਾਸੇ ਬਦਲਣ ਲੱਗੀ।

"ਮੈ'ਮ ਤੂੰ ਸਾਡੀ ਗੱਲ ਦਾ ਜੁਆਬ ਨ੍ਹੀਂ ਦਿੱਤਾ?"

"ਇਹ! ਇਹ ਤਾਂ ਮੈਂ। ਮੇਰਾ ਮਤਲਬ...।" ਉਸ ਤੋਂ ਕੋਈ ਜੁਆਬ ਨਾ ਦੇ ਹੋਇਆ। ਉਸ ਨੇ ਨੀਵੀਂ ਪਾ ਲਈ।

ਦੋਵੇਂ ਅਫਸਰ ਉਠੇ ਤੇ ਪਾਸੇ ਖੜ੍ਹੋ ਕੇ ਗੱਲਾਂ ਕਰਨ ਲੱਗੇ। ਆਫੀਆ ਨੂੰ ਪੂਰਾ ਯਕੀਨ ਹੋ ਗਿਆ ਕਿ ਹੁਣ ਉਹ ਉਸ ਨੂੰ ਗ੍ਰਿਫਤਾਰ ਕਰਨ ਦੀ ਸਲਾਹ ਕਰ ਰਹੇ ਹਨ, ਪਰ ਜਦੋਂ ਉਨ੍ਹਾਂ ਵਾਪਸ ਆ ਕੇ ਆਪਣੀ ਗੱਲ ਕਹੀ ਤਾਂ ਆਫੀਆ ਨੂੰ ਕੁਝ ਤਸੱਲੀ ਜਿਹੀ ਹੋ ਗਈ। ਉਹ ਵਕੀਲ ਨੂੰ ਮੁਖਾਤਬ ਹੋਏ, "ਸਰ ਇਹ ਗੱਲਬਾਤ ਅਸੀਂ ਇੱਥੇ ਈ ਬੰਦ ਕਰਦੇ ਆਂ, ਪਰ ਇਨ੍ਹਾਂ ਨਾਲ ਇੱਕ ਹੋਰ ਗੱਲਬਾਤ ਹੋਵੇਗੀ। ਉਸ ਦੇ ਲਈ ਅਸੀਂ ਅਗਲੇ ਮਹੀਨੇ ਦੀ 19 ਤਾਰੀਖ ਤੈਅ ਕਰ ਰਹੇ ਆਂ।"

"ਠੀਕ ਐ। ਤੁਸੀਂ ਉਸ ਬਾਰੇ ਮੈਨੂੰ ਪੂਰੀ ਇਤਲਾਹ ਭੇਜ ਦਿਉ।"

"ਹਾਂ ਇਵੇਂ ਈ ਹੋਵੇਗਾ। ਨਾਲ ਅਸੀਂ ਮਿਸਟਰ ਅਤੇ ਮਿਸਿਜ਼ ਅਮਜਦ ਖਾਂ ਨੂੰ ਕੁਝ ਕਹਿਣਾ ਚਾਹੁੰਦੇ ਆਂ।"

"ਜੀ...।" ਅਮਜਦ ਡਰਦਾ ਜਿਹਾ ਬੋਲਿਆ।

"ਤੁਹਾਡਾ ਅਗਲੀ ਗੱਲਬਾਤ ਵਿਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਐ। ਤੁਸੀਂ ਉਸ ਗੱਲਬਾਤ ਤੋਂ ਪਹਿਲਾਂ ਮੁਲਕ ਛੱਡ ਕੇ ਨ੍ਹੀਂ ਜਾ ਸਕਦੇ। ਇਹ ਸਰਕਾਰੀ ਹੁਕਮ ਐਂ। ਆਹ ਲਉ ਇਸ ਸਰਕਾਰੀ ਹੁਕਮ 'ਤੇ ਦਸਤਖਤ ਕਰ ਦਿਉ।" ਅਫਸਰ ਨੇ ਅਗਲੀ ਗੱਲਬਾਤ 'ਤੇ ਹਾਜ਼ਰ ਰਹਿਣ ਵਾਲਾ ਕਾਗਜ਼ ਉਨ੍ਹਾਂ ਮੂਹਰੇ ਰੱਖ ਦਿੱਤਾ। ਦੋਹਾਂ ਨੇ ਵਾਰੀ-ਵਾਰੀ ਉਸ 'ਤੇ ਸਾਈਨ ਕਰ ਦਿੱਤੇ। ਫਿਰ ਅਫਸਰਾਂ ਨੇ ਆਪਣੇ ਬੈਗ ਸੰਭਾਲੇ ਤੇ ਦਫਤਰੋਂ ਬਾਹਰ ਨਿਕਲ ਗਏ। ਉਨ੍ਹਾਂ ਦੇ ਜਾਂਦਿਆਂ ਹੀ ਅਮਜਦ ਨੇ ਵਕੀਲ ਨੂੰ ਪੁੱਛਿਆ, "ਤੁਹਾਨੂੰ ਕਿਵੇਂ ਲੱਗਿਆ ਕਿ ਇਹ ਗੱਲਬਾਤ ਕਿੰਨੀ ਕੁ ਸੰਜੀਦਾ ਸੀ?"

"ਇਹ ਤਾਂ ਆਮ ਜਿਹੀ ਗੱਲ ਐ। ਮੇਰੇ ਖਿਆਲ 'ਚ ਤੁਹਾਡੇ ਲਈ ਇਸ ਵਿਚ ਡਰਨ ਵਾਲੀ ਕੋਈ ਗੱਲ ਨ੍ਹੀਂ। ਨਾਲੇ ਅਗਲੀ ਇੰਟਰਵਿਊ ਤੋਂ ਪਹਿਲਾਂ ਆਪਾਂ ਬਹਿ ਕੇ ਆਪਸ 'ਚ ਗੱਲਬਾਤ ਕਰਾਂਗੇ। ਇਸ ਤਰ੍ਹਾਂ ਕਈ ਸੁਆਲ ਜੁਆਬ ਕਰਨ ਵੇਲੇ ਸੌਖਾ ਰਹਿੰਦਾ ਐ।"

"ਜੀ ਠੀਕ ਐ।"

ਇਸ ਪਿੱਛੋਂ ਅਮਜਦ ਅਤੇ ਆਫੀਆ ਘਰ ਨੂੰ ਮੁੜ ਪਏ। ਅਮਜਦ ਨੇ ਕਈ ਦੋਸਤਾਂ ਨੂੰ ਫੋਨ ਕਰ ਕੇ ਅੱਜ ਦੀ ਗੱਲਬਾਤ ਬਾਰੇ ਦੱਸਿਆ। ਸਭ ਨੇ ਕਿਹਾ ਕਿ ਅਜਿਹੇ ਸੁਆਲ ਆਮ ਜਿਹੀ ਗੱਲ ਹੈ, ਉਨ੍ਹਾਂ ਲਈ ਘਬਰਾਉਣ ਵਾਲੀ ਕੋਈ ਗੱਲ ਨਹੀਂ। ਅਮਜਦ ਨੂੰ ਲੱਗਿਆ ਕਿ ਗੱਲਬਾਤ ਠੀਕ ਹੀ ਰਹੀ ਤੇ ਸੋਚਿਆ ਕਿ ਅਗਲੀ ਗੱਲਬਾਤ ਪਿੱਛੋਂ ਉਨ੍ਹਾਂ ਦਾ ਐਫ.ਬੀ.ਆਈ. ਦੇ ਲਫੜਿਆਂ ਤੋਂ ਖਹਿੜਾ ਛੁੱਟ ਜਾਵੇਗਾ, ਪਰ ਜਦੋਂ ਉਹ ਘਰ ਪਹੁੰਚੇ ਤਾਂ ਆਫੀਆ ਨੇ ਵਾਵੇਲਾ ਖੜ੍ਹਾ ਕਰ ਦਿੱਤਾ।

"ਅਮਜਦ ਮੇਰੀ ਗੱਲ ਸੁਣ, ਆਪਾਂ ਨੂੰ ਕੱਲ੍ਹ ਨੂੰ ਹੀ ਬੱਚਿਆਂ ਨੂੰ ਲੈ ਕੇ ਵਾਪਸ ਆਪਣੇ ਮੁਲਕ ਚਲੇ ਜਾਣਾ ਚਾਹੀਦਾ ਐ।"

"ਪਰ ਕਿਉਂ? ਮੇਰਾ ਮਤਲਬ ਆਪਣੀ ਗੱਲਬਾਤ ਤਾਂ ਠੀਕ ਈ ਰਹੀ ਐ।"

"ਤੈਨੂੰ ਲੱਗਦਾ ਐ ਕਿ ਠੀਕ ਰਹੀ ਐ, ਪਰ ਤੂੰ ਨ੍ਹੀਂ ਜਾਣਦਾ ਕਿ...ਬੱਸ ਮੈਂ ਤੈਨੂੰ ਕਹਿ ਰਹੀ ਆਂ ਕਿ ਆਪਾਂ ਇੱਥੋਂ ਨਿਕਲਣ ਵਾਲੇ ਬਣੀਏਂ।"

"ਤੂੰ ਪੂਰੀ ਗੱਲ ਦੱਸ ਕਿ ਮੈਂ ਕੀ ਨ੍ਹੀਂ ਜਾਣਦਾ। ਮੈਨੂੰ ਵੀ ਤਾਂ ਪਤਾ ਲੱਗੇ ਨਾ ਕਿ ਤੈਨੂੰ ਕਿਹੜੀ ਗੱਲ ਦਾ ਡਰ ਸਤਾ ਰਿਹਾ ਐ?"

"ਕਿਉਂ ਸਾਰੀ ਗੱਲ ਦੱਸਣੀ ਜ਼ਰੂਰੀ ਐ।" ਆਫੀਆ ਗੁੱਸੇ 'ਚ ਭੜਕ ਉਠੀ।

"ਹਾਂ ਜ਼ਰੂਰੀ ਐ। ਤੂੰ ਹੀ ਦੱਸ ਕਿ ਉਹ ਅਦਨਾਨ ਸ਼ੁਕਰੀਜੁਮਾ ਕੌਣ ਐ?"

"ਤੂੰ ਉਸ ਤੋਂ ਕੀ ਲੈਣੈਂ?"

"ਮੈਂ ਉਸ ਬਾਰੇ ਸਭ ਕੁਛ ਜਾਣਨਾ ਚਾਹੁੰਨਾਂ। ਸਿਰਫ ਉਹੀ ਨ੍ਹੀਂ, ਹੋਰ ਬਹੁਤ ਸਾਰੇ ਲੋਕ ਨੇ ਜਿਨ੍ਹਾਂ ਦੇ ਐਫ.ਬੀ.ਆਈ. ਵਾਲਿਆਂ ਨੇ ਨਾਮ ਲਏ ਸਨ। ਮੈਂ ਅਜਿਹੇ ਬੰਦਿਆਂ ਦਾ ਪਹਿਲਾਂ ਕਦੇ ਜ਼ਿਕਰ ਵੀ ਨ੍ਹੀਂ ਸੁਣਿਆ ਤੇ ਤੂੰ ਉਨ੍ਹਾਂ ਨਾਲ ਮਿਲ ਕੇ ਪਤਾ ਨ੍ਹੀਂ ਕੀ ਕੰਮ ਕਰਦੀ ਰਹੀ ਐਂ। ਕੌਣ ਨੇ ਇਹ ਸਭ ਲੋਕ? ਤੂੰ ਉਨ੍ਹਾਂ ਨੂੰ ਕਿਵੇਂ ਜਾਣਦੀ ਐਂ? ਮੈਨੂੰ ਸਭ ਕੁਛ ਦੱਸ।" ਅਮਜਦ ਵੀ ਗੁੱਸੇ 'ਚ ਆ ਗਿਆ।

"ਮੈਂ ਇਨ੍ਹਾਂ ਗੱਲਾਂ 'ਤੇ ਕੋਈ ਚਰਚਾ ਨ੍ਹੀਂ ਕਰਨੀ, ਪਰ ਤੂੰ ਮੇਰੀ ਗੱਲ 'ਤੇ ਧਿਆਨ ਦੇਹ ਤੇ ਆਪਾਂ ਵਾਪਸ ਚੱਲੀਏ। ਇੱਥੇ ਮੇਰੀ ਜਾਨ ਨੂੰ ਖਤਰਾ ਐ।"

"ਆਫੀਆ ਮੇਰੀ ਗੱਲ ਸੁਣ ਲੈ ਚੰਗੀ ਤਰ੍ਹਾਂ। ਮੈਨੂੰ ਲੱਗਦੈ ਕਿ ਤੂੰ ਦੂਹਰੀ ਜ਼ਿੰਦਗੀ ਜਿਉਂ ਰਹੀ ਐਂ। ਜੋ ਮੇਰੇ ਸਾਹਮਣੇ ਦਿਸ ਰਹੀ ਐਂ, ਇਸ ਤੋਂ ਬਿਨਾਂ ਇੱਕ ਆਫੀਆ ਹੋਰ ਐ ਜਿਸ ਦੀ ਨਿੱਜੀ ਜ਼ਿੰਦਗੀ ਪਤਾ ਨ੍ਹੀਂ ਕੀ ਐ। ਤੈਨੂੰ ਅੱਜ ਸਭ ਕੁਛ ਦੱਸਣਾ ਪਊ।"

ਅਮਜਦ ਨੇ ਗੱਲ ਖਤਮ ਕੀਤੀ ਤਾਂ ਆਫੀਆ ਚੁੱਪ ਬੈਠੀ ਸੋਚਾਂ 'ਚ ਗੁੰਮ ਸੀ। ਅਚਾਨਕ ਉਸ ਨੇ ਚਿਹਰੇ 'ਤੇ ਬਣਾਉਟੀ ਮੁਸਕਾਨ ਲਿਆਂਦੀ ਤੇ ਅਮਜਦ ਦੇ ਨੇੜੇ ਆ ਗਈ। ਅਮਜਦ ਉਸ ਦੇ ਬਣਾਉਟੀਪਣ ਨੂੰ ਨਾ ਸਮਝ ਸਕਿਆ। ਉਹ ਉਸ ਦੁਆਲੇ ਬਾਂਹ ਵਲਦੀ ਬੋਲੀ, "ਅਮਜਦ ਇੰਨਾ ਫਿਕਰਮੰਦ ਨਾ ਹੋ। ਅਜਿਹੀ ਕੋਈ ਗੱਲ ਨ੍ਹੀਂ। ਇਹ ਸਭ ਲੋਕ ਚੈਰਿਟੀ ਦਾ ਕੰਮ ਕਰਦੇ ਨੇ ਅਤੇ ਮੈਨੂੰ ਉਥੇ ਈ ਮਿਲਦੇ ਰਹੇ ਨੇ। ਜਿਹੜਾ ਉਹ ਅਦਨਾਨ ਸ਼ੁਕਰੀਜੁਮਾ ਦਾ ਜ਼ਿਕਰ ਕਰ ਰਹੇ ਨੇ, ਉਸ ਨਾਲ ਵੀ ਮੇਰੀਆਂ ਚੈਰਿਟੀ ਬਾਬਤ ਹੀ ਈਮੇਲਾਂ ਹੋਈਆਂ ਨੇ। ਹੋਰ ਉਸ ਬਾਰੇ ਮੈਨੂੰ ਕੁਛ ਪਤਾ ਨ੍ਹੀਂ।"

"ਫਿਰ ਤੂੰ ਇੰਨਾ ਘਬਰਾ ਕਿਉਂ ਰਹੀ ਐਂ?"

"ਮੈਂ ਤਾਂ ਇਹ ਸੋਚਦੀ ਆਂ ਕਿ ਜੇ ਇੱਥੇ ਐਫ.ਬੀ.ਆਈ. ਵਾਲਿਆਂ ਨੇ ਇੱਕ ਵਾਰ ਕਿਸੇ ਚੱਕਰ ਵਿਚ ਫਸਾ ਲਏ ਤਾਂ ਮੁੜ ਕੇ ਖਹਿੜਾ ਨ੍ਹੀਂ ਛੁੱਟਣਾ। ਆਪਣਾ ਮੁਲਕ ਆਪਣਾ ਈ ਹੁੰਦਾ ਐ। ਮੈਂ ਤਾਂ ਸਿਰਫ ਇਸੇ ਕਰ ਕੇ ਕਹਿ ਰਹੀ ਆਂ। ਜੇ ਨ੍ਹੀਂ ਜਾਣਾ ਤਾਂ ਕੋਈ ਗੱਲ ਨ੍ਹੀਂ, ਤੂੰ ਗੁੱਸੇ ਨਾ ਹੋ।" ਆਫੀਆ ਨੇ ਉਸ ਵੇਲੇ ਅਮਜਦ ਨੂੰ ਠੰਢਾ ਕਰ

(ਬਾਕੀ ਸਫਾ 31 'ਤੇ)

# ਖਾਲਸਾ ਸਿਰਜਣ ਦੀ ਲੋੜ ਕਿਉਂ ਪਈ?

**ਵਿਸਾਖੀ ’ਤੇ ਵਿਸ਼ੇਸ਼**

ਖਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ‘ਸ਼ੁੱਧ’, ਮਿਲਾਵਟ ਤੋਂ ਬਿਨਾਂ, ਤੇ ਜਾਂ ਉਹ ਜ਼ਮੀਨ ਜੋ ਬਾਦਸ਼ਾਹ ਦੀ ਨਿੱਜੀ ਮਲਕੀਅਤ ਹੋਵੇ, ਭਾਵ ਖੁਦਮੁਖਤਾਰ। ਮੈਕਾਲਿਫ ਅਨੁਸਾਰ ਖਾਲਸਾ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ ਖਾਲਿਸ ਅਰਥਾਤ ‘ਸ਼ੁੱਧ’ ਵਿਚੋਂ ਨਿਕਲਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਸਿੱਖਾਂ ਲਈ ਇਹ

**ਡਾ. ਅਮਨਦੀਪ ਸਿੰਘ ਟੱਲੇਵਾਲੀਆ**
**ਫੋਨ: 91-98146-99446**

ਸ਼ਬਦ ਵਰਤਿਆ ਹੈ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਛਕ ਲਈ, ਭਾਵ ਸ਼ੁੱਧ ਹੋ ਗਏ, ਤੇ ਸਿੱਧੇ ਤੌਰ ’ਤੇ ਅਕਾਲ ਪੁਰਖ ਨਾਲ ਜੁੜ ਗਏ ਜੋ ਖੁਦਮੁਖਤਾਰ ਹੈ। ਖਾਲਸਾ ਮਜ਼ਲੂਮਾਂ ਲਈ ਢਾਲ ਹੈ ਅਤੇ ਦੁਸ਼ਮਣ ਲਈ ਤਲਵਾਰ ਹੈ, ਖਾਲਸੇ ਦਾ ਜ਼ੁਲਮ ਨਾਲ ਵੈਰ ਹੈ। ਖਾਲਸਾ ਕਿਸੇ ਬੇਕਸੂਰ ‘ਤੇ ਹੋ ਰਹੇ ਜ਼ੁਲਮਾਂ ਨੂੰ ਨਹੀਂ ਸਹਿ ਸਕਦਾ ਭਾਵੇਂ ਇਸ ਨੂੰ ਆਪਣਾ ਆਪ ਕੁਰਬਾਨ ਕਰਨਾ ਪੈ ਜਾਵੇ:

ਸੱਟ ਕਿਸੇ ਮਜ਼ਲੂਮ ਦੇ ਲਗਦੀ ਹੈ
ਹੰਝੂ ਖਾਲਸੇ ਦੀਆਂ ਅੱਖਾਂ ਵਿਚ ਆ ਜਾਂਦੇ
ਰਾਖੇ ਕੌਮ ਦੇ ਪੁੱਤਰ ਦਸਮੇਸ਼ ਜੀ ਦੇ
ਜਾਨਾਂ ਵਾਰ ਕੇ ਅਣਖ ਬਚਾ ਜਾਂਦੇ।

ਖਾਲਸਾ ‘ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨਿ’ ਦੇ ਸੁਨਹਿਰੀ ਅਸੂਲਾਂ ਦਾ ਧਾਰਨੀ ਹੈ। ਖਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ, ਇਹ ਕਦੀ ਢਹਿੰਦੀਆਂ ਕਲਾਂ ਵਿਚ ਨਹੀਂ ਗਿਆ, ਭਾਵੇਂ ਇਸ ਦੇ ਸਿਰ ‘ਤੇ ਆਰਾ ਕਿਉਂ ਨਾ ਚੱਲਦਾ ਹੋਵੇ। ਖਾਲਸਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਪ੍ਰਭਾਵ ਤੋਂ ਪਰੇ ਅਤੇ ਕਥਨੀ ਕਰਨੀ ਦਾ ਪੂਰਾ ਉਹ ਸ਼ੁੱਧ ਇਨਸਾਨ ਹੈ ਜਿਸ ਦੀ ਸਾਜਨਾ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਧਾਰ ’ਚੋਂ ਕੀਤੀ।

ਖਾਲਸੇ ਦੀ ਸਿਰਜਣਾ ਗੁਰੂ ਸਾਹਿਬ ਵੱਲੋਂ ਲਿਆ ਗਿਆ ਫੌਰਨ ਫੈਸਲਾ ਨਹੀਂ ਸੀ, ਸਗੋਂ ਇਸ ਪਿੱਛੇ ਲੋਕਾਂ ਦਾ ਸਦੀਆਂ ਪੁਰਾਣਾ ਦਰਦ ਛੁਪਿਆ ਹੋਇਆ ਸੀ ਜਿਸ ਦੀਆਂ ਕਰੁਣਾਮਈ ਚੀਸਾਂ ਗੁਰੂ ਜੀ ਨੇ ਅਨੁਭਵ ਕੀਤੀਆਂ। ਇਹ ਚੀਸਾਂ ਸਨ ਨੀਵੀਆਂ ਜਾਤਾਂ ‘ਤੇ ਹੋ ਰਹੇ ਜ਼ੁਲਮ ਦੀਆਂ, ਬੇਕਸੂਰ ਲੋਕਾਂ ਦੇ ਅੱਲੇ ਜ਼ਖਮਾਂ ਦੀਆਂ...ਤੇ ਇਨ੍ਹਾਂ ਹੋ ਚੁੱਕੇ ਜ਼ਖਮਾਂ ’ਤੇ ਮੱਲ੍ਹਮ ਲਾਉਣਾ ਅਤੇ ਅੱਗੇ ਤੋਂ



ਅਜਿਹੇ ਜ਼ਖਮਾਂ ਨੂੰ ਹੋਣ ਤੋਂ ਰੋਕਣਾ ਹੀ ਖਾਲਸਾ ਸਾਜਣਾ ਦਾ ਮੁੱਖ ਉਦੇਸ਼ ਸੀ। ਖਾਲਸਾ ਪੰਥ ਦੀ ਸਾਜਨਾ ਨਵਾਂ ਇਨਕਲਾਬ ਸੀ ਜਿਸ ਨੇ ਸਦੀਆਂ ਤੋਂ ਚੱਲੀ ਆ ਰਹੀ ਊਚ-ਨੀਚ, ਜਾਤ-ਪਾਤ ਦੀ ਕੰਧ ਨੂੰ ਤੋੜ ਦਿੱਤਾ ਅਤੇ “ਸਭੈ ਸਾਂਝੀਵਾਲ ਸਦਾਇਨ” ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ। ਖਾਲਸੇ ਦੀ ਸਿਰਜਣਾ ਕਰ ਕੇ ਗੁਰੂ ਸਾਹਿਬ ਅਜਿਹੇ ਰਾਜ ਭਾਗ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਤਾਂ ਜੋ ਦੱਬੇ ਕੁਚਲੇ ਅਤੇ ਲਤਾੜੇ ਜਾ ਰਹੇ ਲੋਕਾਂ ਨੂੰ ਅਣਖ ਨਾਲ ਜਿਉਣ ਦਾ ਸੁਨਹਿਰੀ ਮੌਕਾ ਮਿਲ ਸਕੇ ਤੇ ਉਹ ਆਪਣੀ ਰਾਖੀ ਆਪ ਹੀ ਕਰ ਸਕਣ।

ਖਾਲਸਾ ਪੰਥ ਦੀ ਸਾਜਨਾ ਦਾ ਇੱਕ ਹੋਰ ਇਤਿਹਾਸਕ ਕਾਰਨ ਇਹ ਵੀ ਸੀ ਕਿ ਪਹਿਲੇ ਗੁਰੂ ਸਾਹਿਬਾਨ ਨੇ ਸਿੱਖਾਂ ਦੀ ਰਹਿਨੁਮਾਈ ਕਰਨ ਲਈ ਮਸੰਦਾਂ ਦੀ ਸਥਾਪਨਾ ਕੀਤੀ ਤਾਂ ਕਿ ਉਹ ਸਿੱਖੀ ਦਾ ਪ੍ਰਚਾਰ ਕਰਨ ਅਤੇ ਨਾਲ ਹੀ ਜੇ ਕਿਸੇ ਇਲਾਕੇ ਦੀ ਸੰਗਤ ਵੱਲੋਂ ਗੁਰੂ ਸਾਹਿਬ ਨੂੰ ਕੁੱਝ ਭੇਟਾ ਕਰਨਾ ਹੁੰਦਾ ਤਾਂ ਉਹ ਇਨ੍ਹਾਂ ਮਸੰਦਾਂ ਰਾਹੀਂ ਪੁੱਜਦਾ ਕਰ ਦਿੱਤਾ ਜਾਂਦਾ ਸੀ, ਪਰ ਮਸੰਦਾਂ ਨੇ ਗੁਰੂ ਸਾਹਿਬ ਦੀ ਸਿੱਖਿਆ ਦੇ ਉਲਟ ਗੁਰੂ ਘਰ ਦੀਆਂ ਜਾਇਦਾਦਾਂ ਨੂੰ ਨਿੱਜੀ ਜਾਇਦਾਦਾਂ ਜਾਣ ਕੇ ਹੜੱਪਣਾ ਸ਼ੁਰੂ ਕਰ ਦਿੱਤਾ। ਇਸ ਪ੍ਰਕਾਰ ਉਹ ਸਿੱਖੀ ਦੇ ਮੁੱਖ ਰਸਤੇ ਤੋਂ ਭਟਕ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਤੇ ਆਪਣੀ ਸੰਗਤ ਵਿਚ ਸਿੱਧਾ ਸੰਪਰਕ ਸਥਾਪਿਤ ਕੀਤਾ ਅਤੇ ਕਿਹਾ, “ਖਾਲਸਾ ਮੇਰੋ ਰੂਪ ਹੈ ਖਾਸ, ਖਾਲਸੇ ਮਹਿ ਹੋਂ ਕਰੋਂ ਨਿਵਾਸ” ਅਤੇ ਆਪਣੇ ਹੁਕਮਨਾਮਿਆਂ ਵਿਚ ਵੀ ਵਾਰ-ਵਾਰ ਇਹ ਦੁਹਰਾਇਆ ਗਿਆ, ਸੰਗਤ ਮੇਰੀ ਖਾਲਸਾ ਹੈ (ਡਾ. ਅਨੂਪ ਸਿੰਘ ਦਾਰਸ਼ਨਿਕ ਯੋਧਾ ਗੁਰੂ ਗੋਬਿੰਦ ਸਿੰਘ)।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰ ਕੇ ਕੋਈ ਨਵਾਂ ਪੰਥ ਹੋਂਦ ਵਿਚ ਨਹੀਂ ਲਿਆਂਦਾ, ਸਗੋਂ ਬਾਬੇ ਨਾਨਕ ਦੇ ਲਾਏ ਸਿੱਖੀ ਦੇ ਬੂਟੇ ਨੂੰ ਹੋਰ ਪ੍ਰਫੁਲਿਤ ਕੀਤਾ। ਖਾਲਸੇ ਨੂੰ ਦਿੱਤੀਆਂ ਗਈਆਂ ਹਦਾਇਤਾਂ ਤਾਂ ਲਗਭਗ ਉਹੀ ਸਨ ਜੋ ਪਹਿਲੇ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਦਿੱਤੀਆਂ। ਫਰਕ ਸਿਰਫ ਇਹ ਸੀ ਕਿ ਗੁਰੂ ਜੀ ਨੇ ਭਗਤੀ ਦੇ ਨਾਲ ਸ਼ਕਤੀ ਅਤੇ ਸ਼ਸਤਰਾਂ ਦੇ ਨਾਲ ਸ਼ਾਸਤਰਾਂ ਦਾ ਸੁਮੇਲ ਕਰ ਕੇ ਨਵੀਂ ਸਪਿਰਟ ਸਿੱਖਾਂ ਅੰਦਰ ਭਰ ਦਿੱਤੀ ਅਤੇ ਖਾਲਸੇ ਦਾ ਪਹਿਰਾਵਾ ਸਭ ਤੋਂ ਵੱਖਰੀ ਕਿਸਮ ਦਾ ਬਣਾਉਣਾ ਉਸ ਸਮੇਂ ਦੀ ਲੋੜ ਬਣ ਚੁੱਕਿਆ ਸੀ। ਜਦੋਂ ਦਿੱਲੀ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਤਾਂ ਜ਼ਾਲਮਾਂ ਨੇ ਉਚੀ ਆਵਾਜ਼ ਵਿਚ ਕਿਹਾ, “ਹੈ ਕੋਈ ਸਿੱਖ ਜੋ ਆਪਣੇ ਗੁਰੂ ਦਾ ਸੀਸ ਉਠਾ ਲਵੇ?” ਤਾਂ ਸਾਰੇ ਸਿੱਖ ਉਥੋਂ ਖਿਸਕ ਗਏ। ਜਦ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਕਿਹਾ ਮੈਂ ਐਸਾ ਸਿੱਖ ਸਾਜਾਂਗਾ ਜੋ ਹਜ਼ਾਰਾਂ ’ਚੋਂ ਨਹੀਂ, ਬਲਕਿ ਲੱਖਾਂ ’ਚੋਂ ਪਛਾਣਿਆ ਜਾ ਸਕੇਗਾ ਇਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਆਪਣੇ ਲਫਜ਼ਾਂ ਵਿਚ ਕੀਤਾ ਹੈ:

ਸ੍ਰੀ ਗੁਰੂ ਗੋਬਿੰਦ ਸਿੰਘ ਸੁਨਿ ਕਰਿ ਐਸੇ॥
ਗਰਜਤਿ ਬੋਲੇ ਜਲਧਰ ਜੈਸੇ॥
ਇਸ ਬਿਧਿ ਕੋ ਅਬਿ ਪੰਥ ਬਨਾਵੌਂ॥
ਸਕਲ ਜਗਤ ਮਹਿਂ ਬਹੁਤ ਬਿਦਤਾਵੌਂ॥
ਲਾਖਹੁ ਜਗ ਕੇ ਨਰ ਇੱਕ ਥਾਇਂ॥
ਤਿਨ ਮਹਿਂ ਮਿਲੇ ਏਕ ਸਿਖ ਜਾਇ॥
ਸਭ ਮਹਿਂ ਪ੍ਰਥਕ ਪਛਾਨਯੋ ਪਰੈ॥
ਚਲੈ ਨ ਕਾਯੋ ਹੂੰ ਕੈਸਿਹੁਂ ਕਰੈ॥
ਜਥਾ ਬਕਨ ਮਹਿਂ ਹੰਸ ਨ ਛਪੈ॥
ਗ੍ਰਿੱਝਨਿ ਬਿਖੈਹ ਮੋਹ ਜਿਮ ਦਿਪੈ॥
ਜਯੋਂ ਖਰ ਗਨ ਮਹਿਂ ਬਲੀ ਤੁਰੰਗ॥
ਜਥਾ ਮ੍ਰਿਗਨਿ ਮਹਿਂ ਕੇਹਰਿ ਅੰਗ॥
ਤਿਮ ਨਾਨਾ ਭੇਖਨ ਕੇ ਮਾਂਹਿ॥
ਮਮ ਸਿਖ ਕੋ ਸਗਲੇ ਪਰਖਾਹਿਂ॥

ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਸਾਵਣ ਦੇ ਬੱਦਲ ਵਾਂਗ ਗਰਜ ਕੇ ਬੋਲੇ-ਹੁਣ ਮੈਂ ਅਜਿਹੇ ਪੰਥ ਦੀ ਸਾਜਨਾ ਕਰਾਂਗਾ ਜੋ ਸਾਰੇ ਸੰਸਾਰ ਵਿਚ ਨਿਆਰੇ ਅਤੇ ਨਿਵੇਕਲੇ ਰੂਪ ਦਾ ਧਾਰਨੀ ਹੋਵੇਗਾ। ਜਦੋਂ ਵੀ ਲੱਖਾਂ ਲੋਕਾਂ ਵਿਚ ਕੋਈ ਸਿੱਖ ਸ਼ਾਮਲ ਹੋਇਆ ਕਰੇਗਾ, ਉਹ ਪਹਿਲੀ ਨਜ਼ਰੇ ਪਛਾਣਿਆ ਜਾ ਸਕੇਗਾ ਅਤੇ ਸਭ ਤੋਂ ਵੱਖਰਾ ਤੇ ਵਿਲੱਖਣ ਦਿਸੇਗਾ। ਬਗਲਿਆਂ ਦੀ ਡਾਰ ਵਿਚ ਜਿਵੇਂ ਕੋਈ ਹੰਸ ਛੁਪਿਆ ਨਹੀਂ ਰਹਿ ਸਕਦਾ, ਗਿਰਝਾਂ ਦੇ ਝੁੰਡ ਵਿਚ ਜਿਵੇਂ ਕੋਈ ਮੋਰ ਲਿਸ਼ਕਦਾ ਹੈ, ਖੋਤਿਆਂ ਦੀ ਭੀੜ ਵਿਚ ਜਿਵੇਂ ਕੋਈ ਘੋੜਾ ਅਤੇ ਹਿਰਨਾਂ ਦੀ ਡਾਰ ਵਿਚ ਜਿਵੇਂ ਕੋਈ ਸ਼ੇਰ ਝੱਟ ਪਛਾਣਿਆ ਜਾਂਦਾ ਹੈ; ਤਿਵੇਂ ਹੀ ਮੇਰਾ ਸਿੱਖ ਵੱਖ-ਵੱਖ ਮੱਤਾਂ ਦੇ ਲੋਕਾਂ ਵਿਚ ਪਹਿਲੀ ਨਜ਼ਰੇ ਪਛਾਣਿਆ ਜਾ ਸਕੇਗਾ।

ਇਸ ਪ੍ਰਕਾਰ ਵਿਸਾਖੀ ਵਾਲੇ ਦਿਨ 30 ਮਾਰਚ, 1699 ਈ ਨੂੰ ਅਨੰਦਪੁਰ ਸਾਹਿਬ ਦੀ ਧਰਤੀ ‘ਤੇ ਜੋ ਕੁੱਝ ਵਾਪਰਿਆ, ਉਹ ਲਾ-ਮਿਸਾਲ ਸੀ ਜਿਸ ਦੀ ਉਦਾਹਰਣ ਦੁਨੀਆਂ ਦੇ ਕਿਸੇ ਵੀ ਖੇਤਰ ਵਿਚੋਂ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੇ ਭਰੇ ਪੰਡਾਲ ਵਿਚ ਗਰਜਵੀਂ ਆਵਾਜ਼ ਵਿਚ ਕਿਹਾ-ਹੈ ਕੋਈ ਗੁਰੂ ਦਾ ਸਿੱਖ ਜੋ ਆਪਣੇ ਗੁਰੂ ਲਈ ਸੀਸ ਭੇਂਟ ਕਰ ਸਕਦਾ ਹੋਵੇ? ਦਿਵਾਨ ਵਿਚ ਸੰਨਾਟਾ ਛਾ ਗਿਆ। ਜਦੋਂ ਗੁਰੂ ਜੀ ਨੇ ਤੀਜੀ ਵਾਰ ਲਲਕਾਰਿਆ ਤਾਂ ਲਾਹੌਰ ਦਾ ਵਾਸੀ ਦਇਆ ਰਾਮ ਉਠ ਖਲੋਇਆ ਅਤੇ ਗੁਰੂ ਜੀ ਦੇ ਸਨਮੁੱਖ ਹੋ ਕੇ ਬੋਲਿਆ, “ਮੈਂ ਹਾਜ਼ਿਰ ਹਾਂ।” ਗੁਰੂ ਸਾਹਿਬ ਉਸ ਨੂੰ ਤੰਬੂ ਵਿਚ ਲੈ ਗਏ, ਜ਼ੋਰ ਦੀ ਆਵਾਜ਼ ਆਈ ਅਤੇ ਲਹੂ ਭਿੱਜੀ ਤਲਵਾਰ ਲੈ ਕੇ ਗੁਰੂ ਸਾਹਿਬ ਫਿਰ ਪੰਡਾਲ ਵਿਚ ਆਏ ਅਤੇ ਇਕ ਹੋਰ ਸੀਸ ਦੀ ਮੰਗ ਕੀਤੀ।

ਇਸੇ ਤਰ੍ਹਾਂ ਵਾਰ-ਵਾਰ ਪੰਜ ਸਿਰਾਂ ਦੀ ਮੰਗ ਕੀਤੀ ਅਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਦੂਜੀ ਵਾਰ ਭਾਈ ਧਰਮ ਦਾਸ, ਫਿਰ ਹਿੰਮਤ ਰਾਏ, ਮੋਹਕਮ ਚੰਦ ਅਤੇ ਸਾਹਿਬ ਚੰਦ ਨੇ ‘ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ’ ਦੇ ਪਵਿੱਤਰ ਵਾਕ ‘ਤੇ ਸ਼ਰਧਾ ਦੇ ਫੁੱਲ ਚੜ੍ਹਾਉਂਦਿਆਂ ਆਪਣੇ ਆਪ ਨੂੰ ਗੁਰੂ ਜੀ ਦੇ ਹਵਾਲੇ ਕੀਤਾ ਅਤੇ ਪੰਜਾਂ ਸਿੰਘਾਂ ਨਾਲ ਉਹੀ ਪਹਿਲੀ ਘਟਨਾ ਵਾਪਰੀ। ਕੁੱਝ ਇਤਿਹਾਸਕਾਰਾਂ ਦੇ ਕਹਿਣ ਅਨੁਸਾਰ ਤੰਬੂ ਵਿਚ ਪਹਿਲਾਂ ਹੀ ਬੱਕਰੇ ਬੰਨ੍ਹੇ ਹੋਏ ਸਨ ਜਦੋਂ ਗੁਰੂ ਸਾਹਿਬ ਇਕ ਸਿੰਘ ਨੂੰ ਲੈ ਕੇ ਜਾਂਦੇ ਤਾਂ ਇੱਕ ਬੱਕਰੇ ਨੂੰ ਝਟਕਾ ਦਿੰਦੇ ਸਨ। ਕੁੱਝ ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਜੀ ਨੇ ਪਹਿਲਾਂ ਪੰਜਾਂ ਸਿੰਘਾਂ ਦੇ ਸਿਰ, ਧੜ ਨਾਲੋਂ ਵੱਖ ਕੀਤੇ ਅਤੇ ਬਾਅਦ ਵਿਚ ਫਿਰ ਜੀਵਤ ਕਰ ਦਿੱਤਾ। ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ, “ਅੰਦਰ ਤੰਬੂ ਵਿਚ ਉਨ੍ਹਾਂ ਪੰਜਾਂ ਨਾਲ ਕੀ ਬੀਤੀ, ਇਹ ਕਹਿਣਾ ਅਸੰਭਵ ਹੈ; ਸਿਰਫ ਇਤਨਾ ਹੀ ਕਹਿਣਾ ਫੱਬਦਾ ਹੈ ਕਿ ਉਹ ਪ੍ਰੀਖਿਆ ਦਾ ਦਿਨ ਸੀ ਅਤੇ ਕੋਈ ਵੀ ਪ੍ਰੀਖਿਆਕਾਰ ਆਪਣਾ ਪਰਚਾ ਪਹਿਲਾਂ ਨਹੀਂ ਦੱਸਦਾ। ਇਹ ਤਾਂ ਇਮਤਿਹਾਨ ਲੈਣ

*(ਬਾਕੀ ਅਗਲੇ ਸਫੇ ’ਤੇ)*

# ਖਾਲਸੇ ਦੀ ਸਿਰਜਣਾ-1699 ਦੀ ਵਿਸਾਖੀ

ਸੰਗਤ ਸਾਹਮਣੇ ਭਰੇ ਦਰਬਾਰ ਦੇ ਵਿਚ
ਬੈਠੇ ਹੋਏ ਸਨ ਹੋ ਕੇ ਅੰਤਰਧਿਆਨ ਸਤਿਗੁਰ।
ਖੁਮਾਰ ਨੈਣਾਂ ਤਾਂਈ ਖੋਲ੍ਹ ਕੇ ਕਦੇ ਕਦੇ
ਬਖੇਰ ਰਹੇ ਸਨ ਇਲਾਹੀ ਮੁਸਕਾਨ ਸਤਿਗੁਰ।
ਅਚਨਚੇਤ ਉਠ ਕੇ ਤੰਬੂ ਵਿਚ ਵੜ ਗਏ
ਜਿਉਂ ਕੋਈ ਕਰ ਰਹੇ ਕਾਰਜ ਮਹਾਨ ਸਤਿਗੁਰ।
ਝੱਟ ਪਿੱਛੋਂ ਫਿਰ ਗਰਜੇ ਸਟੇਜ ‘ਤੇ ਆ
ਹੱਥ ‘ਚ ਪਕੜ ਕੇ ਨੰਗੀ ਕਿਰਪਾਨ ਸਤਿਗੁਰ।
ਇਕ ਸਿੱਖ ਦੇ ਸਿਰ ਦੀ ਹੈ ਲੋੜ ਮੈਨੂੰ
ਗੱਜ ਕੇ ਸ਼ੇਰ ਵਾਂਗੂ ਦਿੱਤਾ ਫੁਰਮਾਨ ਸਤਿਗੁਰ।
ਚੁੱਪ ਛਾ ਗਈ ਭਰੇ ਦਰਬਾਰ ਦੇ ਵਿਚ
ਵੇਖ ਵੇਖ ਸੰਗਤ ਵੱਲ ਪਏ ਮੁਸਕਾਨ ਸਤਿਗੁਰ।
ਆਖਰ ਹੱਥ ਬੰਨ੍ਹ ਉਠਿਆ ਇਕ ਸੂਰਾ
ਹਾਜ਼ਰ ਹਜ਼ੂਰ ਲਈ ਇਹ ਮੇਰੀ ਜਾਨ ਸਤਿਗੁਰ।
ਫੜ ਕੇ ਸਿੱਖ ਨੂੰ ਤੰਬੂ ਦੇ ਵਿਚ ਲੈ ਗਏ
ਪਰਤੇ ਤੇਗ ਲੈ ਕੇ ਫਿਰ ਲਹੂ-ਲੁਹਾਨ ਸਤਿਗੁਰ।
ਰਹਿੰਦੇ-ਖੂੰਹਦੇ ਪ੍ਰਾਣ ਵੀ ਖੁਸ਼ਕ ਹੋ ਗਏ
ਇਹ ਕੀ ਲੱਗੇ ਅੱਜ ਭਾਣਾ ਵਰਤਾਣ ਸਤਿਗੁਰ।
ਘੁਸਰ-ਮੁਸਰ ਸਭ ਪਾਸੇ ਸ਼ੁਰੂ ਹੋ ਗਈ
ਨਿਹਾਰ ਰਹੇ ਸਨ ਬਣ ਕੇ ਨਿਗਾਹਬਾਨ ਸਤਿਗੁਰ।
ਕਈਆਂ ਸਿਰ ਸੁੱਟੇ, ਕਈ ਜਾਣ ਖਿਸਕੇ
ਲੱਗਦੈ ਰਹੇ ਨਹੀਂ ਅੱਜ ਅਕਲਵਾਨ ਸਤਿਗੁਰ।
ਕਈਆਂ ਰੋਟ ਸੁੱਖੇ, ਕਈਆਂ ਛਤਰ ਸੁੱਖੇ
ਬਖਸ਼ ਦੇਣ ਜੇਕਰ ਸਾਡੇ ਅੱਜ ਪ੍ਰਾਣ ਸਤਿਗੁਰ।
ਉਸੇ ਤਰ੍ਹਾਂ ਪੰਜ ਸਿੱਖਾਂ ਨੇ ਸੀਸ ਅਰਪੇ
ਵਾਰੋ ਵਾਰੀ ਸਭ ਨੂੰ ਅੰਦਰ ਲੈ ਜਾਣ ਸਤਿਗੁਰ।
ਹਰ ਵਾਰੀ ‘ਕੱਟਚ’ ਦੀ ਅਵਾਜ਼ ਆਵੇ
ਲੱਗੇ ਜਿਵੇਂ ਸਭ ਨੂੰ ਝਟਕਾਈ ਜਾਣ ਸਤਿਗੁਰ।
ਛੇਵੀਂ ਵਾਰ ਜਦੋਂ ਗੁਰ ਨਾ ਬਾਹਰ ਆਏ
ਉਤਸੁਕਤਾ ਸੰਗਤਾਂ ਦੀ ਲੱਗੇ ਵਧਾਣ ਸਤਿਗੁਰ।
ਕੁਝ ਸਮੇਂ ਪਿਛੋਂ ਸੰਗਤ ਵਿਚ ਹੋਏ ਪ੍ਰਗਟ
ਮਗਰ ਸਿੱਖ ਪੰਜੇ ਸਨ ਅੱਗੇ ਮਹਾਨ ਸਤਿਗੁਰ।
ਰੱਬੀ ਨੂਰ ਸੀ ‘ਪੰਜਾਂ’ ਦੇ ਚਿਹਰਿਆਂ ’ਤੇ
ਵੇਖ ਵੇਖ ਸਦਕੇ ਪਏ ਪੰਜਾਂ ਦੇ ਜਾਣ ਸਤਿਗੁਰ।
ਪਹਿਣ ਰੱਖੇ ਸਨ ਪੰਜਾਂ ‘ਕਕਾਰ’ ਪੰਜੇ
ਨਿਆਰੀ ਸ਼ੱਬ ਦਿਤੀ ਸੋਢੀ ਸੁਲਤਾਨ ਸਤਿਗੁਰ।
ਖਲਕਤ ਵੇਖ ਕੇ ਸਾਰੀ ਹੈਰਾਨ ਹੋ ਗਈ
ਇਹ ਕੀ ਕਾਰਜ ਕੀਤਾ ਵੱਡਾ ਮਹਾਨ ਸਤਿਗੁਰ।
ਕਾਇਆ ਕਲਪ ਕੀਤੀ ਨਵਾਂ ਰੂਪ ਦੇ ਕੇ
ਸ਼ਕਲੋ-ਸੂਰਤ ਪਏ ਨਿਆਰੀ ਬਣਾਉਣ ਸਤਿਗੁਰ।
ਫਿਰ ਖੰਡੇ ਦੀ ‘ਪਹੁਲ’ ਤਿਆਰ ਕਰ ਕੇ
‘ਸਰਬ ਲੋਹ’ ਬਾਟੇ ’ਚੋਂ ਲੱਗੇ ਛਕਾਣ ਸਤਿਗੁਰ
ਊਚ-ਨੀਚ ਦਾ ਫਰਕ ਮਿਟਾ ਇਸ ਤਰ੍ਹਾਂ
ਵੱਡੇ ਹੰਕਾਰੀਆਂ ਤਾਂਈ ਕੀਤਾ ਹੈਰਾਨ ਸਤਿਗੁਰ।
ਸਾਜਿਆ ਖਾਲਸਾ ਦੱਬਿਆਂ ਕੁਚਲਿਆਂ ‘ਚੋਂ
ਡਰਾਕਲ ਗਿੱਦੜਾਂ ਕੋਲੋਂ ਸ਼ੇਰ ਬਣਾਉਣ ਸਤਿਗੁਰ।
ਇਹ ‘ਪੰਜ ਪਿਆਰੇ’ ਖਾਲਸਾ ਪੰਥ ਮੇਰਾ
ਭਰੇ ਦਰਬਾਰ ਸਾਹਵੇਂ ਕੀਤਾ ਐਲਾਨ ਸਤਿਗੁਰ।
ਇਹ ਪੰਥ ਰੂਪ ਮੇਰਾ, ਪਿੰਡ ਪਰਾਣ ਮੇਰਾ
ਸਖਾ ਮੀਤ ਮੇਰਾ ਬਣਿਆ ਸ਼ਾਨੇ-ਸ਼ਾਨ ਸਤਿਗੁਰ।
ਬਖਸ਼ਿਆ ਤੇਜ ਪਰਤਾਪ ਮੈਂ ਰੂਪ ਆਪਣਾ
ਚੜ੍ਹਦੀ ਕਲਾ ਵਾਲਾ ਝੂਲਦਾ ਨਿਸ਼ਾਨ ਸਤਿਗੁਰ।
ਅੰਗ-ਸੰਗ ਇਸ ਦੇ ਸਦਾ ਰਹਵਾਂਗਾ ਮੈਂ
ਮੋੜ ਮੁਖ ਨਾ ਬਿੱਪਰੇ, ਲੱਗੇ ਫੁਰਮਾਣ ਸਤਿਗੁਰ।
ਦੀਦਾਰ ਖਾਲਸੇ ਦਾ, ਮੇਰਾ ਦੀਦਾਰ ਹੋਸੀ
ਬਖਸ਼ਿਆ ਖਾਲਸੇ ਨੂੰ ਰੁਤਬਾ ਮਹਾਨ ਸਤਿਗੁਰ।
ਕਰਕੇ ਖਾਲਸੇ ਦੀ ਸਾਜਨਾ ਪਰਿਪੂਰਨ
ਜੁਗੋਂ ਬਾਹਰਲਾ ਉਠ ਕੌਤਕ ਵਰਤਾਣ ਸਤਿਗੁਰ।
ਹੱਥ ਜੋੜ ਅੱਗੇ ‘ਪੰਜਾਂ ਪਿਆਰਿਆਂ’ ਦੇ
ਅੰਮ੍ਰਿਤ ਦਾਤ ਮੰਗੀ ਜਾਂ ਗੁਣੀਨਿਧਾਨ ਸਤਿਗੁਰ।
ਸਿਰ ਦੇ ਅਸਾਂ ਅੰਮ੍ਰਿਤ ਦੀ ਦਾਤ ਪਾਈ
ਗੋਬਿੰਦ ਤਾਰੇਗਾ ਕੀ ਇਹਦਾ ਲਗਾਨ ਸਤਿਗੁਰ।
ਘਰ-ਬਾਹਰ ਸਭੋ, ਨਾਲੇ ਪਰਿਵਾਰ ਸਾਰਾ
ਗੋਬਿੰਦ ਕਰ ਦਏਗਾ ਇਸ ਤੋਂ ਕੁਰਬਾਨ ਸਤਿਗੁਰ।
ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਿਆ
ਕਰਕੇ ਪੰਜਾਂ ਹੱਥੋਂ ਫਿਰ ਅੰਮ੍ਰਿਤ-ਪਾਨ ਸਤਿਗੁਰ।
ਗੁਰੂ ਖਾਲਸਾ ਅਤੇ ਖਾਲਸਾ ਗੁਰੂ ਹੋਇਆ
ਅਦੁਤੀ ਪੂਰਨੇ ਪਾਏ ਸ਼ਾਹ-ਏ-ਸ਼ਹਾਨ ਸਤਿਗੁਰ।
ਮੁਰਦਾ ਕੌਮ ਵਿਚ ਐਸੀ ਚਾ ਰੂਹ ਫੂਕੀ
ਚਿੜੀਆਂ ਬਾਜਾਂ ਨਾਲ ‘ਝਪਟਾਂ’ ਲਾਣ ਸਤਿਗੁਰ।
ਜੂਲਾ ਗਲ ‘ਚੋਂ ਗੁਲਾਮੀ ਦਾ ਲਾਹ ਸੁਟਿਆ
ਰਿਣੀ ਰਹੇਗਾ ਸਦਾ ਤੇਰਾ ਹਿੰਦੁਸਤਾਨ ਸਤਿਗੁਰ।
ਸੱਚੇ ‘ਪਾਤਸ਼ਾਹ’ ਤੇਰੀਆਂ ਰਹਿਮਤਾਂ ਦਾ
ਕਦੇ ਕਰ ਸਕਦਾ ਨਹੀਂ ‘ਚੰਨ’ ਬਿਆਨ ਸਤਿਗੁਰ।

*-ਚੰਨ*
*ਫੋਨ: 908-788-8427*

# ਤੇਰਾ ਭਾਣਾ ਤੂਹੈ ਮਨਾਇਹਿ...

**ਗੁਰਬਾਣੀ ਗਿਆਨ**

ਰਾਗ ਸੂਹੀ ਮਹਲਾ 5 ਘਰੁ 7
ਤੇਰਾ ਭਾਣਾ ਤੂਹੈ ਮਨਾਇਹਿ
ਜਿਸ ਨੋ ਹੋਹਿ ਦਇਆਲਾ॥
ਸਾਈ ਭਗਤਿ ਜੋ ਤੁਧੁ ਭਾਵੈ
ਤੂੰ ਸਰਬ ਜੀਆ ਪ੍ਰਤਿਪਾਲਾ॥੧॥
ਮੇਰੇ ਰਾਮ ਰਾਇ
ਸੰਤਾ ਟੇਕ ਤੁਮ੍ਹਾਰੀ॥
ਜੋ ਤੁਧੁ ਭਾਵੈ ਸੋ ਪਰਵਾਣੁ
ਮਨਿ ਤਨਿ ਤੂਹੈ ਅਧਾਰੀ॥੧॥ਰਹਾਉ॥
ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ
ਨਿਧਿ ਮਨਸਾ ਪੂਰਣਹਾਰਾ॥
ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ
ਤੂੰ ਭਗਤਨ ਕਾ ਪਿਆਰਾ॥੨॥
ਤੂ ਅਥਾਹੁ ਅਪਾਰੁ ਅਤਿ ਉਚਾ
ਕੋਈ ਅਵਰੁ ਨ ਤੇਰੀ ਭਾਤੇ॥
ਇਹ ਅਰਦਾਸਿ ਹਮਾਰੀ ਸੁਆਮੀ
ਵਿਸਰੁ ਨਾਹੀ ਸੁਖਦਾਤੇ॥੩॥
ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ
ਜੇ ਸੁਆਮੀ ਤੁਧੁ ਭਾਵਾ॥
ਨਾਮੁ ਤੇਰਾ ਸੁਖੁ ਨਾਨਕੁ ਮਾਗੈ
ਸਾਹਿਬ ਤੁਠੈ ਪਾਵਾ॥੪॥

ਗੁਰਦੇਵ ਪਿਤਾ ਜੀ ਅਰਦਾਸ ਕਰਦੇ ਹਨ- ਹੇ ਮੇਰੇ ਮਿਹਰਬਾਨ ਪ੍ਰਭ ਜੀਉ! ਜਦ ਤੂੰ ਦਇਆ ਵਿਚ ਆ ਕੇ ਜਿਸ ਵੀ ਜੀਵ ਉਤੇ ਦਇਆਵਾਨ ਹੁੰਦਾ ਹੈਂ ਤਾਂ ਆਪ ਹੀ ਉਸ ਜੀਵ ਨੂੰ ਆਪਣੇ ਭਾਣੇ ਵਿਚ ਰਹਿਣ ਲਈ ਬਖ਼ਸ਼ਿਸ਼ ਭੀ ਕਰਦਾ ਹੈਂ। ਹੇ ਪ੍ਰਭੂ ਜੀਉ! ਸਾਈ ਭਗਤਿ, ਭਾਵ ਸਹੀ ਭਗਤੀ ਤਾਂ ਉਹੋ ਹੀ ਹੁੰਦੀ ਹੈ ਜੋ ਤੈਨੂੰ ਭਾਵੇ। ਪ੍ਰਭੂ ਜੀਉ, ਤੂੰ ਤਾਂ ਸੰਸਾਰ ਦੇ ਸਾਰੇ ਜੀਵਾਂ ਦੀ ਪ੍ਰਤਿਪਾਲਣਾ ਕਰਨ ਵਾਲਾ ਹੈਂ। ਮੇਰੇ ਰਾਮਰਾਇ, ਭਾਵ ਮੇਰੇ ਪਾਤਸ਼ਾਹ ਪ੍ਰਭੂ ਜੀਉ! ਤੇਰੇ ਸੰਤਾਂ ਨੂੰ ਟੇਕ, ਭਾਵ ਸਦਾ ਤੇਰਾ ਹੀ ਆਸਰਾ ਹੈ। ਹੇ ਪ੍ਰਭੂ! ਜੋ ਤੈਨੂੰ ਚੰਗਾ ਲੱਗਦਾ ਹੈ, ਤੇਰੇ ਸੰਤਾਂ ਨੂੰ ਉਹੀ ਪ੍ਰਵਾਨ ਹੁੰਦਾ ਹੈ, ਕਿਉਂਕਿ ਸੰਤਾਂ ਦੇ ਮਨ ਅਤੇ ਤਨ ਦਾ ਤੂੰ ਹੀ ਆਸਰਾ ਹੈਂ।

ਤੂੰ ਦਇਆਲੁ ਕ੍ਰਿਪਾਲੁ
ਕ੍ਰਿਪਾ ਨਿਧਿ ਮਨਸਾ ਪੂਰਣਹਾਰਾ॥
ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ
ਤੂੰ ਭਗਤਨ ਕਾ ਪਿਆਰਾ॥੨॥

ਹੇ ਸੰਸਾਰ ਦੇ ਪਾਲਣਹਾਰ ਪ੍ਰਭੂ ਜੀਉ! ਤੂੰ ਤਾਂ ਦਇਆ ਦਾ ਸਾਗਰ ਹੈਂ ਅਤੇ ਕ੍ਰਿਪਾਲੁ, ਭਾਵ ਕ੍ਰਿਪਾ ਦਾ ਘਰ ਭੀ ਹੈਂ; ਕ੍ਰਿਪਾ ਨਿਧਿ, ਭਾਵ ਮਿਹਰਾਂ ਦਾ ਖ਼ਜ਼ਾਨਾ ਹੈਂ ਅਤੇ ਆਪਣੇ ਪਿਆਰੇ ਭਗਤ ਜਨਾਂ ਦੀ ਮਨਸ਼ਾ, ਭਾਵ ਮਨੋਕਾਮਨਾ ਭੀ ਪੂਰੀਆਂ ਕਰਨ ਵਾਲਾ ਹੈਂ। ਹੇ ਪ੍ਰਾਣਪਤਿ, ਮੇਰੇ ਪ੍ਰਾਣਾਂ ਦੇ ਮਾਲਕ ਪ੍ਰਭੂ ਜੀਉ! ਹੇ ਮੇਰੇ ਪਿਆਰੇ ਪ੍ਰੀਤਮ ਜੀਉ! ਤੇਰੇ ਸਾਰੇ ਹੀ ਭਗਤ ਤੈਨੂੰ ਪਿਆਰੇ ਲਗਦੇ ਹਨ ਅਤੇ ਤੇਰੇ ਭਗਤ ਜਨਾਂ ਨੂੰ ਪ੍ਰਭ ਜੀਉ, ਤੂੰ ਪਿਆਰਾ ਲਗਦਾ ਹੈਂ।

ਤੂ ਅਥਾਹੁ ਅਪਾਰੁ ਅਤਿ ਉਚਾ
ਕੋਈ ਅਵਰੁ ਨ ਤੇਰੀ ਭਾਤੇ॥
ਇਹ ਅਰਦਾਸਿ ਹਮਾਰੀ ਸੁਆਮੀ
ਵਿਸਰੁ ਨਾਹੀ ਸੁਖਦਾਤੇ॥੩॥

ਹੇ ਮੇਰੇ ਮਿਹਰਾਂ ਦੇ ਮਾਲਕ ਪ੍ਰਭੂ ਜੀਉ! ਤੂੰ ਅਥਾਹੁ, ਭਾਵ ਤੇਰੇ ਅੰਦਰ ਦੀ ਡੂੰਘਾਈ ਦਾ ਥਾਹ ਨਹੀਂ ਪਾਇਆ ਜਾ ਸਕਦਾ; ਅਪਾਰੁ, ਭਾਵ ਹੇ ਮਿਹਰਾਂ ਦੇ ਸਾਗਰ! ਤੇਰੀ ਤਾਕਤ ਦਾ ਪਰਲਾ ਬੰਨਾ ਕਦੀ ਨਹੀਂ ਲੱਭ ਸਕਦਾ। ਅਤਿ ਉਚਾ, ਭਾਵ ਤੂੰ ਬਹੁਤ ਹੀ ਉਚਾ ਹੈਂ, ਕੋਈ ਗਿਣਤੀ ਮਿਣਤੀ ਨਹੀਂ ਹੋ ਸਕਦੀ। ਤੇਰੀ ਭਾਤੇ, ਭਾਵ ਤੇਰੇ ਜੈਸਾ ਹੋਰ ਕੋਈ ਹੈ ਹੀ ਨਹੀਂ। ਹੇ ਸੁੱਖਾਂ ਦੀ ਬਖ਼ਸ਼ਿਸ਼ ਕਰਨ ਵਾਲੇ ਦਾਤਾ! ਸਾਡੀ ਜੀਵਾਂ ਦੀ ਤੇਰੇ ਚਰਨਾਂ ਵਿਚ ਇਹ ਹੀ ਅਰਦਾਸ ਹੈ ਕਿ ਤੂੰ ਸਾਨੂੰ ਕਦੀ ਵੀ ਨਾ ਭੁੱਲੇਂ ਤੇ ਅਸੀਂ ਸਵਾਸ-ਸਵਾਸ ਤੇਰਾ ਸਿਮਰਨ ਕਰਦੇ ਰਹੀਏ।

ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ
ਜੇ ਸੁਆਮੀ ਤੁਧੁ ਭਾਵਾ॥
ਨਾਮੁ ਤੇਰਾ ਸੁਖੁ ਨਾਨਕੁ ਮਾਗੈ
ਸਾਹਿਬ ਤੁਠੈ ਪਾਵਾ॥੪॥

ਗੁਰਦੇਵ ਪਿਤਾ ਪ੍ਰਭੂ ਜੀ ਕੋਲ ਬੇਨਤੀ ਕਰਦੇ ਹਨ-ਹੇ ਮੇਰੇ ਮਿਹਰਾਂ ਦੇ ਮਾਲਕ ਪ੍ਰਭੂ ਜੀਉ! ਤੁਧੁ ਭਾਵਾ, ਹੇ ਸੁਆਮੀ! ਜੇ ਤੈਨੂੰ ਚੰਗਾ ਲੱਗੇ, ਜੇ ਤੇਰੀ ਮਿਹਰ ਹੋ ਜਾਵੇ, ਤਾਂ ਪ੍ਰਭੂ ਮੈਂ ਦਿਨ-ਰਾਤ ਭਾਵ ਹਰ ਸਮੇਂ ਹਰ ਇਕ ਸਵਾਸ ਦੇ ਨਾਲ ਤੇਰੇ ਸੋਹਣੇ ਗੁਣਾਂ ਦਾ ਗਾਇਨ ਕਰਦਾ ਰਵਾਂ। ਹੇ ਮੇਰੇ ਸੁਆਮੀ ਜੀਉ! ਹੇ ਸੁੱਖਾਂ ਦੇ ਦਾਤੇ!! ਤੇਰਾ ਇਹ ਦਾਸ ਨਾਨਕ ਤੈਥੋਂ ਤੇਰੇ ਨਾਮ ਦੀ ਦਾਤ ਮੰਗਦਾ ਹੈ। ਮੇਰੇ ਲਈ ਨਾਮ ਹੀ ਸੁਖਦਾਈ ਹੈ। ਹੇ ਮੇਰੇ ਸਾਹਿਬ ਜੀ! ਮੈਨੂੰ ਆਪਣੇ ਨਾਮ ਦੀ ਦਾਤ ਦੇ ਦੇਹ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਵਿਸਾਖੀ, ਢੋਲ ਅਤੇ ਭੰਗੜਾ

ਜਸਵੰਤ ਸਿੰਘ ਵਿਰਦੀ

ਇਕ ਲੋਕ ਕਥਾ ਮੁਤਾਬਿਕ ਵਿਸਾਖੀ ਵਾਲੇ ਦਿਨ ਭੰਗੜੇ ਵਿਚ ਵਿਸ਼ਵ ਦਾ ਸਭ ਤੋਂ ਵੱਡਾ ਨਟਰਾਜ ਸ਼ਿਵ ਜੀ ਵੀ ਪੰਜਾਬੀਆਂ ਨਾਲ ਰਲ ਕੇ ਭੰਗੜਾ ਪਾਉਂਦਾ ਹੈ। ਕਿਹੀ ਰੰਗੀਨ ਕਲਪਨਾ ਹੈ ਲੋਕ ਕਥਾ ਦੀ!

ਵਿਸਾਖੀ ਦਾ ਤਿਉਹਾਰ ਸੰਸਾਰ ਭਰ ਦੇ ਦੇਸ਼ਾਂ ਵਿਚ ਵਸੇ ਹੋਏ ਪੰਜਾਬੀਆਂ ਦਾ ਕੌਮੀ ਜਸ਼ਨ ਹੈ। ਵਿਸਾਖੀ ਦਾ ਨਾਂ ਲੈਂਦਿਆਂ ਹੀ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਵਧ ਜਾਂਦੀ ਹੈ ਅਤੇ ਉਨ੍ਹਾਂ ਦੇ ਸਰੀਰ ਥਿਰਕਣ ਦੀ ਅਵਸਥਾ ਵਿਚ ਪੁੱਜ ਜਾਂਦੇ ਹਨ। ਫਿਰ ਜਿਹੜਾ ਨਾਚ ਸ਼ੁਰੂ ਹੁੰਦਾ ਹੈ, ਉਹ ਭੰਗੜਾ ਹੈ। ਭੰਗੜਾ ਪਾਉਣ ਵਾਲੇ ਧਰਤੀ ਆਕਾਸ਼ ਨੂੰ ਇਕ ਕਰ ਦਿੰਦੇ ਹਨ। ਇਸ ਲਈ ਇਹ ਸੱਚ ਹੀ ਹੈ ਕਿ ਭੰਗੜਾ ਪੰਜਾਬੀਆਂ ਦਾ ਕੌਮੀ ਨਾਚ ਹੈ। ਭੰਗੜਾ ਪਾਉਣ ਵਾਲੇ ਪੰਜਾਬੀ ਤਨ ਮਨ ਦੇ ਡਾਢੇ ਸਿਹਤਮੰਦ ਹੁੰਦੇ ਹਨ। ਕਮਜ਼ੋਰ ਤਨ ਮਨ ਵਾਲੇ ਲੋਕ ਭੰਗੜਾ ਨਹੀਂ ਪਾ ਸਕਦੇ। ਇਸੇ ਕਰ ਕੇ ਭੰਗੜਾ ਦੁਨੀਆਂ ਭਰ ਦੇ ਲੋਕਾਂ ਵਿਚ ਹਰਮਨ ਪਿਆਰਾ ਨਹੀਂ ਹੋ ਸਕਿਆ। ਹਰ ਦੇਸ਼ ਵਿਚ ਹਰ ਥਾਂ ਭੰਗੜਾ ਪਾਉਣ ਵਾਲੇ ਪੰਜਾਬੀ ਹੀ ਹੁੰਦੇ ਹਨ।

ਦੁਨੀਆਂ ਭਰ ਵਿਚ ਪੰਜਾਬੀ ਖੁਸ਼ ਰਹਿਣੇ ਲੋਕ ਹਨ। ਉਹ ਚੰਗਾ ਖਾਂਦੇ ਤੇ ਚੰਗਾ ਬੋਲਦੇ ਹਨ (ਕਈ ਵਾਰ ਮੰਦਾ ਵੀ ਬੋਲਦੇ ਹਨ) ਅਤੇ ਖੁੱਲ੍ਹ ਕੇ ਹੱਸਦੇ ਹਨ। ਜਿਥੇ ਕਿਤੇ ਵੀ ਤੁਹਾਨੂੰ ਖੁੱਲ੍ਹ ਕੇ ਹੱਸਣ ਵਾਲੇ ਲੋਕ ਦਿਸਣ, ਤੁਸੀਂ ਬਿਨਾਂ ਸੋਚੇ ਸਮਝੇ ਹੀ ਕਹਿ ਸਕਦੇ ਹੋ ਕਿ ਇਹ ਪੰਜਾਬੀ ਹਨ। ਇਹ ਵੀ ਪੰਜਾਬੀਆਂ ਨੂੰ ਕੁਦਰਤ ਦਾ ਵੱਡਾ ਵਰਦਾਨ ਹੈ। ਪੰਜਾਬੀ ਆਪਣੇ ਆਪ 'ਤੇ ਵੀ ਹੱਸ ਸਕਦੇ ਹਨ।

ਦੁਨੀਆਂ ਭਰ ਵਿਚ ਪੰਜਾਬੀ ਖੁਸ਼ ਰਹਿਣੇ ਲੋਕ ਇਸ ਲਈ ਹਨ ਕਿਉਂਕਿ ਉਹ ਸਿਹਤਮੰਦ ਹੋਣ ਕਰ ਕੇ ਸਰੀਰਕ ਬਲ ਦੇ ਪੱਖੋਂ ਤਕੜੇ ਹਨ ਅਤੇ ਤਕੜੇ ਹੋਣ ਕਾਰਨ ਹੀ ਰੱਜ ਕੇ ਕੰਮ ਕਰਦੇ ਹਨ। ਰੱਜ ਕੇ ਕੰਮ ਕਰਨ ਵਾਲੇ ਨਿਸ਼ਚਿੰਤ ਅਤੇ ਖੁਸ਼ ਰਹਿਣੇ ਹੀ ਹੋਣਗੇ; ਇਹ ਕੁਦਰਤ ਦਾ ਅਸੂਲ ਹੈ। ਇਸ ਪੱਖੋਂ ਪੰਜਾਬੀ ਕੁਦਰਤ ਦੇ ਲਾਡਲੇ ਪੁੱਤਰ ਹਨ ਪਰ ਜੇ ਇਨ੍ਹਾਂ ਨੂੰ ਨਸ਼ੇ ਨਾ ਖਾ ਜਾਣ, ਤਾਂ।

ਕੁਦਰਤ ਦੇ ਇਹ ਲਾਡਲੇ ਪੁੱਤਰ ਦੁਨੀਆਂ ਭਰ ਵਿਚ ਸਭ ਤੋਂ ਵੱਧ ਅਨਾਜ ਪੈਦਾ ਕਰਦੇ ਹਨ, ਕਮਾਲ ਦੇ ਕਾਰੀਗਰ ਹਨ ਅਤੇ ਚਤੁਰ ਵਪਾਰੀ ਹਨ। ਗੋਰੀਆਂ ਕੌਮਾਂ ਦੇ ਮੁਕਾਬਲੇ ਇਹ ਕੁਝ ਘੱਟ ਹੀ ਚਤੁਰ ਹਨ। ਗੋਰੀਆਂ ਕੌਮਾਂ ਦੀ ਚਤਰਾਈ ਤਾਂ ਜੱਗ ਜ਼ਾਹਰ ਹੈ ਹੀ...।

ਪੰਜਾਬ ਵਿਚ ਖਾਸ ਕਰ ਕੇ ਕਣਕ ਦੀ ਫ਼ਸਲ ਅਪ੍ਰੈਲ ਮਈ ਅਰਥਾਤ ਵਿਸਾਖ ਵਿਚ ਤਿਆਰ ਹੁੰਦੀ ਹੈ। ਉਸ ਵੇਲੇ ਪੀਲੇ ਰੰਗ ਦੀ ਇਹ ਫ਼ਸਲ ਸੋਨੇ ਵਾਂਗ ਲਗਦੀ ਹੈ। ਤਦੇ ਹੀ ਕਣਕ ਨੂੰ ਸੰਸਕ੍ਰਿਤੀ 'ਚ ਸੋਨਾ ਤੇ ਧਤੂਰਾ ਕਿਹਾ ਜਾਂਦਾ ਹੈ। ਸੋਨਾ ਅਤੇ ਧਤੂਰਾ ਦੋਵੇਂ ਹੀ ਪ੍ਰਾਪਤ ਹੋ ਜਾਣ ਤਾਂ ਬੰਦਾ ਨਸ਼ਈ ਹੋ ਜਾਂਦਾ ਹੈ। ਜਿਵੇਂ ਇਹ ਦੋਹਾ ਵੀ ਹੈ:

ਕਣਕ ਕਣਕ ਤੇ ਸੌ ਗੁਣੀ ਮਾਦਿਕਤਾ ਅਧਿਕਾਇ।
ਇਹ ਖਾਏ ਬੌਰਾਏ ਜੱਗ ਉਹ ਪਾਇ ਬੌਰਾਇ।

ਬਸ ਇਹੋ ਕਾਰਨ ਹੈ ਕਿ ਕਣਕ ਦੀ ਫ਼ਸਲ ਪ੍ਰਾਪਤ ਕਰ ਕੇ ਪੰਜਾਬੀਆਂ ਨੂੰ ਨਸ਼ਾ ਚੜ੍ਹ ਜਾਂਦਾ ਹੈ ਅਤੇ ਉਹ ਨੱਚਣ ਲੱਗ ਪੈਂਦੇ ਹਨ। ਇਨ੍ਹਾਂ ਨਸ਼ਈ ਪੰਜਾਬੀਆਂ ਦਾ ਨਾਚ ਹੀ ਭੰਗੜਾ ਹੈ ਜਿਹੜਾ ਵਿਸਾਖੀ ਤੋਂ ਆਰੰਭ ਹੋ ਕੇ ਸਾਲ ਭਰ ਚੱਲਦਾ ਰਹਿੰਦਾ ਹੈ। ਜਨਮ ਦਿਨ ਹੋਵੇ, ਪੁੱਤਰ ਦਾ ਜਨਮ ਹੋਵੇ, ਵਿਆਹ ਦਾ ਉਤਸਵ ਹੋਵੇ ਅਤੇ ਜਾਂ ਦੀਵਾਲੀ ਦਾ ਤਿਉਹਾਰ ਹੋਵੇ; ਪੰਜਾਬੀ ਹਰ ਹਾਲਤ ਵਿਚ ਨੱਚਦਾ ਹੈ, ਭੰਗੜਾ ਪਾਉਂਦਾ ਹੈ। ਸ਼ਿਵ ਜੀ ਵੀ ਪੰਜਾਬੀਆਂ ਦੇ ਜਸ਼ਨ ਵਿਚ ਪਹੁੰਚਣਾ ਜ਼ਰੂਰੀ ਸਮਝਦੇ ਹਨ, ਪਰ ਇਥੇ ਇਕ ਗੱਲ ਕਰਨੀ ਹੋਰ ਬਾਕੀ ਹੈ ਅਤੇ ਉਹ ਹੈ ਢੋਲ ਦੇ ਕਮਾਲ ਦੀ। ਢੋਲ ਆਦਿ ਕਾਲ ਤੋਂ ਹੀ ਪੰਜਾਬੀਆਂ ਦਾ ਸਾਥੀ ਰਿਹਾ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਢੋਲ ਦੀ ਆਵਾਜ਼ ਪੰਜਾਬੀਆਂ ਦੇ ਸੁਭਾਅ ਵਾਂਗ ਹੀ ਕੁਰੱਖਤ ਹੈ, ਪਰ ਇਹ ਹਕੀਕਤ ਤਾਂ ਢੋਲੀ ਹੀ ਦੱਸ ਸਕਦੇ ਹਨ ਕਿ ਉਹ ਢੋਲ 'ਤੇ ਧੀਮੇ ਤਾਲ ਨਾਲ ਕਿਵੇਂ ਮਨ ਭਾਉਂਦਾ ਸੰਗੀਤ ਪੈਦਾ ਕਰਦੇ ਹਨ। ਢੋਲ ਦੇ ਇਸ ਮਨ ਭਾਉਂਦੇ ਸੰਗੀਤ ਵਾਂਗ ਹੀ ਪੰਜਾਬੀਆਂ ਦੀ ਮੁਹੱਬਤ ਹੈ। ਹੋਰ ਦੇਸ਼ਾਂ ਵਿਚ ਵੀ ਆਸ਼ਿਕ ਹੋਏ ਹੋਣਗੇ ਪਰ ਪੰਜਾਬੀਆਂ ਦੇ ਇਸ਼ਕ ਨੇ ਤਾਂ ਸੰਸਾਰ ਭਰ ਦੀਆਂ ਸੁੰਦਰੀਆਂ ਨੂੰ ਪਾਗਲ ਕੀਤਾ ਹੋਇਆ ਹੈ। ਪੰਜਾਬੀਆਂ ਨੇ ਸਭ ਤੋਂ ਵੱਧ ਦੇਸ਼ਾਂ ਦੀਆਂ ਸੁੰਦਰੀਆਂ ਵਿਆਹੀਆਂ ਹਨ।

ਕਹਿੰਦੇ ਨੇ ਕਿ ਪਿਛਲੀਆਂ ਸਦੀਆਂ 'ਚ ਢੋਲ ਨੂੰ ਖ਼ਤਰਨਾਕ ਧਾੜਵੀਆਂ ਦੇ ਹਮਲਿਆਂ ਵੇਲੇ ਲੋਕਾਂ ਨੂੰ ਖ਼ਬਰਦਾਰ ਕਰਨ ਵਾਸਤੇ ਵੀ ਇਸਤੇਮਾਲ ਕੀਤਾ ਜਾਂਦਾ ਸੀ। ਉਸ ਵੇਲੇ ਢੋਲ ਦੀ ਆਵਾਜ਼ ਖਾਸ ਪ੍ਰਭਾਵ ਵਾਲੀ ਹੁੰਦੀ ਸੀ ਜਿਸ ਨਾਲ ਲੋਕ ਜਾਗ ਪੈਂਦੇ, ਸੁੰਦਰੀਆਂ ਦੀਆਂ ਗਲਵਕੜੀਆਂ ਵਿਚੋਂ ਨਿਕਲ ਆਉਂਦੇ ਅਤੇ ਵੈਰੀ ਦਾ ਟਾਕਰਾ ਕਰਨ ਵਾਸਤੇ ਤਿਆਰ ਹੋ ਜਾਂਦੇ।

ਵੈਰੀਆਂ ਨਾਲ ਟਾਕਰਾ ਕਰਨ ਦੀ ਦਲੇਰੀ ਨੇ ਹੀ ਪੰਜਾਬੀ ਸਾਹਿਤ ਵਿਚ ਵਾਰ ਕਾਵਿ ਨੂੰ ਜਨਮ ਦਿੱਤਾ ਹੈ। ਪੰਜਾਬੀ ਵਿਚ ਵਾਰਾਂ ਦੋ ਤਰ੍ਹਾਂ ਦੀਆਂ ਹਨ। ਕੁਝ ਵਾਰਾਂ ਕਵੀਆਂ ਨੇ ਲਿਖੀਆਂ ਹਨ ਅਤੇ ਹੋਰ ਬਹੁਤ ਸਾਰੀਆਂ ਵਾਰਾਂ ਲੋਕਾਂ ਨੇ, ਲੋਕ ਕਵੀਆਂ ਨੇ ਤਿਆਰ ਕੀਤੀਆਂ ਹਨ। ਵਾਰ ਕਾਵਿ ਅਸਲ 'ਚ ਯੁੱਧ ਦੀ ਕਵਿਤਾ ਹੈ ਜਿਸ ਵਿਚ ਤਲਵਾਰਾਂ ਵਾਂਗ ਟਕਰਾਉਂਦੇ ਅਤੇ ਖੜਕਵੇਂ ਸ਼ਬਦਾਂ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ।

ਨਾਦਰ ਸ਼ਾਹ ਦੀ ਵਾਰ ਅਤੇ ਚੰਡੀ ਦੀ ਵਾਰ ਦੋ ਬਹੁਤ ਪ੍ਰਸਿੱਧ ਵਾਰਾਂ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮਹਾਨ ਰਚਨਾ ਚੰਡੀ ਦੀ ਵਾਰ ਬਾਰੇ ਤਾਂ ਇਹ ਭਾਵਨਾ ਪ੍ਰਚਲਿਤ ਹੈ ਕਿ ਉਸ ਦਾ ਪਾਠ ਕਰ ਕੇ ਸੂਰਮੇ ਜੰਗ ਜਿੱਤ ਲੈਂਦੇ ਹਨ ਪਰ ਕਮਜ਼ੋਰ ਦਿਲਾਂ ਵਾਲੇ ਲੋਕ ਚੰਡੀ ਦੀ ਵਾਰ ਦਾ ਪਾਠ ਨਹੀਂ ਕਰਦੇ; ਤੇ ਹੁਣ ਨਸ਼ਿਆਂ ਨੇ ਪੰਜਾਬੀਆਂ ਨੂੰ ਵੀ ਕਮਜ਼ੋਰ ਦਿਲਾਂ ਵਾਲੇ ਬਣਾ ਦਿੱਤਾ ਹੈ ਪਰ ਹਾਲੇ ਢੋਲ ਦਾ ਤਾਲ ਅਤੇ ਧੌਂਸੇ ਦਾ ਡਗਾ ਉਨ੍ਹਾਂ ਨੂੰ ਬਚਾ ਰਿਹਾ ਹੈ।



ਭੰਗੜੇ ਅਤੇ ਢੋਲ ਦਾ ਤਾਂ ਲਹੂ-ਮਾਸ ਵਰਗਾ ਸਾਥ ਬਣ ਗਿਆ ਹੈ। ਪੰਜਾਬ ਦੇ ਢੋਲੀ ਦੁਨੀਆਂ ਭਰ ਦੇ ਦੇਸ਼ਾਂ ਵਿਚ ਢੋਲ ਦੇ ਸਹਾਰੇ ਹੀ ਜਾ ਵਸੇ ਹਨ। ਪੰਜਾਬੋਂ ਜਿਹੜਾ ਵੀ ਗੱਭਰੂ ਵਿਦੇਸ਼ਾਂ ਵਿਚ ਜਾਂਦਾ ਹੈ, ਵਾਹ ਲੱਗਦੀ ਨੂੰ ਭੰਗੜਾ ਸਿੱਖ ਕੇ ਅਤੇ ਕਈ ਹਾਲਾਤ ਵਿਚ ਢੋਲ ਨਾਲ ਲੈ ਕੇ ਜਾਂਦਾ ਹੈ।

ਅਖਾੜੇ ਵਿਚ ਘੁਲ ਰਹੇ ਭਲਵਾਨ ਤਾਂ ਢੋਲ ਦੇ ਤਾਲ ਨਾਲ ਹੀ ਹਰਕਤ ਵਿਚ ਆਉਂਦੇ ਹਨ। ਅਖਾੜੇ ਵਿਚ ਢੋਲ ਨਾ ਹੋਵੇ ਤਾਂ ਭਲਵਾਨਾਂ ਦੇ ਘੋਲ ਵਿਚ ਦਿਲਕਸ਼ੀ ਨਾ ਭਰ ਸਕੇ। ਉਨ੍ਹਾਂ ਦੇ ਸਰੀਰ ਵਿਰੋਧੀ ਨਾਲ ਨਾ ਟਕਰਾਅ ਸਕਣ।

ਵਿਸਾਖੀ ਦੀਆਂ ਰੌਣਕਾਂ ਲਈ ਵੀ ਢੋਲ ਜ਼ਰੂਰੀ ਹੋ ਗਿਆ ਹੈ। ਫ਼ਸਲਾਂ ਦੀ ਵਾਢੀ ਵੇਲੇ ਵੀ ਅਕਸਰ ਵਢਾਵਿਆਂ ਵਿਚ ਫੁਰਤੀ ਭਰਨ ਲਈ ਢੋਲ ਦਾ ਵੱਜਣਾ ਜ਼ਰੂਰੀ ਹੋ ਜਾਂਦਾ ਹੈ। ਵਾਢੀ ਉਪਰੰਤ ਦਾਰੂ ਤੇ ਭੰਗੜਾ ਕਿਸ ਨੂੰ ਨਹੀਂ ਮੋਹ ਲੈਂਦਾ, ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਾਰਤੀ ਅਤੇ ਖਾਸ ਕਰ ਕੇ ਪੰਜਾਬੀ ਸੂਰਮਿਆਂ ਨੂੰ ਦਾਰੂ ਵੱਲੋਂ ਮੋੜ ਕੇ ਅੰਮ੍ਰਿਤ ਦੀ ਦਾਤ ਬਖਸ਼ਿਸ਼ ਕੀਤੀ ਸੀ ਤਾਂ ਕਿ ਸੂਰਮੇ ਜਵਾਨ ਆਪਣੀ ਜਵਾਨੀ ਨੂੰ ਅਜਾਈਂ ਤਬਾਹ ਨਾ ਕਰਨ ਸਗੋਂ ਦੇਸ਼ ਤੇ ਕੌਮ ਦੀ ਰਾਖੀ ਕਰ ਕੇ ਮਜ਼ਲੂਮਾਂ ਵਾਸਤੇ ਕੁਰਬਾਨੀ ਕਰ ਕੇ ਆਪਣੇ ਜੀਵਨ ਨੂੰ ਸਫ਼ਲ ਬਣਾ ਸਕਣ।

ਇਸ ਮੰਤਵ ਵਾਸਤੇ ਗੁਰੂ ਸਾਹਿਬ ਨੇ 1699 ਦੀ ਵਿਸਾਖੀ ਨੂੰ ਸ਼ੁਭ ਦਿਵਸ ਬਣਾ ਕੇ ਪਹਿਲਾਂ ਪੰਜ ਸੂਰਮੇ ਜਵਾਨਾਂ ਨੂੰ ਅੰਮ੍ਰਿਤ ਛਕਾ ਦੇ ਸਿੰਘ ਸਜਾਇਆ ਅਤੇ ਫਿਰ ਆਪ ਉਨ੍ਹਾਂ ਕੋਲੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ। ਇਸ ਤਰ੍ਹਾਂ ਹਜ਼ੂਰ ਆਪ ਗੁਰੂ ਵੀ ਹਨ ਅਤੇ ਚੇਲੇ ਵੀ ਸਨ। ਪੰਜ ਪਿਆਰਿਆਂ ਦਾ ਸਨਮਾਨ ਪ੍ਰਾਪਤ ਕਰਨ ਵਾਲੇ ਸੂਰਮੇ ਭਾਰਤ ਦੇ ਵੱਖੋ ਵੱਖਰੇ ਹਿੱਸਿਆਂ ਤੋਂ ਆਏ ਹੋਏ ਸਨ, ਪਰ ਉਨ੍ਹਾਂ ਨੇ ਇਕੋ ਖਮਡੇ-ਬਾਟੇ ਦਾ ਅੰਮ੍ਰਿਤ ਛੱਕ ਕੇ ਆਪਣੇ ਆਪ ਨੂੰ ਗੁਰੂ ਪ੍ਰਤੀ ਸਮਰਪਿਤ ਕਰ ਦਿੱਤਾ ਸੀ। ਫਿਰ ਖਾਲਸਾ ਪੰਥ ਵਿਚ ਹੋਰ ਸੂਰਮੇ ਰਲਦੇ ਗਏ, ਭਾਰਤ ਦਾ ਮਨੁੱਖ ਉਹ ਨਾ ਰਿਹਾ ਜਿਹੜਾ ਗੁਰੂ ਸਾਹਿਬ ਤੋਂ ਪਹਿਲਾਂ ਸੀ। ਗੁਰੂ ਮਹਾਰਾਜ ਦੇ ਸਿੰਘਾਂ ਵਿਚ ਸਿਫਤੀ ਤਬਦੀਲੀ ਪੈਦਾ ਹੋ ਗਈ। ਜਦੋਂ ਤੱਕ ਕਿਸੇ ਕੌਮ ਵਿਚ ਸਿਫਤੀ ਤਬਦੀਲੀ ਨਹੀਂ ਹੁੰਦੀ, ਉਹ ਕੌਮ ਚੜ੍ਹਦੀ ਕਲਾ ਦੇ ਮਤਲਬ ਨੂੰ ਨਹੀਂ ਸਮਝ ਸਕਦੀ ਅਤੇ ਨਾ ਹੀ ਵਿਸ਼ਵ ਦੀਆਂ ਕੌਮਾਂ ਵਿਚ ਮਹਾਨਤਾ ਪ੍ਰਾਪਤ ਕਰ ਸਕਦੀ ਹੈ।

ਗੁਰੂ ਸਾਹਿਬ ਦੇ ਸਮੇਂ ਉਪਰੰਤ ਸਿੱਖ ਮਿਸਲਾਂ ਦੇ ਵੇਲਿਆਂ ਵੇਲੇ ਸਭੋ ਹੀ ਮਿਸਲਦਾਰ ਸਰਦਾਰ ਵਿਸਾਖੀ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਪੁੱਜ ਕੇ ਕੌਮ ਨੂੰ ਆਪਣੀ ਆਪਣੀ ਮਿਸਲ ਦਾ ਹਿਸਾਬ-ਕਿਤਾਬ ਪੇਸ਼ ਕਰਦੇ ਹਨ। ਇਕ ਤਰ੍ਹਾਂ ਨਾਲ ਹਰਿਮੰਦਰ ਸਾਹਿਬ ਹੀ ਸਿੱਖਾਂ ਦੀ ਸਭ ਤੋਂ ਮਹਾਨ ਪਾਰਲੀਮੈਂਟ ਸੀ ਜਿਸ ਵਿਚ ਹਾਜ਼ਰ ਹੋ ਕੇ ਸਭੋ ਹੀ ਸਰਦਾਰ ਨਤਮਸਤਕ ਹੁੰਦੇ ਸਨ। ਉਹ ਮਿਸਲਦਾਰ ਸਿੱਖ ਸਰਦਾਰ ਭਾਵੇਂ ਕਈ ਵਾਰ ਆਪਸ ਵਿਚ ਵੀ ਲੜਦੇ ਸਨ ਪਰ ਵਿਸਾਖੀ ਦੇ ਸ਼ੁਭ ਦਿਹਾੜੇ 'ਤੇ ਹਰਿਮੰਦਰ ਸਾਹਿਬ ਦੇ ਪਵਿੱਤਰ ਸਥਾਨ 'ਤੇ ਪੁੱਜ ਕੇ ਆਪਣੀ ਆਪਣੀ ਮਿਸਲ ਦਾ ਹਿਸਾਬ ਦੇਣਾ ਲਾਜ਼ਮੀ ਸਮਝਦੇ ਸਨ ਜਿਸ ਸਦਕਾ ਹਰਿਮੰਦਰ ਸਾਹਿਬ ਨਾਲ ਵਿਸਾਖੀ ਦੇ ਸਮਾਗਮ ਦਾ ਸਬੰਧ ਅਟੁੱਟ ਹੋ ਗਿਆ ਸੀ। ਫਿਰ ਮਗਰੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਭਾਗ ਵੇਲੇ ਤਾਂ ਹਰਿਮੰਦਰ ਸਾਹਿਬ ਦਾ ਮਹੱਤਵ ਹੋਰ ਵੀ ਵਧ ਗਿਆ ਸੀ...।

ਗੁਰੂ ਗੋਬਿੰਦ ਸਿੰਘ ਸਾਹਿਬ ਨੇ 1699 ਈਸਵੀ ਦੀ ਵਿਸਾਖੀ ਨੂੰ ਦੇਸ਼ ਦੇ ਜਵਾਨਾਂ ਕੋਲੋਂ ਦਾਰੂ ਛੁਡਵਾ ਕੇ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਸੀ, ਪਰ ਅੱਜ ਅਸੀਂ ਫਿਰ ਦੇਖ ਰਹੇ ਹਾਂ ਕਿ ਗੁਰੂ ਦੇ ਲਾਡਲੇ ਦਾਰੂ ਦੀ ਦਲਦਲ ਵਿਚ ਖੁੱਭਦੇ ਜਾ ਰਹੇ ਹਨ ਅਤੇ ਅੰਮ੍ਰਿਤ ਦੀ ਦਾਤ ਵੱਲੋਂ ਉਪਰਾਮ ਹੋ ਰਹੇ ਹਨ। ਇਹ ਕੋਈ ਵਧੀਆ ਜੀਵਨ ਨੀਤੀ ਨਹੀਂ ਹੈ। ਸ਼ਰਾਬ ਦੀ ਲਾਹਨਤ ਮਨੁੱਖ ਨੂੰ ਤਬਾਹੀ ਵੱਲ ਲੈ ਕੇ ਜਾਂਦੀ ਹੈ, ਜਦੋਂ ਕਿ ਅੰਮ੍ਰਿਤ ਦੀ ਦਾਤ ਉਸ ਨੂੰ ਗੁਰੂ ਦੇ ਲੜ ਲਾ ਕੇ ਸੰਤ ਸਿਪਾਹੀ ਬਣਾ ਦਿੰਦੀ ਹੈ। ਸੰਤ ਸਿਪਾਹੀ ਦੇਸ਼ ਤੇ ਕੌਮ ਦਾ ਰੱਖਿਅਕ ਹੈ। ਇਹ ਗੱਲ ਪੰਜਾਬੀ ਸੂਰਮਾ ਹੀ ਕਹਿ ਸਕਦਾ ਹੈ:

ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ
ਵਿਚ ਜੰਗ ਦੇ ਦੇਵੀ ਕਟਾਰ ਸਾਡੀ

ਇਹ ਵੀ ਸੱਚ ਹੈ ਕਿ ਇਤਿਹਾਸਕ ਜੁੱਗਾਂ ਵਿਚ ਜਿੰਨੀਆਂ ਜੰਗਾਂ ਪੰਜਾਬੀਆਂ ਨੇ ਲੜੀਆਂ, ਭਾਰਤ ਦੇ ਹੋਰ ਲੋਕਾਂ ਨੂੰ ਨਹੀਂ ਲੜਨੀਆਂ ਪਈਆਂ ਕਿਉਂਕਿ ਪੰਜਾਬ ਭਾਰਤ ਦੇ ਉੱਤਰ ਪੱਛਮ ਵਿਚ ਹੋਣ ਕਰ ਕੇ ਸਦਾ ਹੀ ਵਿਦੇਸ਼ੀ ਧਾੜਵੀਆਂ ਦਾ ਮੁਕਾਬਲਾ ਕਰਦਾ ਅਤੇ ਜਿੱਤਦਾ ਆਇਆ ਹੈ, ਪਰ ਇਹ ਜਿੱਤਾਂ ਉਸ ਨੂੰ ਹਰ ਵਾਰ ਹੀ ਮਹਿੰਗੀਆਂ ਪੈਂਦੀਆਂ ਰਹੀਆਂ ਹਨ। ਤਦੇ ਹੀ ਲੋਕ ਕਹਾਵਤ ਪ੍ਰਚਲਿਤ ਹੈ:

ਜਦੋਂ ਜੰਗ ਦਾ ਝੱਖੜ ਝੁਲਦਾ ਹੈ
ਇਹਦੀ ਰੱਤ ਨਾਲ ਦੀਵਾ ਜਗਦਾ ਹੈ।

ਪਰ ਅਸ਼ਕੇ ਪੰਜਾਬੀ ਗੱਭਰੂ ਦੇ। ਉਸ ਨੂੰ ਵਿਸਾਖੀ ਦਾ ਰੰਗਾ ਰੰਗ ਸਮਾਗਮ ਕਦੀ ਨਹੀਂ ਭੁੱਲਦਾ। ਇਸ ਤਰ੍ਹਾਂ ਵਿਸਾਖੀ, ਭੰਗੜਾ ਅਤੇ ਢੋਲ ਪੰਜਾਬੀ ਰੂਹ ਦੀ ਵੱਡੀ ਪਛਾਣ ਹਨ। ਢੋਲ ਰੂਹ ਨੂੰ ਪ੍ਰਸੰਨ ਚਿੱਤ ਕਰ ਕੇ ਭੰਗੜਾ ਪਾਉਣ ਲਈ ਤਿਆਰ ਕਰਦਾ ਹੈ ਅਤੇ ਭੰਗੜਾ ਪਾ ਕੇ ਪੰਜਾਬੀ ਚੜ੍ਹਦੀ ਕਲਾ ਵਿਚ ਚਲਾ ਜਾਂਦਾ ਹੈ। ਦਰਅਸਲ ਪੰਜਾਬੀ ਦਾ ਮਤਲਬ ਹੀ ਚੜ੍ਹਦੀ ਕਲਾ ਹੈ।

ਭੰਗੜਾ ਅਤੇ ਗਿੱਧਾ ਹੀ ਹਕੀਕਤ ਵਿਚ ਪੰਜਾਬੀ ਰੂਹ ਦੀ ਪਛਾਣ ਹੈ, ਤਦੇ ਹੀ ਪੰਜਾਬਣਾਂ ਵੀ ਗਿੱਧਾ ਪਾਉਂਦੀਆਂ ਹੋਈਆਂ ਸੁਰੀਲੀ ਸੁਰ ਵਿਚ ਗਾਉਂਦੀਆਂ ਨੇ...

ਗਿੱਧਿਆਂ ਪਿੰਡ ਵੜ ਵੇ
ਲਾਂਭ ਲਾਂਭ ਨਾ ਜਾਈਂ।

ਹਰ ਰੋਜ਼ ਸਵੇਰ ਸਾਰ ਸੂਰਜ ਵੀ ਮੁਸਕਰਾ ਕੇ ਕਹਿੰਦਾ ਹੈ, ਪੰਜਾਬੀਆਂ ਦੀ ਇਸ ਖੁਸ਼ ਰਹਿਣੀ ਭਾਵਨਾ ਨੂੰ ਨਮਸਕਾਰ ਹੈ।

# ਖਾਲਸਾ ਸਿਰਜਣ ਦੀ ਲੋੜ ਕਿਉਂ ਪਈ?

(ਪਿਛਲੇ ਸਫੇ ਦੀ ਬਾਕੀ)

ਵਾਲੇ ਦੀ ਮਰਜ਼ੀ ਹੈ ਕਿ ਪਰਚਾ ਔਖਾ ਪਾਵੇ ਜਾਂ ਸੌਖਾ। ਫਿਰ ਜੇ ਪਰਚਾ ਹੀ ਦੱਸ ਦਿੱਤਾ ਤਾਂ ਇਮਤਿਹਾਨ ਕਾਹਦਾ ਹੋਇਆ? ਦੂਜਾ, ਜੇ ਗਿਰਦ ਗੁਰੂ ਜੀ ਨੇ ਕਨਾਤ ਕਰ ਲਈ, ਤੰਬੂ ਤਾਣ ਲਿਆ, ਸਾਨੂੰ ਕੀ ਹੱਕ ਕਿ ਉਸ ਦੇ ਅੰਦਰ ਝਾਕੀਏ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਸਾਜਨਾ ਕੀਤੀ। ਬਾਅਦ ਵਿਚ ਗੁਰੂ ਸਾਹਿਬ ਨੇ ਉਨ੍ਹਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ। ਗੁਰੂ ਜੀ ਨੇ ਖਮਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰ ਕੇ ਪੰਜ ਬਾਣੀਆਂ ਜਪੁਜੀ ਸਾਹਿਬ, ਜਾਪੁ ਸਾਹਿਬ, ਸਵੱਯੇ, ਚੌਪਈ ਅਤੇ ਅਨੰਦ ਸਾਹਿਬ ਦਾ ਪਾਠ ਕੀਤਾ। ਜਦੋਂ ਗੁਰੂ ਸਾਹਿਬ ਅੰਮ੍ਰਿਤ ਤਿਆਰ ਕਰ ਰਹੇ ਸਨ ਤਾਂ ਮਾਤਾ ਜੀਤੋ ਜੀ ਨੇ ਅੰਮ੍ਰਿਤ ਵਿਚ ਪਤਾਸੇ ਪਾਏ ਅਤੇ ਗੁਰੂ ਸਾਹਿਬਾਨ ਨੇ ਬਚਨ ਕੀਤਾ:

ਭਲੋ ਭਯੋ ਤੂੰ ਚਲਿ ਕਰਿ ਆਈ।
ਨੀਰ ਬਿਖੈ ਪਾਈ ਮਧੁਰਾਈ।
ਨਾ ਤੁਰ ਪੰਥ ਹੋਇ ਬਡ ਕੂਰਾ।
ਤੇਜ ਕ੍ਰੋਧ ਕਲਹਾ ਕਰਿ ਪੂਰਾ॥
(ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਗ੍ਰੰਥ)

ਇਸ ਪ੍ਰਕਾਰ ਪਵਿੱਤਰ ਪਾਹੁਲ ਤਿਆਰ ਹੋਈ ਅਤੇ ਜਿਸ ਨੇ ਵੀ ਇਹ ਪਾਹੁਲ ਛਕੀ, ਉਸ ਦਾ ਜਨਮ ਸੁਹੇਲਾ ਹੋ ਗਿਆ। ਖਾਲਸੇ ਦੀ ਰਹਿਤ ਨਿਸ਼ਚਿਤ ਕੀਤੀ ਅਤੇ ਪੰਜਾਂ ਕਕਾਰਾਂ ਦਾ ਧਾਰਨੀ ਬਣਾਉਣ ਉਪਰੰਤ ਖਾਲਸੇ ਨੂੰ ਉਪਦੇਸ਼ ਕੀਤਾ ਕਿ ਖਾਲਸਾ ਹਮੇਸ਼ਾ ਤਿਆਰ ਬਰ ਤਿਆਰ ਰਹੇਗਾ ਅਤੇ ਹੱਕ ਸੱਚ ਲਈ ਲੜਦਾ ਰਹੇਗਾ। ਸਿਰਫ ਬਾਹਰੀ ਪਹਿਰਾਵਾ ਪਹਿਨਣ 'ਤੇ ਹੀ ਜ਼ੋਰ ਨਹੀਂ ਦਿੱਤਾ, ਸਗੋਂ ਕਿਹਾ ਕਿ ਜਿੰਨਾ ਚਿਰ ਕੋਈ ਮਨੁੱਖ ਅੰਦਰੋਂ ਸ਼ੁੱਧ ਨਹੀਂ ਹੁੰਦਾ, ਉਨਾਂ ਚਿਰ ਉਹ ਖਾਲਸਾ ਅਖਵਾਉਣ ਦਾ ਹੱਕਦਾਰ ਨਹੀਂ। ਪੂਰਨ ਖਾਲਸਾ ਉਹੀ ਹੈ ਜੋ ਆਪਣੇ ਬਾਹਰੀ ਪਹਿਰਾਵੇ ਦੇ ਨਾਲ ਨਾਲ ਆਪਣੇ ਕਮਲ ਰੂਪੀ ਹਿਰਦੇ ਨੂੰ ਗਿਆਨ ਦੀ ਕਸਵੱਟੀ 'ਤੇ ਪਰਖਦਾ ਹੈ ਅਤੇ:

ਜਾਗਤ ਜੋਤ ਜਪੈ ਨਿਸ ਬਾਸੁਰ
ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹ ਏਕ ਪਛਾਨੈਂ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ॥

ਬਾਅਦ ਵਿਚ ਗੁਰੂ ਜੀ ਨੇ ਸਿੱਖਾਂ ਤੋਂ ਆਪ ਅੰਮ੍ਰਿਤ ਛਕਣ ਦੀ ਬੇਨਤੀ ਕੀਤੀ, ਪਰ ਸਿੰਘਾਂ ਨੇ ਕਿਹਾ ਕਿ ਉਹ ਇਸ ਦੇ ਬਦਲੇ ਕੀ ਭੇਟਾ ਕਰਨਗੇ? ਗੁਰੂ ਜੀ ਨੇ ਕਿਹਾ, "ਮੈਂ ਆਪਣਾ ਸਾਰਾ ਪਰਿਵਾਰ ਹੀ ਪੰਥ ਦੇ ਲੇਖੇ ਲਾ ਦੇਵਾਂਗਾ।" ਫਿਰ ਗੁਰੂ ਨੇ ਚੇਲਿਆਂ ਤੋਂ ਅੰਮ੍ਰਿਤ ਛਕਿਆ ਅਤੇ ਗੁਰੂ, ਚੇਲਾ ਆਪਸ ਵਿਚ ਸਮਾ ਗਏ; ਗੁਰੂ ਅਤੇ ਚੇਲੇ ਵਿਚਲਾ ਪਾੜਾ ਖਤਮ ਹੋ ਗਿਆ ਅਤੇ ਕਿਹਾ-"ਖਾਲਸਾ ਸਰਬ ਗੁਣ ਸੰਪੰਨ ਹੈ।"

ਆਉ! ਵਿਸਾਖੀ ਦੇ ਪਵਿੱਤਰ ਦਿਹਾੜੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਦੱਸੀਆਂ ਹੋਈਆਂ ਹਦਾਇਤਾਂ 'ਤੇ ਅਮਲ ਕਰੀਏ ਅਤੇ ਆਪਣਾ ਜਨਮ ਸੁਹੇਲਾ ਕਰੀਏ।

# ਆਫੀਆ ਸਦੀਕੀ ਦਾ ਜਹਾਦ

(ਸਫਾ 29 ਦੀ ਬਾਕੀ)

ਲਿਆ। ਅਮਜਦ ਨੂੰ ਵੀ ਉਸ ਦੀ ਗੱਲ 'ਤੇ ਯਕੀਨ ਆ ਗਿਆ।

ਅਗਲੇ ਦਿਨ ਅਮਜਦ ਸੁੱਤਾ ਉਠਿਆ ਤਾਂ ਉਸ ਨੇ ਵੇਖਿਆ ਕਿ ਆਫੀਆ ਆਪਣਾ ਸਾਮਾਨ ਬੰਨ੍ਹ ਰਹੀ ਸੀ। ਉਸ ਨੂੰ ਇਸ ਤਰ੍ਹਾਂ ਤਿਆਰੀ ਕਰਦੀ ਵੇਖ ਕੇ ਉਹ ਹੈਰਾਨ ਹੁੰਦਾ ਬੋਲਿਆ, "ਆਫੀਆ ਇਹ ਕੀ? ਰਾਤ ਆਪਣੀ ਗੱਲ ਮੁੱਕ ਗਈ ਸੀ ਕਿ ਆਪਾਂ ਕਿਧਰੇ ਨ੍ਹੀਂ ਜਾ ਰਹੇ।"

"ਅਮਜਦ ਮੈਂ ਘਰੇ ਫੋਨ ਕੀਤਾ ਸੀ। ਅੱਬੂ ਦੀ ਸਿਹਤ ਖਰਾਬ ਐ। ਮੈਂ ਚਾਹੁੰਨੀ ਆਂ ਕਿ ਛੇਤੀ ਜਾ ਕੇ ਉਨ੍ਹਾਂ ਦਾ ਪਤਾ ਲਵਾਂ।"

"ਪਰ ਚਾਰ ਦਿਨ ਪਹਿਲਾਂ ਈ ਤਾਂ ਆਪਣੀ ਗੱਲ ਹੋਈ ਸੀ। ਉਦੋਂ ਤਾਂ ਉਹ ਠੀਕ ਸਨ।"

"ਤੈਨੂੰ ਪਤਾ ਐ ਕਿ ਉਹ ਦਿਲ ਦੇ ਮਰੀਜ਼ ਨੇ। ਜੇ ਮੈਂ ਹੁਣ ਨਾ ਜਾ ਸਕੀ ਤਾਂ ਮੁੜ ਕੇ ਕਈ ਮਹੀਨੇ ਨ੍ਹੀਂ ਜਾ ਸਕਾਂਗੀ। ਤੈਨੂੰ ਪਤਾ ਈ ਐ ਇਸ ਵੇਲੇ ਮੈਂ ਸੱਤ ਮਹੀਨਿਆਂ ਦੀ ਪਰੈਗਨੈਂਟ ਆਂ।" ਆਫੀਆ ਨੇ ਬੈਗ ਤਿਆਰ ਕਰਨੇ ਜਾਰੀ ਰੱਖੇ ਤਾਂ ਅਮਜਦ ਨੇ ਅੰਦਰੇ ਅੰਦਰ ਗੁੱਸੇ ਹੁੰਦੇ ਨੇ ਮਨ 'ਚ ਸੋਚਿਆ ਕਿ ਅੱਬੂ ਦੇ ਬਿਮਾਰ ਹੋਣ ਦਾ ਇਹ ਸਿਰਫ ਬਹਾਨਾ ਬਣਾ ਰਹੀ ਹੈ। ਕੁਝ ਸੋਚਦਾ ਉਹ ਬੋਲਿਆ, "ਪਰ ਤੈਨੂੰ ਪਤਾ ਈ ਐ ਕਿ ਆਪਾਂ ਨੂੰ ਐਫ.ਬੀ.ਆਈ. ਨੇ ਹਦਾਇਤ ਕੀਤੀ ਹੋਈ ਐ ਕਿ ਆਪਾਂ ਉਨ੍ਹਾਂ ਨਾਲ ਗੱਲਬਾਤ ਪੂਰੀ ਕੀਤੇ ਬਿਨਾਂ ਕਿਧਰੇ ਨ੍ਹੀਂ ਜਾ ਸਕਦੇ।"

"ਢੱਠੇ ਖੂਹ 'ਚ ਪਵੇ ਤੇਰੀ ਐਫ.ਬੀ.ਆਈ.। ਮੈਂ ਇੱਥੇ ਹੁਣ ਇੱਕ ਪਲ ਵੀ ਨ੍ਹੀਂ ਰੁਕਣਾ।" ਆਫੀਆ ਗੁੱਸੇ 'ਚ ਪੈਰ ਪਟਕਦੀ ਬੋਲੀ।

ਉਸ ਦੀ ਗੱਲ ਸੁਣ ਕੇ ਅਮਜਦ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਉਹ ਮਜਬੂਰ ਸੀ। ਆਫੀਆ ਦੇ ਗਰਭ ਕਰ ਕੇ ਉਹ ਉਸ ਨਾਲ ਕੋਈ ਝਗੜਾ ਖੜ੍ਹਾ ਨਹੀਂ ਕਰਨਾ ਚਾਹੁੰਦਾ ਸੀ, ਪਰ ਆਫੀਆ ਉਸ ਦੀ ਕੋਈ ਗੱਲ ਨਹੀਂ ਮੰਨ ਰਹੀ ਸੀ। ਉਸ ਨੇ ਆਪਣੇ ਵਕੀਲ ਨੂੰ ਫੋਨ ਕਰ ਕੇ ਦੱਸਿਆ ਕਿ ਆਫੀਆ ਦਾ ਬਾਪ ਬਿਮਾਰ ਹੈ, ਇਸ ਕਰ ਕੇ ਇਸ ਵੇਲੇ ਉਨ੍ਹਾਂ ਦਾ ਪਾਕਿਸਤਾਨ ਜਾਣਾ ਬਹੁਤ ਜ਼ਰੂਰੀ ਹੈ। ਉਸ ਨੇ ਪੁੱਛਿਆ ਕਿ ਕੀ ਇਹ ਇੰਟਰਵਿਊ ਅਗਾਂਹ ਹੋ ਸਕਦੀ ਹੈ। ਵਕੀਲ ਨੇ ਮਸ਼ਵਰਾ ਦਿੰਦਿਆਂ ਕਿਹਾ, "ਮਿਸਟਰ ਅਮਜਦ, ਇਸ ਤਰ੍ਹਾਂ ਗੱਲਬਾਤ (ਇੰਟਰਵਿਊ) ਵਿਚਾਲੇ ਛੱਡ ਕੇ ਜਾਣਾ ਠੀਕ ਨ੍ਹੀਂ। ਤੁਹਾਡਾ ਕੇਸ ਖੁੱਲ੍ਹਾ ਈ ਰਹਿ ਜਾਵੇਗਾ ਜਿਹੜਾ ਕਿ ਤੁਹਾਨੂੰ ਵਾਪਸ ਮੁੜਨ ਵੇਲੇ ਮੁਸ਼ਕਿਲ ਖੜ੍ਹੀ ਕਰ ਦੇਵੇਗਾ। ਚੰਗਾ ਇਹੀ ਐ ਕਿ ਤੁਸੀਂ ਆਪਣੀ ਅਪਾਇੰਟਮੈਂਟ ਭੁਗਤਾ ਕੇ ਜਾਵੋ।"

"ਸਰ ਇਸ ਵੇਲੇ ਮੇਰੇ ਕੋਲ ਹੋਰ ਕੋਈ ਚਾਰਾ ਨ੍ਹੀਂ। ਵਾਪਸ ਆ ਕੇ ਦੁਬਾਰਾ ਇੰਟਰਵਿਊ ਦੀ ਤਾਰੀਖ ਲੈ ਲਵਾਂਗੇ।"

"ਮਿਸਟਰ ਅਮਜਦ ਇੰਟਰਵਿਊ ਤਾਂ ਮੈਂ ਕੈਂਸਲ ਕਰਵਾ ਦਿੰਦਾ ਆਂ, ਪਰ ਇਸ ਤਰ੍ਹਾਂ ਤੁਸੀਂ ਸ਼ੱਕ ਦੇ ਘੇਰੇ 'ਚ ਆ ਜਾਉਗੇ। ਐਫ.ਬੀ.ਆਈ. ਇੱਕ ਵਾਰ ਜਿਸ ਦੇ ਮਗਰ ਪੈ ਜਾਵੇ ਤਾਂ ਫਿਰ ਖਹਿੜਾ ਛੁਡਾਉਣਾ ਔਖਾ ਹੋ ਜਾਂਦੈ।"

"ਠੀਕ ਐ ਸਰ, ਮੈਂ ਤੁਹਾਨੂੰ ਆਪਣੀ ਵਾਈਫ ਨਾਲ ਸਲਾਹ ਕਰ ਕੇ ਦੱਸਦਾਂ।" ਵਕੀਲ ਵੱਲੋਂ ਫੋਨ ਕੱਟ ਕੇ ਅਮਜਦ ਨੇ ਆਫੀਆ ਨੂੰ ਵਕੀਲ ਨਾਲ ਹੋਈ ਗੱਲ ਦੱਸੀ। ਉਸ ਦੀ ਗੱਲ ਸੁਣਦਿਆਂ ਹੀ ਆਫੀਆ ਭੜਕੀ, "ਜੇ ਤੂੰ ਚਾਹੁੰਨੈਂ ਕਿ ਮੈਂ ਮਾਰੀ ਜਾਵਾਂ ਤਾਂ ਜਾਣ ਦਾ ਰਹਿਣ ਦਿੰਦੇ ਆਂ।"

"ਇਹ ਤੂੰ ਕੀ ਗੱਲ ਕਰਦੀ ਐਂ, ਮੈਨੂੰ ਕੁਝ ਸਮਝ ਵਿਚ ਨ੍ਹੀਂ ਆ ਰਿਹਾ।" ਅਮਜਦ ਆਫੀਆ ਵੱਲ ਵੇਖਦਾ ਸੋਚਣ ਲੱਗਿਆ ਕਿ ਕੋਈ ਨਾ ਕੋਈ ਗੱਲ ਜ਼ਰੂਰ ਹੈ ਜੋ ਇਹ ਇੱਥੋਂ ਭੱਜਣ ਲਈ ਕਾਹਲੀ ਪਈ ਹੋਈ ਹੈ। ਆਫੀਆ ਦੀਆਂ ਹਰਕਤਾਂ ਨੇ ਉਸ ਦਾ ਇਹ ਸ਼ੱਕ ਪੱਕਾ ਕਰ ਦਿੱਤਾ ਕਿ ਉਹ ਵਾਕਿਆ ਹੀ 9/11 ਦੀ ਸਾਜ਼ਿਸ਼ ਬਾਰੇ ਕੁਝ ਨਾ ਕੁਝ ਜਾਣਦੀ ਹੈ, ਪਰ ਉਸ ਨੇ ਇੱਕ ਵਾਰ ਹੋਰ ਉਸ ਨੂੰ ਸਮਝਾਉਣਾ ਚਾਹਿਆ ਤਾਂ ਉਵੇਂ ਹੀ ਗੁੱਸੇ 'ਚ ਚੀਕਦੀ ਬੋਲੀ, "ਓ ਕੇ ਠੀਕ ਐ। ਤੂੰ ਆਪਣੀ ਮਰਜ਼ੀ ਕਰ, ਪਰ ਮੈਂ ਆਪਣੇ ਬੱਚਿਆਂ ਨੂੰ ਲੈ ਕੇ ਅੱਜ ਹੀ ਜਾ ਰਹੀ ਆਂ।"

ਫਿਰ ਅਮਜਦ ਨੇ ਵਕੀਲ ਨੂੰ ਦੁਬਾਰਾ ਫੋਨ ਕਰ ਕੇ ਕਿਹਾ ਕਿ ਉਸ ਨੂੰ ਜਾਣਾ ਹੀ ਪਵੇਗਾ। ਵਕੀਲ ਨੇ ਐਫ.ਬੀ.ਆਈ. ਦੇ ਦਫਤਰ ਫੋਨ ਕਰ ਕੇ ਦੱਸ ਦਿੱਤਾ ਕਿ ਉਸ ਦੇ ਕਲਾਇੰਟ ਮਿੱਥੀ ਹੋਈ ਤਾਰੀਖ 'ਤੇ ਨਹੀਂ ਪਹੁੰਚ ਸਕਣਗੇ। ਅਮਜਦ ਨੇ ਆਪਣੇ ਕੰਮ ਤੋਂ ਵੀ ਇੱਕ ਸਾਲ ਦੀ ਛੁੱਟੀ ਲੈ ਲਈ।

(ਚਲਦਾ)

## ਕਹਾਣੀ

# ਲੈਚੀਆਂ

***ਕਹਾਣੀਕਾਰ ਮੁਖ਼ਤਿਆਰ ਸਿੰਘ ਦੀ ਕਹਾਣੀ 'ਲੈਚੀਆਂ' ਬਹੁਤ ਡੂੰਘੀਆਂ ਰਮਜ਼ਾਂ ਵਾਲੀ ਹੈ। ਕਹਾਣੀ ਵਿਚ ਇਕ ਘਟਨਾ ਵਾਪਰਦੀ ਹੈ ਅਤੇ ਹੌਲੀ-ਹੌਲੀ ਦਹਿਸ਼ਤ ਦਾ ਮਾਹੌਲ ਉਸਰਨ ਲੱਗਦਾ ਹੈ। ਕਹਾਣੀ ਵਿਚ ਜਿਸ ਪਾਤਰ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ, ਉਸ ਦੇ ਨੈਣ-ਨਕਸ਼ ਕਿਸੇ ਗੁਰਮੁਖ ਸੱਜਣ ਨਾਲ ਮਿਲਦੇ ਜੁਲਦੇ ਹਨ, ਪਰ ਸਿਤਮਜ਼ਰੀਫੀ ਇਹ ਹੈ ਕਿ ਉਸੇ ਨਾਲ ਹੀ ਵਧੀਕੀ ਹੁੰਦੀ ਹੈ। ਲੇਖਕ ਅੰਤ ਤੱਕ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦਾ ਹੈ। ਇਹੀ ਲੇਖਕ ਦੀ ਲਿਖਣ ਸ਼ੈਲੀ ਦੀ ਖ਼ੂਬਸੂਰਤੀ ਹੈ। ਮੁਖ਼ਤਿਆਰ ਸਿੰਘ ਦੀਆਂ ਹੋਰ ਕਹਾਣੀਆਂ ਵਿਚ ਵੀ ਅਜਿਹਾ ਹੀ ਰੰਗ ਦੇਖਣ ਨੂੰ ਮਿਲਦਾ ਹੈ। ਉਹ ਪਾਠਕ ਨੂੰ ਆਪਣੀ ਰਚਨਾ ਵਿਚ ਹੀ ਸ਼ਾਮਲ ਕਰ ਲੈਂਦਾ ਹੈ। -ਸੰਪਾਦਕ***

**ਮੁਖ਼ਤਿਆਰ ਸਿੰਘ**
ਫੋਨ: 91-98728-23511

ਇਕ...ਦੋ...ਤਿੰਨ...ਸੰਨਾਟਾ ਛਾ ਗਿਆ। ਹਫੜਾ-ਦਫੜੀ ਮਚ ਗਈ। ਜਿਥੇ ਕੋਈ ਖੜਾ, ਬੈਠਾ, ਕੰਮ ਕਰਦਾ, ਤੁਰਦਾ ਫਿਰਦਾ ਸੀ; ਥਾਏਂ ਹੀ ਸੁੰਨ ਹੋ ਗਿਆ। ਹਰ ਇਕ ਨੇ ਆਪਣੇ ਆਪ ਨੂੰ ਵੇਖਿਆ। ਕਿਤੇ ਉਨ੍ਹਾਂ ਨੂੰ ਤਾਂ ਨਹੀਂ ਲੱਗੀ? ਭਮੱਤਰੇ ਹੋਇਆਂ ਨੇ ਆਲੇ-ਦੁਆਲੇ ਨਿਗ੍ਹਾ ਘੁੰਮਾਈ। ਅੱਖਾਂ ਅੱਗੇ ਹਨੇਰਾ ਛਾ ਗਿਆ। ਕੰਨਾਂ ਉਤੇ ਹੱਥ ਧਰ ਲਏ। ਵੱਡੀਆਂ ਬਿਲਡਿੰਗਾਂ ਵਿਚ ਬੈਠਿਆਂ ਨੂੰ ਤਾਂ ਕੀ ਸਮਝ ਆਉਣੀ ਸੀ, ਬਾਹਰ ਸੁੰਦਰ ਫੁੱਲ-ਬੂਟਿਆਂ ਵਿਚਕਾਰ ਆਉਂਦੇ-ਜਾਂਦੇ ਵੀ ਪੱਥਰ ਹੋ ਕੇ ਰਹਿ ਗਏ।

ਦੂਜੇ-ਤੀਜੇ ਪਲ ਉਹ ਤੁਰ ਪਏ। ਉਨ੍ਹਾਂ ਕਾਹਲੀ 'ਚ ਪੈਰ ਨਹੀਂ ਪੁੱਟੇ। ਘਬਰਾਏ ਨਹੀਂ। ਆਮ ਵਾਂਗ ਹੀ ਆਉਂਦੇ-ਜਾਂਦਿਆਂ ਵਿਚ ਰਲ ਗਏ। ਕਈਆਂ ਨੇ ਉਨ੍ਹਾਂ ਨੂੰ ਚੋਰ ਅੱਖ ਨਾਲ ਵੇਖਿਆ ਵੀ, ਪਰ ਅਣਡਿੱਠ ਕਰ ਦਿੱਤਾ। ਉਹ ਨਿੰਗਰ ਜੁੱਸੇ ਵਾਲੇ ਗੱਭਰੂ, ਸਾਊ ਹੀ ਲੱਗਦੇ ਸਨ। ਉਹ ਪੌਣਾ ਕੁ ਕਿਲੋਮੀਟਰ, ਇਸ ਵੱਡੇ ਅਦਾਰੇ ਦੀ ਹੱਦ ਲੰਘ ਕੇ ਰਵੀਦਾਸ ਰੋਡ 'ਤੇ ਚੜ੍ਹ ਗਏ। ਇਸ ਰੋਡ ਤੋਂ ਅਗਲੇ ਪਾਸੇ ਛਾਉਣੀ, ਸ਼ਾਂਤ ਚਿਤ ਬੇਖ਼ਬਰ ਸੀ। ਇਸ ਸੜਕ 'ਤੇ ਹੋਰ ਵੀ ਕਈ ਲੰਘਦੇ ਜਾਂਦੇ ਸਨ। ਛਾਉਣੀ ਤਾਂ ਜਾਗਦੀ, ਜੇ ਉਨ੍ਹਾਂ ਨੂੰ ਕੋਈ ਹੁਕਮ ਚੜ੍ਹਿਆ ਹੁੰਦਾ ਤੇ ਲਾਲਾ-ਲਾਲਾ ਹੋਈ ਹੁੰਦੀ। ਉਨ੍ਹਾਂ ਦੇ ਮਗਰ ਕੋਈ ਆਇਆ ਹੀ ਨਹੀਂ ਸੀ। ਗੇਟ ਵਾਲੇ ਸੁਰੱਖਿਆ ਕਰਮੀਆਂ ਕੋਲੋਂ ਉਹ ਆਰਾਮ ਨਾਲ ਲੰਘ ਕੇ ਗਏ। ਉਨ੍ਹਾਂ ਨੂੰ ਵੀ ਕੀ ਪਤਾ ਸੀ ਕਿ ਇਹੋ ਉਹ ਗੱਭਰੂ ਨੇ ਅਤੇ ਇਥੇ ਵੀ ਅਜਿਹਾ ਕੁਝ ਹੋ ਸਕਦਾ ਹੈ? ਉਨ੍ਹਾਂ ਨੂੰ ਆਪਣੇ ਮੁਖੀ ਕੋਲੋਂ ਕੋਈ ਸੂਚਨਾ ਹੀ ਨਹੀਂ ਸੀ ਆਈ। ਜੇ ਸੂਚਨਾ ਆ ਵੀ ਜਾਂਦੀ ਤਾਂ ਉਨ੍ਹਾਂ ਨੂੰ ਕੌਣ ਰੋਕ ਸਕਦਾ ਸੀ? ਉਹ ਤਾਂ ਸੜਕ 'ਤੇ ਜਾ ਕੇ ਗੁੰਮ ਹੋ ਗਏ ਸਨ।

ਉਨ੍ਹਾਂ ਦੇ ਲਾਪਤਾ ਹੋਣ ਤੋਂ ਤੁਰੰਤ ਬਾਅਦ ਹੂਟਰ ਵੱਜਦੇ ਉਸ ਥਾਂ ਵੱਲ ਤੇਜ਼ੀ ਨਾਲ ਜਾਣ ਲੱਗ ਪਏ। ਉਨ੍ਹਾਂ ਨੂੰ ਆਮ ਜਨਤਾ ਦੀ ਪ੍ਰਵਾਹ ਨਹੀਂ ਸੀ, ਚਾਹੇ ਕੋਈ ਥੱਲੇ ਆ ਕੇ ਕੁਚਲਿਆ ਜਾਵੇ। ਉਨ੍ਹਾਂ ਨੇ ਛੇਤੀ ਤੋਂ ਛੇਤੀ ਜਾ ਕੇ ਹਾਲਾਤ ਸੰਭਾਲਦਿਆਂ ਹੀ ਘੇਰਾਬੰਦੀ ਕਰ ਲੈਣੀ ਸੀ। ਭੈਅ-ਭੀਤ ਖੜ੍ਹੇ-ਬੈਠਿਆਂ ਤੋਂ ਪੁੱਛ-ਗਿੱਛ ਸ਼ੁਰੂ ਹੋ ਜਾਣੀ ਸੀ? ਕਿਵੇਂ ਉਹ ਆਏ? ਕਿਵੇਂ ਕਾਰਵਾਈ ਹੋਈ? ਕੌਣ ਕੌਣ ਮਾਰਿਆ ਗਿਆ? ਕਿੰਨੇ ਫੱਟੜ ਹੋਏ? ਕਿਧਰ ਨੂੰ ਉਹ ਚਲੇ ਗਏ? ਇਹ ਸਵਾਲ ਦਾਗੇ ਜਾਣੇ ਸਨ...ਤੇ ਦਾਗੇ ਵੀ ਗਏ।

ਬਾਬਾ ਜੀ ਬਿਲਡਿੰਗਾਂ ਦੇ ਵਿਚਕਾਰ ਤੜਫ ਰਿਹਾ ਸੀ। ਉਸ ਨਾਲ ਉਹ ਹੱਥੋ-ਪਾਈ ਹੋ ਰਹੇ ਸੀ ਤੇ ਦੂਰ ਨੇੜੇ ਵਾਲੇ ਡਰੇ ਹੋਏ, ਆਪਣਾ ਆਪਣਾ ਬਚਾਅ ਕਰਨ ਲੱਗ ਪਏ।

ਉਲਟੇ ਬੋਹਤ ਵਰਗੀ ਉਚੀ ਤੇ ਚੌੜੀ ਬਿਲਡਿੰਗ ਦੀਆਂ ਜੜ੍ਹਾਂ ਵਿਚ ਸੁਰੱਖਿਆ ਦਫ਼ਤਰ ਸੀ। ਉਸ ਦੇ ਅੰਦਰ ਸੁਰੱਖਿਆ ਮੁਖੀ ਬੈਠਾ ਆਵਾਜ਼ ਸੁਣ ਕੇ ਡਰ ਗਿਆ। ਕੁਝ ਸੁਰੱਖਿਆ ਅਮਲਾ ਦਫ਼ਤਰ ਦੇ ਅੰਦਰ ਅਤੇ ਬਾਹਰ ਤਾਇਨਾਤ ਸੀ, ਇਕ ਦਮ ਕੰਬ ਗਿਆ। ਦਫ਼ਤਰ ਦੇ ਬਾਹਰਲੇ ਸੁਰੱਖਿਆ ਕਰਮੀ ਅੰਦਰ ਵੱਲ ਭੱਜੇ ਅਤੇ ਅੰਦਰ ਵਾਲੇ ਬਾਹਰ ਵੱਲ ਖਿੜਕੀ ਵਿਚੀਂ ਦੇਖਣ ਲੱਗੇ, ਜਿਵੇਂ ਮੋਰਚੇ 'ਚ ਆਪਣੇ ਆਪ ਦਾ ਬਚਾ ਕਰ ਰਹੇ ਹੋਣ। ਉਨ੍ਹਾਂ ਨੇ ਸਿਰਫ ਨਿਸ਼ਾਨਾ ਹੀ ਸੇਧਿਆ ਸੀ।

ਉਲਟੇ ਬੋਹਤ ਵਰਗੀ ਬਿਲਡਿੰਗ ਦੀਆਂ ਉਪਰਲੀਆਂ ਮੰਜ਼ਲਾਂ ਦੀਆਂ ਸ਼ੀਸ਼ੇ ਵਾਲੀਆਂ ਖਿੜਕੀਆਂ ਵਿਚੀਂ ਸਾਰੇ ਜਣੇ ਇਕ ਦਮ ਉਠ ਕੇ ਵੇਖਣ ਲੱਗੇ। ਉਨ੍ਹਾਂ ਦੇ ਮੂੰਹੋਂ ਇੰਨਾ ਕੁ ਹੀ ਨਿਕਲ ਸਕਿਆ, "ਹੈਂ? ਲੈਚੀ ਬਾ...?" ਉਨ੍ਹਾਂ ਦੀਆਂ ਜੀਭਾਂ ਤਾਲੂਏ ਨਾਲ ਲੱਗ ਗਈਆਂ।

ਲੈਚੀ ਬਾਬਾ ਨੇ ਹੈਂਡ-ਬੈਗ ਹਿਕ ਨਾਲ ਘੁੱਟਿਆ ਹੋਇਆ ਸੀ। ਚਿਹਰਾ ਮੁਸਕਰਾ ਰਿਹਾ ਸੀ। ਉਨ੍ਹਾਂ ਤੋਂ ਉਸ ਦੀ ਚਿਚੜੀ ਪਕੜ ਤੋਂ ਖੋਹਿਆ ਨਹੀਂ ਸੀ ਜਾ ਰਿਹਾ। ਉਹ ਡਿਗ ਪਿਆ। ਫਿਰ ਵੀ ਛਾਤੀ ਨਾਲੋਂ ਹੈਂਡ-ਬੈਗ ਅਲੱਗ ਨਹੀਂ ਸੀ ਹੋਇਆ। ਇਸ ਹੱਥੋਪਾਈ ਨੂੰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਜੰਤੂ ਵਿਗਿਆਨ, ਸਰੀਰਕ ਸਿਖਿਆ ਵਿਗਿਆਨ ਤੇ ਵਿਦਵਾਨਾਂ ਦੇ ਵਿਦਵਾਨ ਲੰਮੀ ਪੂਛ ਵਾਲੀਆਂ ਬਿਲਡਿੰਗਾਂ ਵਿਚੋਂ ਮੂੰਹ 'ਚ ਉਂਗਲਾਂ ਪਾਈ ਦੇਖ ਰਹੇ ਸਨ। ਸਾਰਿਆਂ ਦੇ ਮੂੰਹੋਂ ਇਹੋ ਨਿਕਲਦਾ, "ਹੈਂ? ਲੈਚੀ ਬਾ...?"

ਕੋਈ ਵੀ ਅਜਿਹਾ ਆਮ ਤੇ ਖਾਸ ਬੰਦਾ ਨਹੀਂ ਸੀ ਜਿਸ ਨੂੰ ਉਸ ਨੇ ਲੈਚੀ ਨਾ ਦਿੱਤੀ ਹੋਵੇ। ਉਹ ਆਪਣੀ ਸੀਟ 'ਤੇ ਬੈਠਾ ਹੁੰਦਾ ਜਾਂ ਕਿਸੇ ਕੰਮ ਲਈ ਤੁਰਿਆ ਜਾਂਦਾ। ਜਿਸ ਕਿਸੇ ਨੇ ਵੀ ਉਸ ਅੱਗੇ ਹੱਥ ਕਰ ਲੈਣਾ, "ਬਾ..." ਤਾਂ ਅਗਲੇ ਦੇ ਮੂੰਹ ਵਿਚੋਂ ਲੈਚੀ ਸ਼ਬਦ ਨਿਕਲਣ ਤੋਂ ਪਹਿਲਾਂ ਹੀ ਹੱਸ ਕੇ ਪੈਂਟ ਦੀ ਜੇਬ 'ਚੋਂ ਨਿੱਕੀ ਜਿਹੀ ਪੋਟਲੀ ਦੇ ਮੂੰਹ 'ਤੇ ਲਪੇਟੀ ਡੋਰ ਖੋਲ੍ਹ ਕੇ ਲੈਚੀ ਅਗਲੇ ਦੇ ਹੱਥ 'ਤੇ ਰੱਖ ਦਿੰਦਾ। ਜੇ ਕਿਸੇ ਹੋਰ ਮੰਗ ਲੈਣੀ ਤਾਂ ਹੱਸ ਕੇ ਹੋਰ ਵੀ ਦੇ ਦਿੰਦਾ। ਪੋਟਲੀ 'ਤੇ ਡੋਰ ਲਪੇਟ ਕੇ ਪੈਂਟ ਦੀ ਜੇਬ ਵਿਚ ਪਾ ਕੇ ਤੁਰ ਪੈਂਦਾ।

ਉਹ ਲੈਚੀਆਂ ਤਾਂ ਬਾਜ਼ਾਰ ਤੋਂ ਖਰੀਦ ਕੇ ਲਿਆਉਂਦਾ, ਪਰ ਹਰਿਮੰਦਿਰ ਸਾਹਿਬ ਦਾ ਹੀ ਪ੍ਰਸ਼ਾਦ ਮੰਨਦਾ ਸੀ। ਉਹ ਹਰ ਰੋਜ਼ ਹੀ ਸਵੇਰੇ-ਸਵੇਰੇ ਨਤਮਸਤਕ ਹੋ ਕੇ ਆਉਂਦਾ। ਨਵੇਂ ਚੜ੍ਹੇ ਮਹੀਨੇ ਵਾਲੇ ਦਿਨ ਪ੍ਰਸ਼ਾਦ ਲੈ ਕੇ ਆਉਂਦਾ ਤੇ ਕਿਣਕਾ-ਕਿਣਕਾ ਸਾਰਿਆਂ ਨੂੰ ਵੰਡਦਾ ਫਿਰਦਾ, "ਵੰਡ ਕੇ ਛਕੋ ਭਾਈ ਵੰਡ ਕੇ...ਇਮਾਨਦਾਰੀ ਨਾਲ ਕਿਰਤ ਕਰੋ।" ਇਸ ਬਾਰੇ ਉਸ ਨੂੰ ਕਹਿਣ ਦੀ ਲੋੜ ਨਹੀਂ ਸੀ ਹੁੰਦੀ ਪਰ ਲੈਚੀ ਲੈਣ ਲਈ ਬਾਬਾ ਜੀ ਕਹਿ ਕੇ ਹੱਥ ਅੱਡਣਾ ਪੈਂਦਾ। ਜਿਹੜੇ ਨਹੀਂ ਸੀ ਕਹਿੰਦੇ, ਉਨ੍ਹਾਂ ਨੂੰ ਵੀ ਦੇ ਦਿੰਦਾ। ਆਪਣੇ ਆਪ ਨੂੰ ਤਾਂ ਉਹ ਬਾਬਾ ਸਮਝਦਾ ਹੀ ਨਹੀਂ ਸੀ। ਉਸ ਦੇ ਵਤੀਰੇ, ਸਲੀਕੇ, ਨਰਮਾਈ ਕਰ ਕੇ ਹੀ ਲੋਕ ਕਹਿਣ ਲੱਗ ਪਏ ਸੀ। ਉਹ ਇਲਾਹੀ ਬਾਣੀ ਦਾ ਨਿਮਾਣਾ ਜਿਹਾ ਸ਼ਰਧਾਲੂ ਬਣਿਆ ਰਹਿੰਦਾ, "ਹਮ ਚਾਕਰ ਤੇਰੇ ਦਰ ਕੇ।"

ਉਹ ਆਪਣੇ ਵਿਚਾਰ ਦੱਸਦਾ ਰਹਿੰਦਾ, "ਬ੍ਰਹਿਮੰਡ 'ਚ ਫੈਲੀ ਇਸ ਬਾਣੀ ਨੂੰ ਪੜ੍ਹੋ, ਸਮਝੋ ਤੇ ਅਮਲ ਕਰ ਕੇ ਸੁਖੀ ਜੀਓ ਤੇ ਜੀਣ ਦਿਓ।"

ਉਹ ਆਪਣੇ ਕੰਮ ਵਿਚ ਐਨਾ ਪੱਕਾ ਸੀ ਕਿ ਸਮੇਂ ਸਿਰ ਕੰਮ ਨਿਬੇੜ ਕੇ ਮੁਸਕਰਾਹਟਾਂ ਵੰਡਦਾ ਰਹਿੰਦਾ। ਆਪਣੇ ਕੰਮ ਤੋਂ ਇਲਾਵਾ ਵਾਧੂ ਵੀ ਕਰਵਾ ਦਿੰਦਾ। ਉਹ ਸ਼ੁਰੂ ਤੋਂ ਹੀ ਇਕੋ ਸੀਟ 'ਤੇ ਕੰਮ ਕਰਦਾ ਆ ਰਿਹਾ ਸੀ। ਉਸ ਦੇ ਜਿੰਨੇ ਵੀ ਮੁਖੀ ਆਏ, ਉਨ੍ਹਾਂ ਨੇ ਕਿਤੇ ਹੋਰ ਬਦਲੀ ਹੋਣ ਹੀ ਨਹੀਂ ਸੀ ਦਿੱਤੀ।

ਸੁਰੱਖਿਆ ਅਮਲਾ ਹੌਲੀ-ਹੌਲੀ ਸੁਚੇਤ ਹੋਇਆ। ਟੈਲੀਫੋਨ, ਵਾਇਰਲੈਸਾਂ ਹੇਠਾਂ ਤੋਂ ਉਪਰ ਤੱਕ ਖੜਕ ਗਏ। ਸਾਰੇ ਗੇਟ ਬੰਦ ਕਰ ਦਿੱਤੇ



ਗਏ। ਸੁਰੱਖਿਆ ਅਮਲਾ ਕਿਸੇ ਨੂੰ ਅੰਦਰ ਨਹੀਂ ਸੀ ਆਉਣ ਦੇ ਰਿਹਾ, ਤੇ ਨਾ ਹੀ ਕੋਈ ਬਾਹਰ ਜਾ ਸਕਦਾ ਸੀ। ਤਲਾਸ਼ੀਆਂ ਸ਼ੁਰੂ ਹੋ ਗਈਆਂ। ਪੂਰੇ ਹਥਿਆਰਾਂ ਨਾਲ ਲੈਸ ਹੋਏ ਦਸਤੇ, ਸ਼ੱਕ ਦੀ ਨਿਗ੍ਹਾ ਨਾਲ ਚਾਰੇ ਪਾਸੇ ਦਗੜ-ਦਗੜ ਕਰਦੇ ਫਿਰਨ ਲੱਗ ਪਏ। ਬਿਲਡਿੰਗਾਂ ਦੀਆਂ ਨੁਕਰਾਂ ਫਰੋਲਣ ਲੱਗੇ। ਉਨ੍ਹਾਂ ਦੀ ਪੂਰੀ ਘੇਰਾਬੰਦੀ ਕਰ ਕੇ ਪੁੱਛ-ਗਿੱਛ ਹੋਣ ਲੱਗ ਪਈ। ਬਹੁਤੇ ਜਣੇ ਹੁਣੇ ਵਾਪਰਿਆ ਸਭ ਕੁਝ ਭੁੱਲ ਕੇ ਆਪਣੇ ਆਪ 'ਤੇ ਤਸ਼ੱਦਦ ਹੋਣ ਦੇ ਡਰ ਨਾਲ ਸਹਿਮ ਗਏ। ਕਿਸੇ ਨੇ ਪੁੱਛਣਾ ਹੀ ਨਹੀਂ ਸੀ। ਨਾ ਹੀ ਕੋਈ ਉਜ਼ਰ ਸੁਣਨ ਨੂੰ ਤਿਆਰ ਹੋਣਾ ਸੀ। ਸਭ ਗੁੰਗੇ ਬਣ ਦੇਣ ਦੀ ਵਾਰੀ ਉਡੀਕਣ ਲੱਗ ਪਏ। ਉਨ੍ਹਾਂ ਦੇ ਦਿਲਾਂ ਦੀ ਧੜਕਣ ਵਧ ਗਈ ਸੀ। ਉਹ ਸੱਚੇ ਹੋਣ ਦੀ ਕੋਸ਼ਿਸ਼ ਕਰਨ ਲਈ ਚਿਹਰੇ ਠੀਕ ਰੱਖਣ ਦਾ ਮਨ ਬਣਾ ਰਹੇ ਸਨ।

ਲੈਚੀ ਬਾਬਾ ਦੇ ਨਾਲ ਵਾਲੀਆਂ ਸੀਟਾਂ ਦੀਆਂ ਲੜਕੀਆਂ ਹੰਝੂ ਵਹਾ ਰਹੀਆਂ ਸਨ, "ਬਾਬਾ ਜੀ, ਹੁਣੇ ਲੈਚੀਆਂ ਦੇ ਕੇ ਗਏ ਨੇ।"

ਪੂਰੇ ਅਦਾਰੇ ਦੀਆਂ ਅੱਖਾਂ ਵਿਚ ਅੱਥਰੂ ਸਨ। ਖ਼ਜ਼ਾਨਚੀ ਕਹਿ ਰਿਹਾ ਸੀ, "ਮੇਰੇ ਸਟਾਫ ਨੂੰ ਬਾਬਾ ਜੀ ਇਕ-ਇਕ ਲੈਚੀ ਵੰਡ ਕੇ ਹੁਣੇ ਗਏ ਨੇ। ਬੈਂਕ ਵਿਚੋਂ ਕੈਸ਼ ਆਉਂਦੇ ਸਾਰ ਸਭ ਤੋਂ ਪਹਿਲਾਂ ਉਸ ਨੂੰ ਹੀ ਵੱਡੇ ਬਲਾਕ ਦੀ ਸਾਰੀ ਤਨਖਾਹ ਦਿੱਤੀ ਜੇ।" ਉਸ ਦੇ ਸਟਾਫ ਦੀਆਂ ਅੱਖਾਂ 'ਚ ਪਾਣੀ ਆਉਂਦਾ। ਉਹ ਵਾਰ-ਵਾਰ ਸਾਫ ਕਰਦੇ।

ਕੈਸ਼ੀਅਰ ਨੇ ਡਰੇ ਹੋਇਆਂ ਹੀ ਬੈਂਕ ਮੁਖੀ ਨੂੰ ਸੂਚਨਾ ਦੇ ਦਿੱਤੀ। ਬੈਂਕ ਮੁਖੀ ਨੇ ਆਪਣੀ ਬੇਵਸੀ ਜ਼ਾਹਿਰ ਕਰ ਦਿੱਤੀ, "ਸਾਡੇ ਕੋਲੋਂ ਕੈਸ਼ ਜਾ ਚੁੱਕਾ ਸੀ...ਉਹ ਹੋਰ ਬੈਂਕਾਂ 'ਚ ਤਾਂ ਆ ਚੁੱਕੇ ਨੇ...ਸਾਡੇ ਕੋਲ ਵੀ ਆ ਸਕਦੇ ਨੇ...ਬੰਦੇ ਉਨ੍ਹਾਂ ਲਈ ਕੋਈ ਚੀਜ਼ ਨਹੀਂ।"

ਕੈਸ਼ੀਅਰ ਹੋਰ ਘਬਰਾ ਗਿਆ। ਉਸ ਨੇ ਅਦਾਰੇ ਦੇ ਮੁਖੀ ਨੂੰ ਫੋਨ ਖੜਕਾ ਦਿੱਤਾ, "ਸਾਬ੍ਹ ਜੀ, ਮੇਰੇ ਕੋਲੋਂ ਤਾਂ ਕੈਸ਼ ਜਾ ਚੁੱਕੈ? ਕਿਸ ਖਾਤੇ 'ਚ...?"

ਅੱਗਿਓਂ ਤੁਰੰਤ ਉਤਰ ਆਇਆ, "ਇਹ ਤੇਰੀ ਸਿਰਦਰਦੀ ਹੈ। ਅਸੀਂ ਤਾਂ ਤੈਨੂੰ ਠੇਕਾ ਦਿੱਤਾ ਹੋਇਐ...ਉਨ੍ਹਾਂ ਦੇ ਫੋਨ ਵੀ ਆ ਚੁੱਕੇ ਨੇ? ਜੋ ਅੜੇ ਸੋ ਝੜੇ। ਕੀ ਪਤਾ ਉਹ ਅਸਲੀ ਵੀ ਨੇ?"

ਅਦਾਰੇ ਦੇ ਸਾਰੇ ਮੁਖੀਆਂ ਨੇ ਇਕ-ਦੂਜੇ ਨੂੰ ਫੋਨ ਖੜਕਾਏ, "ਹੁਣ ਕੀ ਕਰੀਏ?" ਕਿਸੇ ਨੂੰ ਵੀ ਕੁਝ ਸੁੱਝ ਨਹੀਂ ਸੀ ਰਿਹਾ।

ਉਹ ਹਰ ਮਹੀਨੇ ਆਪਣੇ ਬਲਾਕ ਦੀ ਤਨਖਾਹ ਲਿਆਉਣਾ ਆਪਣੀ ਜ਼ਿੰਮੇਵਾਰੀ ਸਮਝਦਾ ਸੀ। ਸਾਰਿਆਂ ਨੂੰ ਆਪ ਹੀ ਵੰਡਦਾ। ਕਿਸੇ ਨੂੰ ਵੀ ਅਜਿਹਾ ਕੁਝ ਹੋਣ ਦਾ ਖ਼ਾਬੋ-ਖ਼ਿਆਲ ਨਹੀਂ ਸੀ। ਉਹ ਆਪਣੇ ਮਸਤ ਖ਼ਿਆਲਾਂ 'ਚ ਹੈਂਡ-ਬੈਗ ਨੂੰ ਘੁੱਟ ਕੇ ਫੜੀ ਆ ਰਿਹਾ ਸੀ। ਅੱਧਾ ਕਿਲੋਮੀਟਰ ਤੱਕ ਦਾ ਫਾਸਲਾ ਤੈਅ ਕਰਨਾ ਸੀ, ਜਿਵੇਂ ਹਰ ਵਾਰ ਉਹ ਕਰਦਾ। ਕੁਝ ਜਣੇ ਖੁੱਲ੍ਹੀ ਥਾਂ 'ਚ ਕੰਨਟੀਨ ਦੇ ਆਲੇ-ਦੁਆਲੇ ਚਾਹ ਦੀਆਂ ਚੁਸਕੀਆਂ ਲੈ ਰਹੇ ਸੀ। ਕੰਮ ਦੇ ਬੋਝ ਤੋਂ ਮੁਕਤ ਹੋਣ ਲਈ ਹਾਸੇ-ਠੱਠੇ ਨਾਲ ਉਨ੍ਹਾਂ ਨੇ ਤਣਾਅ ਤੋਂ ਛੁਟਕਾਰਾ ਪਾ ਲੈਣਾ ਸੀ।

ਕੁਝ ਚਿਰ ਉਸ ਦਾ ਜ਼ਫਾ ਲੱਗਾ ਰਿਹਾ। ਜਦੋਂ ਉਹ ਹੇਠਾਂ ਡਿਗ ਕੇ ਤੜਫਣ ਲੱਗਾ ਤਾਂ ਕਿਸੇ ਨੇ ਕੋਲ ਜਾਣ ਦੀ ਹਿੰਮਤ ਨਹੀਂ ਕੀਤੀ। ਉਨ੍ਹਾਂ ਦੇ ਗਾਇਬ ਹੋ ਜਾਣ ਬਾਅਦ ਵੀ ਕੋਈ ਨੇੜੇ ਨਹੀਂ ਗਿਆ। ਹਰ ਇਕ ਨੂੰ ਆਪਣੀ ਜਾਨ ਪਿਆਰੀ ਸੀ। ਬਾਅਦ 'ਚ ਅੱਡ-ਅੱਡ ਟੋਲੀਆਂ 'ਚ ਹੌਲੀ-ਹੌਲੀ ਗੱਲਾਂ ਵੀ ਕਰਨ ਲੱਗ ਪਏ,

'ਬਾਬਾ ਜੀ ਨੂੰ ਬੈਗ ਸੁਟ ਦੇਣਾ ਚਾਹੀਦਾ ਸੀ।'

'ਲੈਚੀ ਦੇ ਦਿੰਦੇ ਇਕ-ਇਕ।'

'ਬੈਗ ਘੁੱਟ ਕੇ ਨਹੀਂ ਸੀ ਫੜਨਾ ਚਾਹੀਦਾ।'

'ਭਾਊ ਜੋ ਹੋ ਗਿਆ ਸੋ ਹੋ ਗਿਆ, ਹੁਣ?'

'ਹੁਣ ਨਾ ਅਦਾਰੇ ਨੇ ਕੁਝ ਕਰਨੈ, ਨਾ ਸਰਕਾਰ ਨੇ?'

'ਆਹੋ ਭਾਊ ਹੁਣ ਤੱਕ ਕੀ ਕੀਤੈ...ਕਿੰਨਾ ਕੁਝ ਹੋ ਚੁਕਿਐ?'

'ਕੋਈ ਜ਼ਿੰਮੇਵਾਰੀ ਲੈਣ ਲਈ ਤਿਆਰ ਹੀ ਨਹੀਂ।'

'ਅਦਾਰੇ ਵਿਚ ਭੋਗ ਪਾ ਕੇ ਲੰਮੇ-ਲੰਮੇ ਭਾਸ਼ਣਾਂ ਨਾਲ ਸ਼ਰਧਾਂਜਲੀ ਦੇ ਦੇਣਗੇ।'

'ਹਾਂ ਭਾਊ ਲੈਚੀਆਂ ਦਾ ਪ੍ਰਸ਼ਾਦ ਵੀ ਦੇਣਗੇ।'

'ਵਿਚਾਰਾ ਦਰਵੇਸ਼...।'

ਉਸ ਦੇ ਘਰ ਟੈਲੀਫੋਨ ਕਰ ਦਿੱਤਾ ਗਿਆ ਸੀ। ਉਸ ਦੀ ਪਤਨੀ ਨੂੰ ਸੱਚ ਨਹੀਂ ਸੀ ਆ ਰਿਹਾ। ਉਹ ਕਹਿ ਰਹੀ ਸੀ, "ਨਿਤਨੇਮੀ ਨਾਲ ਅਜਿਹਾ ਹੋ ਹੀ ਨਹੀਂ ਸਕਦਾ। ਉਸ ਦੀ ਸੱਚੀ ਲੱਗਨ ਬਚਾਅ ਲਵੇਗੀ। ਪ੍ਰਸ਼ਾਦ ਵੰਡਣ ਵਾਲੇ ਦਾ ਕੋਈ ਦੁਸ਼ਮਣ ਨਹੀਂ ਹੋ ਸਕਦਾ। ਕਦੇ ਕਿਸੇ ਨੂੰ ਉਚਾ ਨੀਵਾਂ ਬੋਲਿਆ ਹੀ ਨਹੀਂ ਸੀ।"

ਉਸ ਦੀ ਬੱਚੀ ਵਾਰ-ਵਾਰ ਕਹਿ ਰਹੀ ਸੀ, "ਪਾਪਾ ਨੇ ਘਰ 'ਚ ਕਿਸੇ ਨੂੰ ਝਿੜਕਿਆ ਨਹੀਂ ਜੇ। ਉਹ ਹੋਰ ਵੀ ਕਿਸੇ ਨੂੰ ਕੁਝ ਨਹੀਂ ਕਹਿ ਸਕਦੇ? ਪਾਪਾ ਨੂੰ ਬਾਣੀ ਕੁਝ ਵੀ ਨਹੀਂ ਹੋਣ ਦੇਵੇਗੀ।"

ਉਨ੍ਹਾਂ ਗੱਭਰੂਆਂ ਨੇ ਬਾਬਾ ਜੀ ਦੇ ਕੋਲ ਆਉਣ ਤੱਕ ਕਿਸੇ ਨੂੰ ਸ਼ੱਕ ਨਹੀਂ ਸੀ ਹੋਣ ਦਿੱਤਾ ਕਿ ਉਹ ਕਿਸ ਇਰਾਦੇ ਨਾਲ ਆਏ ਨੇ। ਆਮ ਵਾਂਗ ਹੀ ਉਸ ਦੇ ਅੱਗੇ-ਪਿੱਛੇ ਰਹੇ। ਛੇ ਬਿਲਡਿੰਗਾਂ ਦੇ ਵਿਚਕਾਰ ਖੁੱਲ੍ਹੀ ਥਾਂ ਆ ਕੇ ਉਹ ਉਸ ਦੇ ਅੱਗੇ ਹੋ ਗਏ। ਉਨ੍ਹਾਂ ਨੇ ਹਲੀਮੀ ਨਾਲ ਹੈਂਡ-ਬੈਗ ਦੇਣ ਲਈ ਇਸ਼ਾਰਾ ਕੀਤਾ।

ਉਸ ਨੇ ਹੱਸਦਿਆਂ ਨਾਂਹ ਕਰ ਦਿੱਤੀ ਤੇ ਲੈਚੀ ਦੇਣ ਲਈ ਕੱਢਣ ਲੱਗਾ। ਉਨ੍ਹਾਂ ਨੇ ਫੁਰਤੀ ਨਾਲ ਸਿੱਧੀ ਉਂਗਲ ਦਾ ਇਸ਼ਾਰਾ ਹੈਂਡ-ਬੈਗ ਵੱਲ ਕਰ ਦਿੱਤਾ। ਉਸ ਨੇ ਫਿਰ ਹੱਸ ਕੇ ਸਿਰ ਫੇਰ ਦਿੱਤਾ ਤੇ ਹੈਂਡ-ਬੈਗ ਛਾਤੀ ਨਾਲ ਘੁੱਟ ਲਿਆ। ਉਨ੍ਹਾਂ ਨੇ ਹੈਂਡ-ਬੈਗ ਨੂੰ ਹੱਥ ਪਾਇਆ। ਉਸ ਨੇ ਹੋਰ ਘੁੱਟ ਲਿਆ।

ਉਨ੍ਹਾਂ ਨੇ ਦਬਕਾ ਮਾਰਿਆ। ਉਹ ਆਪਣੀ ਜ਼ਿਦ 'ਤੇ ਅੜਿਆ ਰਿਹਾ। ਇਕ ਜਣੇ ਨੇ ਜ਼ਿਆਦਾ ਸਮਾਂ ਨਾ ਗੁਆਉਣ ਕਰ ਕੇ ਆਪਣਾ ਹਥਿਆਰ ਕੱਢ ਕੇ ਸਿੱਧਾ ਕਰ ਦਿੱਤਾ ਤੇ ਆਵਾਜ਼ ਆਸਮਾਨ ਚੀਰ ਗਈ...।

ਉਹ ਡਿੱਗਿਆ ਪਿਆ ਤੜਫਿਆ ਤੇ ਮੁਸਕਰਾ ਕੇ ਪੈਂਟ ਦੀ ਜੇਬ ਵਿਚੋਂ ਲੈਚੀਆਂ ਦੀ ਪੋਟਲੀ ਕੱਢ ਕੇ ਉਸ ਦਾ ਮੂੰਹ ਖੋਲ੍ਹ ਦਿੱਤਾ। ਲੈਚੀਆਂ ਖਿਲਰ ਕੇ ਲਾਲੋ-ਲਾਲ ਹੋ ਗਈਆਂ...। ਉਸ ਦੇ ਬੁੱਲ੍ਹ ਫਰਕੇ, "ਲੈਚੀਆਂ ਤਾਂ...ਲੈ...ਜੋ...ਅ...?"

# ਲੋਹੇ ਦਾ ਗੇਟ

**ਰਾਮ ਸਰੂਪ ਅਣਖੀ**

ਤੇ ਉਸ ਦਿਨ ਲੋਹੇ ਦਾ ਗੇਟ ਮੁਕੰਮਲ ਹੋ ਗਿਆ। ਮੈਂ ਸੁਖ ਦਾ ਸਾਹ ਲਿਆ। ਚੱਲ, ਅੱਜ ਤਾਂ ਲੱਗ ਹੀ ਜਾਏਗਾ। ਨਹੀਂ ਤਾਂ ਪਹਿਲਾਂ 15 ਦਿਨ ਤੋਂ ਦਰਵਾਜ਼ਾ ਖੁੱਲ੍ਹਾ ਪਿਆ ਸੀ, ਚਾਹੇ ਦੋਵੇਂ ਥਮ੍ਹਲਿਆਂ ਵਿਚਾਲੇ ਆਦਮੀ ਦੇ ਮੋਢੇ ਤੱਕ ਦੀਵਾਰ ਬਣਾ ਦਿਤੀ ਗਈ ਸੀ। ਕੋਈ ਡੰਗਰ-ਪਸ਼ੂ ਅੰਦਰ ਨਹੀਂ ਸੀ ਵੜਦਾ। ਫੇਰ ਵੀ ਰਾਤ ਨੂੰ ਕੁੱਤੇ ਕੰਧ ਟੱਪ ਕੇ ਆ ਜਾਂਦੇ ਤੇ ਵਿਹੜੇ ਦੇ ਜੂਠੇ ਭਾਂਡੇ ਸੁੰਘਦੇ ਫਿਰਦੇ। ਬਹੁਤਾ ਡਰ ਚੋਰ ਦਾ ਰਹਿੰਦਾ ਏਸ ਕਰਕੇ ਮੈਨੂੰ ਵਿਹੜੇ ਵਿਚ ਸੌਣਾ ਪੈਂਦਾ। ਗਰਮੀ ਦਾ ਮਹੀਨਾ, ਬੇਸ਼ੁਮਾਰ ਮੱਛਰ। ਗੇਟ ਬੰਦ ਹੋਵੇ ਤਾਂ ਅੰਦਰ ਬਿਜਲੀ ਦੇ ਪੱਖੇ ਹੇਠ ਮੌਜ ਨਾਲ ਸੁੱਤਾ ਜਾ ਸਕਦਾ ਸੀ। ਕਮਰਿਆਂ ਵਿਚ ਤਾਂ ਕੂਲਰ ਵੀ ਸੀ। ਹਰ ਰੋਜ਼ ਖਿਝ ਚੜ੍ਹਦੀ-ਇਹ ਪਾਪੀ ਤਖਾਣ ਗੇਟ ਬਣਾ ਕੇ ਦਿੰਦਾ ਕਿਉਂ ਨਹੀਂ? ਜਦੋਂ ਵੀ ਜਾਈਦੈ, ਨਵਾਂ ਲਾਰਾ ਲਾ ਦਿੰਦੈ। ਗੇਟ ਦਾ ਫਰੇਮ ਬਣਾ ਕੇ ਰੱਖ ਛੱਡਿਐ। ਕਹੇਗਾ, "ਬੱਸ ਕੱਲ੍ਹ ਨੂੰ ਥੋੜਾ ਜਿੰਦਾ-ਕੁੰਡਾ ਲਗਦਾ ਕਰ ਦਿਆਂਗੇ।" ਏਸੇ ਤਰ੍ਹਾਂ ਕਈ ਕਲ੍ਹਾਂ ਲੰਘ ਚੁੱਕੀਆਂ ਸਨ। ਹੋਰ ਕੋਈ ਬਹਾਨਾ ਨਾ ਹੁੰਦਾ ਤਾਂ ਉਹਨੇ ਪੁਛਣ ਲੱਗ ਪੈਣਾ, "ਗੇਟ ਦਾ ਡਜ਼ੈਨ ਕਿਹੋ ਜਿਹਾ ਰਖੀਏ?" ਮੈਨੂੰ ਅੱਗ ਲਗ ਜਾਂਦੀ। "ਬਾਬਿਓ, ਡਿਜ਼ਾਇਨ ਤਾਂ ਪਹਿਲੇ ਦਿਨ ਹੀ ਥੋਡੀ ਕਾਪੀ ਵਿਚ ਲਿਖਵਾ ਦਿਤਾ ਸੀ। ਹੁਣ ਇਹ ਪੁੱਛਣ ਦਾ ਕੀ ਮਤਲਬ? ਇਹ ਤਾਂ ਉਹ ਗੱਲ ਐ, ਕਿਸੇ ਦਰਜੀ ਕੋਲ ਤੁਸੀਂ ਇਕਰਾਰ ਵਾਲੇ ਦਿਨ ਆਪਣੀ ਕਮੀਜ਼ ਲੈਣ ਜਾਓ ਤੇ ਉਹ ਅੱਗੋਂ ਪੁੱਛਣ ਲੱਗ ਪਵੇ-ਕਾਲਰ ਕਿਹੋ ਜੇ ਬਣਾਉਣੇ ਨੇ? ਬਟਨ ਕਿੰਨੇ ਲਾਈਏ? ਜੇਬਾਂ ਦੋ ਜਾਂ ਇਕ?"

ਅਸਲ ਵਿਚ ਗੱਲ ਇਹ ਸੀ ਕਿ ਉਹ ਆਲੇ ਦੁਆਲੇ ਦੇ ਪਿੰਡਾਂ ਤੋਂ ਆਉਣ ਵਾਲੇ ਗਾਹਕਾਂ ਦਾ ਕੰਮ ਕਰ ਕੇ ਦੇਈ ਜਾ ਰਹੇ ਸਨ ਤੇ ਮੈਂ ਲੋਕਲ ਸਾਂ। ਮੈਂ ਕਿਧਰ ਜਾਣਾ ਸੀ! ਮੇਰਾ ਤਾਂ ਉਹ ਕਦੋਂ ਵੀ ਕਰ ਕੇ ਦੇ ਦਿੰਦੇ। ਮੇਰੀ ਉਨ੍ਹਾਂ ਨਾਲ ਕੁਝ ਜਾਣ ਪਛਾਣ ਵੀ ਸੀ। ਹੋਰ ਕੋਈ ਹੁੰਦਾ ਤਾਂ ਆਖ ਦਿੰਦਾ, "ਨਹੀਂ ਬਣਾ ਕੇ ਦੇਣਾ ਗੇਟ, ਨਾ ਬਣਾਓ। ਮੈਂ ਹੋਰ ਕਿਧਰੇ ਸਾਈ ਫੜਾ ਦਿੰਨਾਂ।" ਪਰ ਉਨ੍ਹਾਂ ਅੱਗੇ ਅੱਖਾਂ ਦੀ ਸ਼ਰਮ ਮਾਰਦੀ। ਤੇ ਫਿਰ ਫਰੇਮ ਬਣਾ ਕੇ ਸਾਹਮਣੇ ਰਖਿਆ ਪਿਆ ਸੀ।

ਬੁੱਢਾ ਬਾਬਾ ਕੁਰਸੀ ਡਾਹ ਕੇ ਸਾਹਮਣੇ ਬੈਠਾ ਰਹਿੰਦਾ। ਕੰਮ ਚਾਰ ਹੋਰ ਬੰਦੇ ਕਰਦੇ। ਇਨ੍ਹਾਂ ਵਿਚੋਂ ਇਕ ਅੱਧਖੜ ਉਮਰ ਦਾ ਸੀ, ਤਿੰਨ ਨੌਜਵਾਨ। ਉਹ ਮਾਹਵਾਰ ਤਨਖਾਹ ਲੈਂਦੇ। ਬਾਬੇ ਦਾ ਮੁੰਡਾ ਵੀ ਸੀ। ਉਹ ਉਤਲੇ ਕੰਮ ਉਤੇ ਸਕੂਟਰ ਲੈ ਕੇ ਘੁੰਮਦਾ ਫਿਰਦਾ ਰਹਿੰਦਾ। ਵਰਕਸ਼ਾਪ ਵਿਚ ਲੋਹੇ ਦੇ ਗੇਟ ਤੇ ਖਿੜਕੀਆਂ ਦੀਆਂ ਗਰਿਲਾਂ ਬਣਦੀਆਂ। ਮੁੰਡਾ ਗਾਹਕਾਂ ਦੇ ਘਰੀਂ ਜਾ ਕੇ ਗੇਟਾਂ ਤੇ ਖਿੜਕੀਆਂ ਦੇ ਨਾਪ ਲੈਂਦਾ। ਜਾਂ ਫੇਰ ਬਾਜ਼ਾਰ 'ਚੋਂ ਲੋਹਾ ਖਰੀਦ ਕੇ ਲਿਆਉਂਦਾ। ਕਦੇ ਕਦੇ ਵੱਡੇ ਸ਼ਹਿਰੀਂ ਵੀ ਜਾਂਦਾ।

ਨੌਜਵਾਨ ਮਿਸਤਰੀਆਂ ਵਿਚੋਂ ਇਕ ਚਰਨੀ ਸਭ ਤੋਂ ਛੋਟਾ ਸੀ। ਸਾਰੇ ਉਹਨੂੰ ਮਖੌਲ ਕਰਦੇ। ਬਾਬਾ ਤਾਂ ਝਿੜਕ ਵੀ ਦਿੰਦਾ। ਪਰ ਚਰਨੀ ਹਸਦਾ ਰਹਿੰਦਾ। ਉਹ ਕਿਸੇ ਦੀ ਗੱਲ ਦਾ ਗੁੱਸਾ ਨਾ ਕਰਦਾ। ਬੁੱਢਾ ਬਾਬਾ ਬਹੁਤਾ ਤਾਂ ਉਹਦੇ 'ਤੇ ਉਦੋਂ ਖਿਝਦਾ ਜਦੋਂ ਉਹ ਗੱਲੀਂ ਲੱਗ ਕੇ ਹੱਥਲਾ ਕੰਮ ਛੱਡ ਬੈਠਦਾ।

ਕੋਈ ਗਾਹਕ ਗੇਟ ਬਣਵਾਉਣ ਲਈ ਪੁੱਛਣ ਆਉਂਦਾ ਤਾਂ ਬਾਬਾ ਸਵਾਲ ਕਰਦਾ, "ਕਿੰਨਾ ਚੌੜਾ, ਕਿੰਨਾ ਉਚਾ? ਜਾਂ ਪੁੱਛਦਾ, "ਐਥੇ ਈ ਐ ਮਕਾਨ ਜਾਂ ਕੋਈ ਹੋਰ ਪਿੰਡ ਐ?"

ਚਰਨੀ ਮੂੰਹ ਚੁੱਕ ਕੇ ਗਾਹਕ ਵੱਲ ਝਾਕਣ ਲਗਦਾ ਤੇ ਸਵਾਲ ਕਰ ਬੈਠਦਾ, "ਕਿੰਨੇ ਕਮਰੇ ਨੇ ਮਕਾਨ ਦੇ?" ਬਾਬਾ ਟੁੱਟ ਕੇ ਪੈ ਜਾਂਦਾ, "ਓਏ ਤੈਂ ਕਮਰਿਆਂ ਤੋਂ ਛਿੱਕੂ ਲੈਣੈ? ਸਾਨੂੰ ਤਾਂ ਗੇਟ ਤਾਈਂ ਮਤਲਬ ਐ। ਕਮਰਿਆਂ ਵਿਚ ਜਾ ਕੇ ਕੀ ਕਰਨੈਂ ਤੂੰ?" ਜਾਂ ਕੋਈ ਆਉਂਦਾ ਤੇ ਮਕਾਨ ਦੱਸ ਕੇ ਖਿੜਕੀਆਂ ਦੀ ਗੱਲ ਕਰਦਾ ਤਾਂ ਚਰਨੀ ਪੁੱਛਦਾ, "ਕਿੰਨੇ ਹਜ਼ਾਰ ਖਰਚ ਆ ਗਿਆ ਮਕਾਨ 'ਤੇ?"

"ਤੂੰ ਆਵਦਾ ਕੰਮ ਕਰ ਓਏ," ਬਾਬਾ ਖਿਝਦਾ। ਦੂਜੇ ਮਿਸਤਰੀ ਗੁੱਝਾ ਗੁੱਝਾ ਹਸਦੇ। ਬਾਬੇ ਉਤੇ ਵੀ ਅਤੇ ਚਰਨੀ ਉਤੇ ਵੀ। ਕਦੇ ਅੱਧਖੜ ਮਿਸਤਰੀ ਕੁੰਢਾ ਸਿੰਘ ਨੇ ਚਰਨੀ ਨੂੰ ਕੋਈ ਕੰਮ ਸਮਝਾਉਣਾ ਹੁੰਦਾ ਤਾਂ ਉਹਨੂੰ ਜੰਡੂ ਸਾਹਬ ਕਹਿ ਕੇ ਬੁਲਾਉਂਦਾ। ਕਦੇ ਆਖਦਾ, "ਮਿਸਤਰੀ ਗੁਰਚਰਨ ਸਿੰਘ ਜੀ।" ਕਦੇ ਉਹ ਖਿਝਿਆ ਹੁੰਦਾ ਤਾਂ ਬੋਲ ਬੈਠਦਾ, "ਪੱਤੀ ਘੁੱਟ ਕੇ ਫੜ ਓਏ, ਜੁੰਡਲਾ। ਮਾਰੂੰ ਸਾਲੇ ਦੇ ਚਾਂਟਾ।"

ਗੇਟ 8 ਫੁੱਟ ਚੌੜਾ ਸੀ, 7 ਫੁੱਟ ਉਚਾ। 5 ਫੁੱਟ ਚੌੜਾ ਸੱਜਾ ਪੱਲਾ ਤੇ 3 ਫੁੱਟ ਦਾ ਖੱਬਾ ਪੱਲਾ। 5 ਫੁੱਟ ਵਾਲੇ ਪੱਲੇ ਉਤੇ ਮੈਂ ਕਹਿ ਕੇ ਲੋਹੇ ਦੀ ਪਲੇਟ ਵੱਖਰੀ ਲਵਾਈ ਤਾਂ ਜੋ ਇਸ ਉਤੇ ਆਪਣਾ ਨਾਂ ਲਿਖਵਾਇਆ ਜਾ ਸਕੇ। ਇਹ ਵੱਡਾ ਪੱਲਾ ਆਮ ਤੌਰ 'ਤੇ ਬੰਦ ਹੀ ਰਹਿਣਾ ਸੀ। ਦਰਵਾਜ਼ੇ 'ਤੇ ਨੇਮ ਪਲੇਟ ਤਾਂ ਜ਼ਰੂਰ ਹੋਣੀ ਚਾਹੀਦੀ ਹੈ, ਨਹੀਂ ਤਾਂ ਨਵੇਂ ਬੰਦੇ ਨੂੰ ਸ਼ਹਿਰ ਵਿਚ ਮਕਾਨ ਲੱਭਣਾ ਬਹੁਤ ਔਖਾ ਹੋ ਜਾਂਦੈ। ਨੇਮ ਪਲੇਟ ਦੋ ਪੇਚਾਂ ਨਾਲ ਪੱਲੇ ਉਤੇ ਕਸੀ ਹੋਈ ਸੀ। ਪੇਚ ਕੱਢ ਕੇ ਇਕੱਲੀ ਪਲੇਟ ਮੈਂ ਪੇਂਟਰ ਕੋਲ ਲੈ ਜਾਣੀ ਸੀ ਤੇ ਉਸ 'ਤੇ ਆਪਣਾ ਨਾਂ ਲਿਖਾ ਕੇ ਪੇਚ ਓਵੇਂ ਫੇਰ ਕਸ ਦੇਣੇ ਸਨ।

ਗੇਟ ਫਿੱਟ ਕਰਨ ਦੋ ਮਿਸਤਰੀ ਆਏ। ਕੁੰਢਾ ਸਿੰਘ ਤੇ ਉਹ ਚਰਨੀ। ਅੱਧਾ ਘੰਟਾ ਉਹ ਪੱਲਿਆਂ ਨੂੰ ਉਤੇ ਥੱਲੇ ਤੇ ਏਧਰ ਉਧਰ ਕਰਦੇ ਰਹੇ। ਜਦੋਂ ਐਨ ਸਭ ਟਿਚਨ ਹੋ ਗਿਆ ਤਾਂ ਮੇਰੇ ਘਰਵਾਲੀ ਦੁਕਾਨ ਉਤੇ ਲੱਡੂ ਲੈਣ ਚਲੀ ਗਈ। ਮਕਾਨ ਦੀ ਛੱਤ ਤਾਂ ਗੇਟ ਲੱਗੇ ਤੋਂ ਹੀ ਬਣੀ ਸੀ। ਉਹ ਸੀ ਵੀ

(ਬਾਕੀ ਅਗਲੇ ਸਫੇ 'ਤੇ)

**ਚੁਭਵੀਂ ਗੱਲ**

# ਭਾਂਤ-ਭਾਂਤ ਦੀਆਂ ਅਰਦਾਸਾਂ ਕਰਾਉਂਦੇ ਸਿੱਖ

**ਗੁਰਜੀਤ ਕੌਰ ਬੇਟਾਊਨ, ਟੈਕਸਸ**
**ਫੋਨ: 713-469-2474**

ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਨਾਜ਼ਰ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਉਹ ਇਸ ਕਰ ਕੇ ਕਿ ਇਸ ਗ੍ਰੰਥ ਵਿਚ ਬਾਣੀ ਨੂੰ ਜੇ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਸਾਡੇ ਗੁਰੂ ਸਾਹਿਬਾਨ ਸਾਡੇ ਸਾਹਮਣੇ ਹਾਜ਼ਰ ਨਾਜ਼ਰ ਹਨ ਪਰ ਅੱਜ ਅਸੀਂ ਆਪਣੇ ਗੁਰੂ, ਇਕ ਅਲੌਕਿਕ ਗ੍ਰੰਥ ਨੂੰ ਬੁੱਤ ਵਾਂਗ ਪੂਜਦੇ ਹਾਂ। ਅਸੀਂ ਉਸ ਸਮੇਂ ਇਹ ਭੁੱਲੇ ਹੁੰਦੇ ਹਾਂ ਕਿ ਇਸ ਗ੍ਰੰਥ ਨੂੰ ਪੂਜਣਯੋਗ ਬਣਾਇਆ ਇਸ ਵਿਚ ਦਰਜ ਗੁਰੂਆਂ ਦੀ ਬਾਣੀ ਨੇ। ਜੇ ਕੋਈ ਇਹ ਕਹੇ ਕਿ ਅਸੀਂ ਤਾਂ ਬਾਣੀ ਨੂੰ ਮੱਥਾ ਟੇਕਦੇ ਹਾਂ, ਤਾਂ ਫਿਰ ਇਹ ਸੁਆਲ ਬਣਦਾ ਹੈ ਕਿ ਆਪ ਤੋਂ ਵੱਡਿਆਂ ਅੱਗੇ ਅਸੀਂ ਰੋਜ਼ ਸਿਰ ਤਾਂ ਨਿਵਾਈਏ ਪਰ ਉਨ੍ਹਾਂ ਦੀ ਗੱਲ ਮੰਨੀਏ ਨਾ, ਤਾਂ ਭਲਾ ਇਹ ਕਿਹੜਾ ਸਤਿਕਾਰ ਹੋਇਆ?

ਗੁਰਦੁਆਰੇ ਵਿਚ ਹੁੰਦੀ ਹਰ ਅਰਦਾਸ ਦੀਆਂ ਅਖੀਰਲੀਆਂ ਪੰਕਤੀਆਂ ਸੰਗਤਾਂ ਪਾਸੋਂ ਕੀਤੀਆਂ ਮੰਗਾਂ ਨਾਲ ਭਰੀਆਂ ਹੁੰਦੀਆਂ ਨੇ। ਕੋਈ ਸੁੱਖ ਸ਼ਾਂਤੀ ਮੰਗਦਾ ਹੈ, ਕੋਈ ਗੁਰੂ ਨੂੰ ਹਿਊਮਨ ਰਿਸੋਰਸ ਡਿਪਾਰਟਮੈਂਟ ਦਾ ਕਰਮਚਾਰੀ ਸਮਝ ਕੇ ਨੌਕਰੀ। ਕੋਈ ਤੰਦਰੁਸਤੀ ਤੇ ਕੋਈ ਗੁਰੂ ਨੂੰ ਟਰੱਕਾਂ, ਕਾਰਾਂ ਦਾ ਬੀਮਾ ਅਧਿਕਾਰੀ ਬਣਾ ਕੇ ਬੈਠਾ ਹੁੰਦਾ ਹੈ, ਤੇ ਕਈ ਮੇਰੇ ਵਰਗੇ ਕਰਮਾਂ ਵਾਲੇ ਗੁਪਤ ਅਰਦਾਸਾਂ ਕਰਾਉਂਦੇ ਨੇ। ਕਿੰਨਾ ਹੈਰਾਨੀਜਨਕ ਹੈ ਇਹ ਸਭ! ਜੇ ਰੱਬ ਨੂੰ ਬੰਦੇ ਦਾ ਨਾਂ ਉਸ ਦੇ ਬਿਨਾਂ ਦੱਸੇ ਹੀ ਪਤਾ ਹੈ, ਤਾਂ ਕੀ ਇਹ ਨਹੀਂ ਪਤਾ ਕਿ ਉਸ ਨੇ ਅਰਦਾਸ ਕਿਉਂ ਕਰਾਈ?

ਜਿਸ ਗੁਰੂ ਗ੍ਰੰਥ ਸਾਹਮਣੇ ਖੜ੍ਹੇ ਹੋ ਕੇ ਮੰਗਾਂ ਰੱਖੀਆਂ ਜਾਂਦੀਆਂ ਨੇ, ਉਸ ਵਿਚ ਕਿਤੇ ਵੀ ਨਹੀਂ ਦਰਜ ਕਿ ਮੇਰੇ ਅੱਗੇ ਹਫ਼ਤੇ ਵਿਚ ਇਕ ਵਾਰ ਦਸ ਮਿੰਟ ਖਲੋਤਿਆਂ ਜ਼ਿੰਦਗੀ ਵਿਚ ਕਦੇ ਮੁਸ਼ਕਿਲ ਨਹੀਂ ਆਉਣੀ। ਠੀਕ ਹੈ, ਜੀਵਨ ਵਿਚ ਅਣਸੁਖਾਵਾਂ ਵਾਪਰਨ ਦੇ ਡਰ ਤੋਂ ਅਸੀਂ ਕਈ ਅਰਦਾਸਾਂ ਕਰਦੇ ਹਾਂ, ਤੇ ਜਦੋਂ ਕੁਝ ਵਾਪਰਦਾ ਹੈ ਤਾਂ ਫਿਰ ਅਸੀਂ ਉਸੇ ਹੀ ਗੁਰੂ ਦੀ ਸ਼ਰਨ ਵਿਚ, ਭਾਣਾ ਮੰਨਣ ਦੀ ਤਾਕਤ ਦੀ ਮੰਗ ਕਰਦੇ ਹਾਂ।

ਅਸੀਂ ਆਪਣੇ ਮਨ ਨੂੰ ਟਟੋਲ ਕੇ ਦੇਖੀਏ ਕਿ ਜੋ ਕੁਝ ਸਾਨੂੰ ਬਿਨਾਂ ਮੰਗਿਆਂ ਹੀ ਮਿਲਿਆ ਹੈ, ਕੀ ਉਸ ਸਭ ਦਾ ਸ਼ੁਕਰਾਨਾ ਕਰਨ ਲਈ ਸਾਡੇ ਹੱਥ ਕਦੀ ਉਠੇ ਨੇ? ਕੁਦਰਤ ਨੇ ਸਾਨੂੰ ਦਿਮਾਗ ਦਿੱਤਾ ਤੇ ਬਾਹਾਂ ਦਾ ਬਲ ਬਖ਼ਸ਼ਿਆ ਹੈ ਤਾਂ ਜੋ ਅਸੀਂ ਆਪਣੀ ਜ਼ਿੰਦਗੀ ਦਾ ਟੀਚਾ ਮਿੱਥ ਕੇ ਉਸ ਮਗਰ ਦ੍ਰਿੜਤਾ ਨਾਲ ਤੁਰੀਏ। ਨੌਕਰੀ ਮੰਗਣ ਤੋਂ ਪਹਿਲਾਂ ਕੀ ਅਸੀਂ ਮਾਲਕ ਦਾ ਸ਼ੁਕਰਾਨਾ ਕੀਤਾ ਜਿਸ ਨੇ ਵਿੱਦਿਆ ਪ੍ਰਾਪਤ ਕਰਨ ਲਈ ਬੁੱਧੀ ਤੇ ਸੰਕਲਪ ਬਖ਼ਸ਼ਿਆ? ਤੇ ਜਿਹੜੀ ਹਿੰਮਤ ਕੀਤਿਆਂ ਪੜ੍ਹਾਈ ਹੋਈ ਹੈ, ਕੀ ਉਹੀ ਹਿੰਮਤ ਕੀਤਿਆਂ ਨੌਕਰੀ ਨਹੀਂ ਮਿਲੇਗੀ?

ਜਦੋਂ ਸਾਡੇ ਨਾਲ ਕੁਝ ਚਾਣਚੱਕ ਭਾਣਾ ਵਾਪਰਦਾ ਹੈ, ਉਦੋਂ ਸਾਡੇ ਕੋਲ ਉਸ ਕਰਤੇ ਅੱਗੇ ਅਰਦਾਸ ਕਰਨ ਤੋਂ ਇਲਾਵਾ ਕੋਈ ਚਾਰਾ ਨਹੀਂ, ਪਰ ਜਦੋਂ ਅਸੀਂ ਭਾਣੇ ਨੂੰ ਆਪ ਦਾਅਵਤ ਦਿੰਦੇ ਹਾਂ ਤਾਂ ਫਿਰ ਕਾਹਦੀ ਅਰਦਾਸ? ਮਿਸਾਲ ਵਜੋਂ ਸ਼ਰਾਬ ਪੀ ਕੇ ਗੁਰਦੇ, ਪਿੱਤਾ ਤੇ ਜਿਗਰ ਖਰਾਬ ਕਰਨ ਨੂੰ ਕੌਣ ਕਹਿੰਦਾ ਹੈ? ਊਟ-ਪਟਾਂਗ ਖਾ ਕੇ ਸ਼ੂਗਰ ਤੇ ਜੋੜਾਂ ਵਿਚ ਦਰਦ ਉਪਜਾਉਣ ਦਾ ਕੀ ਫਾਇਦਾ? ਅੱਧੀ ਰਾਤ ਟੀ.ਵੀ. ਅੱਗੇ ਜਾਗ ਕੇ ਅਤੇ ਵੱਡੇ ਦਿਨ ਤੱਕ ਬਿਸਤਰੇ ਵਿਚ ਪਏ ਰਹਿਣ ਨਾਲ ਬਲੱਡ ਪ੍ਰੈਸ਼ਰ ਵਧਾਓ ਤੇ ਗੁਰਦੁਆਰੇ ਚੰਦ ਸਿੱਕੇ ਦੇ ਕੇ ਅਰਦਾਸ ਕਰਾ ਕੇ ਸਾਰੀਆਂ ਬਿਮਾਰੀਆਂ ਤੋਂ ਨਿਜਾਤ ਹਾਸਲ ਕਰੋ। ਸ਼ਾਇਦ ਇਹੀ ਹੁਣ ਗੁਰ ਮੰਤਰ ਹੈ!

ਮੈਨੂੰ ਅੱਜ ਤੱਕ ਇਸ ਗੱਲ ਦਾ ਜੁਆਬ ਨਹੀਂ ਮਿਲ ਸਕਿਆ ਕਿ ਸਾਰੀਆਂ ਅਰਦਾਸਾਂ ਭਾਈ ਸਾਹਿਬ ਤੋਂ ਕਰਾਉਣੀਆਂ ਕਿਉਂ ਜ਼ਰੂਰੀ ਨੇ? ਕੀ ਸਾਡੀ ਪਹੁੰਚ ਗੁਰੂ ਨਾਲ ਕਿਸੇ ਪਾਸਿਓਂ ਘੱਟ ਹੈ? ਕੋਈ ਮੰਨੀ-ਪ੍ਰਮੰਨੀ ਹਸਤੀ ਮਿਲ ਜਾਵੇ ਤਾਂ ਅਸੀਂ ਸਾਰੇ ਉਸ ਨਾਲ ਆਪ ਫੋਟੋ ਖਿਚਵਾਉਣ ਲਈ ਨੱਠਦੇ ਹਾਂ, ਉਦੋਂ ਕਿਉਂ ਨਹੀਂ ਅਸੀਂ ਗੁਰਦੁਆਰਿਓਂ ਭਾਈ ਸਾਹਿਬ ਨੂੰ ਫੜ ਲਿਆਉਂਦੇ? ਕਦੇ ਇਹ ਵੀ ਕਹਿੰਦੇ ਹਾਂ ਕਿ ਜਿਹੜਾ ਬੰਦਾ 10-15 ਮਿੰਟ ਖੜ੍ਹਾ ਹੋ ਕੇ ਸਾਡੀਆਂ ਮੰਗਾਂ ਰੱਬ ਅੱਗੇ ਰੱਖਦਾ ਹੈ, ਉਹ ਵੀ ਤੰਦਰੁਸਤ ਰਹੇ। ਕੀ ਭਾਈ ਸਾਹਿਬ ਨੂੰ ਕੋਈ ਸਰੀਰਕ ਤਕਲੀਫ ਨਹੀਂ ਹੋ ਸਕਦੀ? ਹੋ ਸਕਦਾ ਹੈ ਕਿ ਉਨ੍ਹਾਂ ਲਈ ਇੰਨਾ ਚਿਰ ਖੜ੍ਹੇ ਹੋਣਾ ਔਖਾ ਹੋਵੇ, ਕਿਉਂਕਿ ਫਲੂ ਦਾ ਮੌਸਮ ਤਾਂ ਸਭ ਲਈ ਇਕੋ ਜਿਹਾ ਹੁੰਦਾ ਹੈ। ਨਾਲੇ ਸਾਨੂੰ ਕਿਸੇ ਵੀ ਚੀਜ਼ ਦੀ ਕਿੰਨੀ ਲੋੜ ਹੈ, ਇਹ ਸਾਨੂੰ ਪਤਾ ਹੈ; ਜੇ ਰੱਬ ਆਖੇ ਕਿ ਦਵਾਈ ਤੁਸੀਂ ਖਾ ਰਹੇ ਹੋ ਤੇ ਅਰਦਾਸ ਕੋਈ ਦੂਜਾ ਕਰ ਰਿਹਾ ਹੈ, ਇਹ ਕੀ ਗੱਲ ਹੋਈ? ਅਸਲ ਵਿਚ ਤਾਂ ਸਾਨੂੰ ਕਹਿਣਾ ਚਾਹੀਦਾ ਹੈ ਕਿ ਭਾਈ ਸਾਹਿਬ ਅਰਦਾਸ ਤੋਂ ਪਹਿਲਾਂ ਸਾਡੀਆਂ ਦੋ ਖੁਰਾਕਾਂ ਵੀ ਖਾ ਲੈਣਾ, ਤਾਂ ਜੋ ਰੱਬ ਉਤੇ ਸਾਡੀ ਮੰਗ ਦਾ ਪੂਰਾ ਅਸਰ ਹੋਵੇ।

ਹੁਣ ਗੱਲ ਕਰੀਏ ਸੁੱਖ ਸ਼ਾਂਤੀ ਦੀ ਅਰਦਾਸ ਦੀ। ਕੋਈ ਅੰਗਰੇਜ਼ ਦਾਰਸ਼ਨਿਕ ਲਿਖਦਾ ਹੈ ਕਿ ਖੁਸ਼ ਜਾਂ ਸੁਖੀ ਹੋਣਾ ਬੜੀ ਸਰਲ ਗੱਲ ਹੈ, ਪਰ ਸਰਲ ਹੋਣਾ ਅਤਿਅੰਤ ਮੁਸ਼ਕਿਲ। ਅਸੀਂ ਸੁੱਖ ਕਿਸ ਗੱਲ ਵਿਚ ਭਾਲਦੇ ਹਾਂ ਤੇ ਉਸ ਸੁੱਖ ਸ਼ਾਂਤੀ ਦੀ ਪ੍ਰਾਪਤੀ ਲਈ ਅਸੀਂ ਕੀ ਯਤਨ ਕਰ ਰਹੇ ਹਾਂ? ਇਕ ਇਸਤਰੀ ਜੋ ਆਪਣੇ ਪਤੀ ਦੀਆਂ ਵਧੀਕੀਆਂ ਤੋਂ ਤੰਗ ਆ ਕੇ ਤਲਾਕ ਲੈਂਦੀ ਹੈ, ਇਹ ਉਸ ਦੇ ਲਈ ਜ਼ਿੰਦਗੀ 'ਚ ਅਮਨ ਲਿਆਉਣ ਲਈ ਚੁੱਕਿਆ ਕਦਮ ਹੈ। ਇਕ ਪਾਸੇ ਕਹਿੰਦੇ ਹਾਂ ਕਿ ਸਭ ਕੁਝ ਰੱਬ ਦੇ ਹੱਥ ਹੈ, ਕੀ ਫਿਰ ਇਹ ਚੰਗਾ ਨਹੀਂ ਕਿ ਅਸੀਂ ਆਪਣੀ ਜ਼ਿੰਦਗੀ ਵਿਚ ਵਿਵੇਕ ਦੀ ਵਰਤੋਂ ਨੂੰ ਪਹਿਲ ਦਈਏ? ਜਿਸ ਗੱਲ ਵਿਚ ਸੁੱਖ ਸ਼ਾਂਤੀ ਸਮਝਦੇ ਹਾਂ, ਉਸ ਦੀ ਪ੍ਰਾਪਤੀ ਲਈ ਰੱਬ ਵੱਲੋਂ ਦਿੱਤੀ ਬੁੱਧੀ ਦਾ ਪ੍ਰਯੋਗ ਕਰਦੇ ਹੰਭਲਾ ਮਾਰੀਏ!

ਸਾਡੇ ਵਰਗੇ ਸਾਧਾਰਨ ਬੰਦਿਆਂ ਨੂੰ ਬਾਣੀ ਦੀਆਂ ਕਈ ਪੰਕਤੀਆਂ 'ਤੇ ਗੁਮਾਨ ਹੈ ਕਿ ਰੱਬ ਤੋਂ ਜੋ ਮੰਗੋ, ਮਿਲਦਾ ਹੈ। ਜੇ ਸਾਨੂੰ ਯਕੀਨ ਹੈ ਕਿ ਰੱਬ ਤੋਂ ਮੰਗਿਆਂ ਸਭ ਕੁਝ ਮਿਲ ਜਾਣਾ ਹੈ, ਤਾਂ ਆਪਣੇ ਹੱਥ ਪੈਰ ਕਿਉਂ ਹਿਲਾਉਂਦੇ ਹਾਂ? ਕਿਉਂ ਪਾਣੀ ਪੀਣ ਲਈ ਰੋਜ਼ ਖੂਹ ਪੁੱਟਦੇ ਹਾਂ? ਅਸੀਂ ਕਿਉਂ ਨਹੀਂ ਰੱਬ ਕੋਲੋਂ ਉਸ ਦੇ ਭੈਅ ਦੀ ਮੰਗ ਕਰਦੇ ਤਾਂ ਜੋ ਸਾਰੀ ਉਮਰ ਸਾਡੀ ਅਕਲ ਟਿਕਾਣੇ ਰਹੇ। ਆਤਮ ਬਲ ਕਿਉਂ ਨਹੀਂ ਮੰਗਦੇ? ਸਿਦਕ ਦੇਣ ਵੱਲ ਰੱਬ ਦਾ ਧਿਆਨ ਕਿਉਂ ਨਹੀਂ ਦਿਵਾਉਂਦੇ? ਗੋਰੇ ਲੋਕ ਕਹਿੰਦੇ ਨੇ ਕਿ ਜ਼ਿੰਦਗੀ ਇਹ ਸੋਚ ਕੇ ਜੀਉ ਕਿ ਤੁਸੀਂ ਆਪਣੀ ਮਈਅਤ 'ਤੇ ਲੋਕਾਂ ਦੇ ਮੂੰਹੋਂ ਆਪਣੇ ਬਾਰੇ ਕੀ ਸੁਣਨਾ ਚਾਹੋਗੇ।

ਭਗਤ ਆਪਣੇ ਸਮੇਂ ਵਿਚ ਸਭ ਤੋਂ ਵੱਧ ਤ੍ਰਿਸਕਾਰੀਆਂ ਹੋਈਆਂ ਜਾਤਾਂ ਵਿਚੋਂ ਸਨ ਜਿਨ੍ਹਾਂ ਨੂੰ ਤਾਲੀਮ ਹਾਸਲ ਕਰਨ ਦਾ ਵੀ ਕੋਈ ਹੱਕ ਨਹੀਂ ਸੀ। ਉਨ੍ਹਾਂ ਵੀ ਸਾਡੇ ਵਰਗੇ ਪੜ੍ਹਿਆਂ-ਲਿਖਿਆਂ ਨੂੰ ਇਹ ਕਹਿ ਕੇ ਚੁਣੌਤੀ ਦਿੱਤੀ ਕਿ ਮਿੱਟੀ ਦਾ ਪੁਤਲਾ ਕਿੱਦਾਂ ਨੱਚਦਾ ਹੈ ਤੇ ਜਦੋਂ ਮਾਇਆ ਹੱਥੋਂ ਨਿਕਲ ਜਾਵੇ ਤਾਂ ਵਿਲਕਦਾ ਫਿਰਦਾ ਹੈ। ਰੱਬ ਤੋਂ ਉਹ ਵੀ ਆਪਣੀ ਹਾਲਤ ਸੁਧਾਰਨ ਲਈ ਅਰਦਾਸਾਂ ਕਰ ਸਕਦੇ ਸਨ, ਫਿਰ ਵੀ ਉਹ ਕਹਿੰਦੇ ਨੇ ਕਿ ਅਸੀਂ ਤੇਰੇ ਦਰਬਾਰ ਦੇ ਕੁੱਤੇ ਹਾਂ ਜਿਹੜੇ ਤੇਰੇ ਅੱਗੇ ਬਦਨ ਪਸਾਰ ਕੇ ਭੌਂਕਦੇ ਹਾਂ। ਕਦੇ ਅਸੀਂ ਸੋਚਦੇ ਹਾਂ ਕਿ ਜਿਸ ਬਾਣੀ ਨੂੰ ਬਗੈਰ ਵਿਚਾਰਿਆਂ ਅਸੀਂ ਦੁਨੀਆਂ ਭਰ ਦੀਆਂ ਮੰਗਾਂ ਉਸ ਅੱਗੇ ਰੱਖਦੇ ਹਾਂ, ਉਸ ਦੇ ਸਿਰਜਣਹਾਰਾਂ ਨੂੰ ਪਤਾ ਸੀ ਕਿ ਸਾਨੂੰ ਸਰਬੰਸ ਦਾਨ ਕਰਨੇ ਪੈਣੇ ਨੇ? ਉਨ੍ਹਾਂ ਕਿਉਂ ਨਹੀਂ ਰੱਬ ਕੋਲੋਂ ਭਾਣੇ ਤੋਂ ਬਚਣ ਦੇ ਤਰੀਕੇ ਦੀ ਮੰਗ ਕੀਤੀ?

ਅਰਦਾਸ ਵਿਚ ਛੇ ਦਾਨਾਂ ਦੀ ਮੰਗ ਹੁੰਦੀ ਹੈ। ਅਸਲ ਵਿਚ ਉਹੀ ਜ਼ਰੂਰੀ ਨੇ ਤੇ ਉਹੀ ਦਾਨ ਅਪਨਾਉਣੇ ਸਭ ਤੋਂ ਔਖੇ ਨੇ, ਪਰ ਸਾਨੂੰ ਮੰਗਣ ਦੀ ਕੋਈ ਲੋੜ ਨਹੀਂ। ਭਾਈ ਸਾਹਿਬ ਨੂੰ ਕਮੇਟੀ ਕਿਸ ਗੱਲ ਦੀ ਤਨਖਾਹ ਦਿੰਦੀ ਹੈ। ਮੰਗ ਅਸੀਂ ਅਣਮੁੱਲੀਆਂ ਚੀਜ਼ਾਂ ਦੀ ਕੀਤੀ, ਪਰ ਰੱਬ ਨਾਲ ਸੌਦਾ ਕੀਤਾ ਚੰਦ ਸਿੱਕਿਆਂ ਦਾ, ਇਕ ਰੁਮਾਲੇ ਦਾ, ਗੁਰਦੁਆਰੇ ਦੇ ਪੱਖੇ ਜਾਂ ਨਿਸ਼ਾਨ ਸਾਹਿਬ ਦੇ ਚੋਲੇ ਦਾ। ਸੋ, ਰੱਬ ਨੂੰ ਪ੍ਰੇਰਨਾ ਵਾਂਗ ਵਰਤਣ ਵਿਚ ਹੀ ਭਲਾਈ ਹੈ, ਕਿਉਂਕਿ ਸਿਰਫ ਇਕੋ ਹੀ ਥਾਂ ਹੈ ਜਿਥੇ 'ਸਕਸੈਸ', 'ਵਰਕ' ਤੋਂ ਪਹਿਲਾਂ ਆਉਂਦਾ ਹੈ...ਉਹ ਹੈ ਅੰਗਰੇਜ਼ੀ ਦਾ ਸ਼ਬਦ ਕੋਸ਼।

# ਬਾਂਦਰ ਕਿੱਲਾ

**ਬੌਬ ਖਹਿਰਾ, ਮਿਸ਼ੀਗਨ**
**ਫੋਨ:734-925-0177**

ਬਾਂਦਰ ਕਿੱਲਾ ਇਕ ਖੇਡ ਹੁੰਦੀ ਸੀ ਜੋ ਹੋਰ ਕਈ ਖੇਡਾਂ ਵਾਂਗ ਹੁਣ ਅਲੋਪ ਹੋ ਗਈ ਹੈ। ਚਾਲੀ ਸਾਲ ਤੋਂ ਉਪਰ ਉਮਰ ਦੇ ਲੋਕ ਇਸ ਖੇਡ ਬਾਰੇ ਜਾਣਦੇ ਹਨ। ਉਸ ਵਕਤ ਨਾ ਟੈਲੀਵਿਜ਼ਨ ਸੀ ਤੇ ਨਾ ਹੀ ਟੈਲੀਫੋਨ। ਲੋਕ ਖਾਸ ਕਰ ਕੇ ਬੱਚੇ ਤੇ ਨੌਜਵਾਨ ਇਹੋ ਜਿਹੀਆਂ ਰਵਾਇਤੀ ਖੇਡਾਂ ਖੇਡਦੇ ਹੁੰਦੇ ਸਨ; ਮਸਲਨ: ਬੰਟੇ ਖੇਡਣੇ, ਲੁੱਕਣ ਮਚਾਈ, ਛੂਹਣ ਛੁਪਾਈ, ਖਿੱਦੋ ਖੂੰਡੀ, ਕੀੜੇ ਕੀੜੀਆਂ, ਦਰਖਤਾਂ 'ਤੇ ਚੜ੍ਹ ਕੇ ਡੰਡਾ ਚੁੰਮਣ, ਪੜੁੱਲ ਗੱਡ ਕੇ ਛਾਲਾਂ ਮਾਰਨੀਆਂ ਤੇ ਬਾਂਦਰ ਕਿੱਲਾ। ਇਹ ਰਵਾਇਤੀ ਖੇਡਾਂ ਟੈਲੀਵਿਜ਼ਨ ਤੇ ਟੈਲੀਫੋਨ ਨੇ ਖਾ ਲਈਆਂ ਹਨ।

ਬਾਂਦਰ ਕਿੱਲਾ ਖੇਡ ਵਿਚ 7-8 ਫੁੱਟ ਰੱਸੀ ਲੈ ਕੇ ਇਸ ਦਾ ਇਕ ਸਿਰਾ ਕਿੱਲੇ ਦੇ ਨਾਲ ਬੰਨ੍ਹ ਦਿੱਤਾ ਜਾਂਦਾ ਤੇ ਦੂਜਾ ਕਿਸੇ ਮੁੰਡੇ ਦੇ ਹੱਥ ਫੜਾ ਦਿੱਤਾ ਜਾਂਦਾ ਜਿਸ ਦੇ ਸਿਰ ਵਾਰੀ ਹੁੰਦੀ। ਰੱਸੀ ਦੇ ਥੱਲੇ ਕਿੱਲੇ ਦੇ ਲਾਗੇ 8-10 ਟੁੱਟੇ ਛਿੱਤਰ ਰੱਖ ਦਿੱਤੇ ਜਾਂਦੇ। ਉਸ ਵਕਤ ਜੁੱਤੀ ਘੱਟ ਹੀ ਮਿਲਦੀ ਹੁੰਦੀ ਸੀ ਤੇ ਪੁਰਾਣੀ ਜੁੱਤੀ ਗੰਢਾ ਗੰਢਾ ਕੇ, ਮੇਖਾਂ ਲਵਾ ਲਵਾ ਕੇ ਵੱਧ ਤੋਂ ਵੱਧ ਹੰਢਾਈ ਜਾਂਦੀ। ਜਦੋਂ ਇਹ ਬਿਲਕੁਲ ਹੀ ਜਵਾਬ ਦੇ ਦਿੰਦੀ ਤਾਂ ਰੂੜੀਆਂ 'ਤੇ ਸੁੱਟ ਦਿੱਤੀ ਜਾਂਦੀ। ਤੇ ਬਾਂਦਰ ਕਿੱਲਾ ਖੇਡਣ ਵਾਲੇ ਮੁੰਡੇ ਰੂੜੀਆਂ ਤੋਂ ਉਹੋ ਟੁੱਟੇ ਛਿੱਤਰ ਇਕੱਠੇ ਕਰ ਲਿਆਉਂਦੇ ਤੇ ਇਕ ਦੇ ਉਪਰ ਦੂਜਾ, ਫਿਰ ਤੀਜਾ, ਚੌਥਾ...ਜਿੰਨੇ ਵੀ ਟਿਕਾ ਹੁੰਦੇ, ਟਿਕਾ ਦਿੱਤੇ ਜਾਂਦੇ। ਰੱਸੀ ਵਾਲਾ ਮੁੰਡਾ ਜਿੰਨੀ ਲੰਬੀ ਰੱਸੀ ਹੁੰਦੀ, ਉਨਾ ਪਿੱਛੇ ਰੱਸੀ ਫੜ ਕੇ ਖਲੋ ਜਾਂਦਾ ਤੇ ਬਾਕੀ ਜਿੰਨੇ ਵੀ ਮੁੰਡੇ ਹੁੰਦੇ, ਉਹ ਰੱਸੀ ਦੇ ਦੋਵੇਂ ਪਾਸੇ ਖੜ੍ਹੇ ਹੋ ਜਾਂਦੇ। ਇਕ ਮੁੰਡਾ ਥੋੜ੍ਹਾ ਪਿੱਛੇ ਹੋ ਕੇ ਇਕ ਪਾਸੇ ਤੋਂ ਇਕ ਛਿੱਤਰ ਚਿਣੇ ਹੋਏ ਛਿੱਤਰਾਂ ਉਪਰ ਮਾਰਦਾ ਤੇ ਖੇਡ ਸ਼ੁਰੂ ਹੋ ਜਾਂਦੀ।

ਇਸ ਖੇਡ ਦਾ ਅਗਲਾ ਹਿੱਸਾ ਇਹ ਹੁੰਦਾ ਸੀ ਕਿ ਸਾਰੇ ਮੁੰਡਿਆਂ ਨੇ ਉਹ ਸਾਰੇ ਛਿੱਤਰ ਉਥੋਂ ਚੁੱਕਣੇ ਹੁੰਦੇ ਤੇ ਰੱਸੀ ਵਾਲੇ ਮੁੰਡੇ ਨੇ ਬਿਨਾਂ ਰੱਸੀ ਨੂੰ ਹੱਥ ਵਿਚੋਂ ਛੱਡਿਆਂ, ਉਨ੍ਹਾਂ ਵਿਚੋਂ ਕਿਸੇ ਮੁੰਡੇ ਦੇ ਪੈਰ ਉਤੇ ਪੈਰ ਲਾਉਣਾ ਹੁੰਦਾ; ਉਹ ਵੀ ਸਾਰੇ ਛਿੱਤਰ ਉਥੋਂ ਕੱਢਣ ਤੋਂ ਪਹਿਲਾਂ। ਜੇ ਉਹ ਕਿਸੇ ਦੇ ਪੈਰ 'ਤੇ ਪੈਰ ਨਾ ਲਾ ਸਕੇ ਅਤੇ ਸਾਰੇ ਛਿੱਤਰ ਮੁੰਡੇ ਚੁੱਕ ਲੈਣ, ਤਾਂ ਫਿਰ ਇਕ ਦਾਈਆ ਹੁੰਦਾ ਸੀ; ਅੱਧੇ ਕੁ ਕਿੱਲੇ ਜਾਂ ਕਿੱਲੇ ਕੁ ਦੀ ਵਿੱਥ 'ਤੇ; ਜਾਂ ਕੋਈ ਰੁੱਖ, ਕੰਧ ਜਾਂ ਕੋਈ ਹੋਰ ਨਿਸ਼ਾਨੀ; ਉਥੋਂ ਤੱਕ ਉਸ ਮੁੰਡੇ ਨੇ ਭੱਜਣਾ ਤੇ ਉਥੇ ਤੱਕ ਜਾਂਦੇ-ਜਾਂਦੇ ਸਾਰੇ ਮੁੰਡਿਆਂ ਨੇ ਉਸ ਦੇ ਛਿੱਤਰ ਮਾਰਦੇ ਜਾਣਾ। ਇਹ ਸੀ ਬਾਂਦਰ ਕਿੱਲਾ ਖੇਡ।

ਬਾਕੀ ਖੇਡਾਂ ਵਾਂਗ ਇਸ ਖੇਡ ਦਾ ਵੱਖਰਾ ਅਨੰਦ ਸੀ। ਕਈ ਵਾਰ ਤਾਂ ਮੁੰਡੇ ਇਸ ਖੇਡ ਲਈ ਖੁਦ ਹੀ ਤਿਆਰ ਹੋ ਜਾਂਦੇ, ਪਰ ਬਹੁਤੀ ਵਾਰ ਥੋੜ੍ਹੀ ਵੱਡੀ ਉਮਰ ਦੇ ਜਾਂ ਚਲਾਕ ਬੰਦੇ ਤਮਾਸ਼ਾ ਦੇਖਣ ਲਈ ਖਿਡਾਉਂਦੇ। ਹੋਰ ਉਨ੍ਹਾਂ ਦਾ ਕੋਈ ਮਕਸਦ ਨਹੀਂ ਸੀ ਹੁੰਦਾ, ਸਿਰਫ ਕੁਝ ਕੁ ਪਲਾਂ ਦਾ ਹਾਸਾ-ਮਜ਼ਾਕ ਹੀ ਹੁੰਦਾ ਸੀ; ਪਰ ਅੱਜ ਇਹ ਖੇਡ ਤਾਂ ਜ਼ਰੂਰ ਹੈ ਪਰ ਇਸ ਦੇ ਤਰੀਕੇ ਅਤੇ ਨਾਂ ਬਦਲ ਗਏ ਹਨ। ਖਿਡਾਰੀ ਭਾਵੇਂ ਉਨ੍ਹਾਂ ਮੁੰਡਿਆਂ ਵਾਂਗ ਹੀ ਭੋਲੇ ਹਨ ਪਰ ਖਿਡਾਉਣ ਵਾਲਿਆਂ ਦੇ ਲਾਲਚ ਬਹੁਤ ਵਧ ਗਏ ਹਨ। ਹੁਣ ਉਹ ਟੁੱਟੇ ਛਿੱਤਰਾਂ ਨਾਲ ਵੀ ਨਹੀਂ ਖੇਡਦੇ, ਹੁਣ ਉਹ ਕਦੇ ਕਦੇ ਬਹੁਤ ਮਿੱਠੀ ਜ਼ੁਬਾਨ ਵੀ ਵਰਤਦੇ ਹਨ ਤੇ ਛਲ-ਕਪਟ ਵੀ। ਕਦੇ ਕਦੇ ਮੇਖਾਂ ਵਾਲੇ ਛਿੱਤਰਾਂ ਨਾਲੋਂ ਵੀ ਘਿਨਾਉਣੀਆਂ ਚੀਜ਼ਾਂ ਵਰਤਦੇ ਹਨ, ਪਰ ਖਿਡਾਰੀ ਸਭ ਕੁਝ ਸਮਝਦੇ ਹੋਏ ਵੀ ਚੁੱਪ-ਚਾਪ ਛਿੱਤਰ ਖਾ ਰਹੇ ਹਨ। ਆਪ ਹੀ ਆਪਣੇ ਹੱਥੀਂ ਸਭ ਕੁਝ ਤਿਆਰ ਕਰਦੇ ਹਨ ਤੇ ਫਿਰ ਆਪ ਹੀ ਉਨ੍ਹਾਂ ਅੱਗੇ ਖੇਡ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਨੂੰ ਏਅਰ ਕੰਡੀਸ਼ਨ ਕਮਰਿਆਂ, ਕਾਰਾਂ ਤੇ ਆਲੀਸ਼ਾਨ ਘਰਾਂ ਵਿਚ ਬਿਠਾ ਦਿੰਦੇ ਹਨ ਅਤੇ ਆਪਣੀ ਮਿਹਨਤ ਦੀ ਕਮਾਈ ਨੋਟ ਅਤੇ ਬੇਹਦ ਕੀਮਤੀ ਵੋਟ ਉਨ੍ਹਾਂ ਲੋਕਾਂ ਦੀ ਝੋਲੀ ਪਾ ਦਿੰਦੇ ਹਨ। ਫਿਰ ਬਾਂਦਰ ਕਿੱਲੇ ਦੀ ਖੇਡ ਵਾਂਗ ਚੁੱਪ-ਚਾਪ ਬਿਨਾਂ ਕੁਝ ਕਹੇ, ਬਿਨਾਂ ਗੁੱਸਾ ਕੀਤੇ ਸਭ ਕੁਝ ਸਹੀ ਜਾਂਦੇ ਹਨ। ਪੰਜ ਸਾਲ ਦੇ ਵਕਫੇ ਨਾਲ ਇਹ ਖੇਡ ਇਸੇ ਤਰ੍ਹਾਂ ਤੁਰੀ ਜਾਂਦੀ ਹੈ। ਧੀਆਂ ਭੈਣਾਂ ਨੂੰ ਸ਼ਰੇਆਮ ਸੜਕਾਂ 'ਤੇ ਕੁੱਟਿਆ-ਮਾਰਿਆ ਜਾ ਰਿਹਾ ਹੈ ਤੇ ਔਰਤਾਂ ਨਾਲ ਸਮੂਹਕ ਬਲਾਤਕਾਰ ਹੋ ਰਹੇ ਹਨ। ਨੌਜਵਾਨਾਂ ਨੂੰ ਨਸ਼ਿਆਂ ਦੀ ਭੱਠੀ ਵਿਚ ਝੋਕਿਆ ਜਾ ਰਿਹਾ ਹੈ ਪਰ ਲੋਕ ਸਭ ਸਹੀ ਜਾ ਰਹੇ ਹਨ।

ਅੱਜ ਇਨ੍ਹਾਂ ਖੇਡਾਂ ਦੇ ਵਪਾਰੀ ਸਭ ਕੁਝ ਸ਼ਰੇਆਮ ਕਰ ਰਹੇ ਹਨ। ਸਭ ਨੂੰ ਸਭ ਪਤਾ ਹੈ ਪਰ ਕੋਈ ਨਹੀਂ ਬੋਲ ਰਿਹਾ। ਇਨ੍ਹਾਂ ਵਪਾਰੀਆਂ ਨੇ ਵੱਖ-ਵੱਖ ਭੇਸਾਂ ਵਿਚ ਆਪਣੇ ਏਜੰਟ ਛੱਡੇ ਹੋਏ ਹਨ ਤਾਂ ਕਿ ਕਿਸੇ ਪਾਸੇ ਤੋਂ ਕੋਈ ਵੀ ਖੇਡ ਖੇਡੀ ਜਾ ਸਕੇ। ਹੁਣ ਇਨ੍ਹਾਂ ਨੇ ਅਮਰੀਕਾ, ਕੈਨੇਡਾ ਤੇ ਹੋਰ ਥਾਂਈਂ ਏਜੰਟ ਭੇਜ ਦਿੱਤੇ ਹਨ ਤਾਂ ਕਿ ਉਥੇ ਵੀ ਬਾਂਦਰ ਕਿੱਲੇ ਦੀ ਖੇਡ ਨਵੇਂ ਤਰੀਕੇ ਨਾਲ ਜਾਰੀ ਰਹੇ। ਹੁਣ ਜ਼ਿਦੋ-ਜ਼ਿਦੀ ਧਾਰਮਿਕ ਸਥਾਨ ਬਣਾਏ ਜਾ ਰਹੇ ਹਨ। ਫਿਰ ਉਥੇ ਲੜਾਈਆਂ ਹੁੰਦੀਆਂ ਹਨ।

ਆਓ, ਅਸੀਂ ਸਭ ਇਸ ਖੇਡ ਨੂੰ ਪਛਾਣੀਏ। ਆਪਣੀਆਂ ਅੱਖਾਂ ਖੋਲ੍ਹੀਏ। ਅਸੀਂ ਸਭ ਹਿੰਦੋਸਤਾਨ ਤੋਂ ਅਮਰੀਕਾ-ਕੈਨੇਡਾ ਇਸ ਕੇ ਆਏ ਹਾਂ ਕਿ ਚੰਗੀ ਤੇ ਖੁਸ਼ਹਾਲ ਜ਼ਿੰਦਗੀ ਜੀਅ ਸਕੀਏ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਇੱਥੇ ਸਭ ਵਧੀਆ ਹੈ ਚੰਗੀ ਜ਼ਿੰਦਗੀ ਜਿਉਣ ਲਈ, ਪਰ ਸਾਰੇ ਸ਼ੀਸ਼ੇ ਸਾਹਮਣੇ ਖਲੋ ਕੇ ਆਪਣੇ ਆਪ ਤੋਂ ਸੱਚੇ ਮਨ ਨਾਲ ਇਕ ਵਾਰ ਜ਼ਰੂਰ ਪੁੱਛੀਏ ਕਿ ਕੀ ਅਸੀਂ ਉਹ ਚੰਗੀ ਤੇ ਖੁਸ਼ਹਾਲ ਜ਼ਿੰਦਗੀ ਜੀਅ ਰਹੇ ਹਾਂ? ਪਤਾ ਨਹੀਂ ਕਿਉਂ ਅਸੀਂ ਸੱਚ ਨੂੰ ਛੱਡ ਕੇ ਝੂਠ ਦੇ ਪਿੱਛੇ ਭੱਜੇ ਫਿਰਦੇ ਹਾਂ? ਕਿਉਂ ਵਹਿਮਾਂ-ਭਰਮਾਂ ਵਿਚ ਵੜੇ ਫਿਰਦੇ ਹਾਂ? ਬਹੁਤ ਲੋਕ ਹਨ ਜੋ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਅੰਧਵਿਸ਼ਵਾਸ ਵਿਚ ਫਸੇ ਹੋਏ ਹਨ ਅਤੇ ਆਪਣੀਆਂ ਧੀਆਂ-ਭੈਣਾਂ ਨੂੰ ਆਪਣੇ ਹੱਥੀਂ ਪਖੰਡੀ ਤੇ ਲੁੱਚੇ ਸਾਧਾਂ ਤੇ ਅਖੌਤੀ ਬਾਬਿਆਂ ਦੇ ਡੇਰੇ ਛੱਡ ਕੇ ਆਉਂਦੇ ਹਨ। ਅਜਿਹੇ ਲੋਕ ਪੰਜਾਬ ਵਿਚ ਵੀ ਹਨ ਤੇ ਅਮਰੀਕਾ-ਕੈਨੇਡਾ ਵਿਚ ਵੀ। ਇਥੇ ਪੁੱਜ ਕੇ ਵੀ ਅਸੀਂ ਆਪਣੀ ਸੋਚ ਨੂੰ ਨਹੀਂ ਬਦਲ ਸਕੇ। ਅਸੀਂ ਇਨ੍ਹਾਂ ਚਲਾਕ ਵਪਾਰੀਆਂ ਦੀਆਂ ਚਾਲਾਂ ਨੂੰ ਕਦੀ ਵੀ ਸਮਝ ਨਹੀਂ ਸਕਾਂਗੇ ਜੋ ਸਾਨੂੰ ਧਾਰਮਿਕ ਸਥਾਨਾਂ ਦਾ ਡਰ ਤੇ ਲਾਲਚ ਦੇ ਕੇ ਸਾਰੀ ਕਮਾਈ ਹੜੱਪ ਲੈਂਦੇ ਹਨ। ਧਾਰਮਿਕ ਸਥਾਨਾਂ 'ਤੇ ਚੜ੍ਹੇ ਪੈਸੇ ਨਾਲ ਜਿੱਥੇ ਇਹ ਚਲਾਕ ਲੋਕ ਐਸ਼ ਕਰਦੇ ਹਨ, ਉਥੇ ਸਾਡੇ ਪਰਿਵਾਰਾਂ, ਸਾਡੇ ਬੱਚਿਆਂ ਅਤੇ ਸਾਡੀਆਂ ਧੀਆਂ-ਭੈਣਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਦੇ ਹਨ। ਲੋੜ ਆਪਣੀ ਸੋਚ ਬਦਲਣ ਦੀ ਹੈ ਤਾਂ ਕਿ ਇਨ੍ਹਾਂ ਚਲਾਕ ਲੋਕਾਂ ਦੀਆਂ ਚਲਾਕੀਆਂ ਸਮਝ ਆ ਸਕਣ।

ਸਮਾਜ ਵਿਚੋਂ ਬੁਰਾਈਆਂ ਨੂੰ ਤਾਂ ਹੀ ਖਤਮ ਕੀਤਾ ਜਾ ਸਕਦਾ ਹੈ ਜੇ ਅਸੀਂ ਆਪਣੇ ਮਨਾਂ ਵਿਚਲੀਆਂ ਬੁਰਾਈਆਂ ਖ਼ਤਮ ਕਰੀਏ। ਇਹ ਸਭ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਵਹਿਮਾਂ-ਭਰਮਾਂ ਵਿਚੋਂ ਬਾਹਰ ਨਿਕਲ ਕੇ ਸੋਚਾਂਗੇ।

# ਲੋਹੇ ਦਾ ਗੇਟ

ਬਹੁਤ ਭਾਰੀ ਤੇ ਦੇਖਣ ਨੂੰ ਪੂਰਾ ਸੋਹਣਾ। ਗੇਟ ਨੇ ਤਾਂ ਮਕਾਨ ਨੂੰ ਕੋਠੀ ਬਣਾ ਦਿੱਤਾ ਸੀ। ਖੁਸ਼ੀ ਸੀ, ਲੱਡੂ ਤਾਂ ਜ਼ਰੂਰੀ ਸਨ। ਲਡੂਆਂ ਦੀ ਉਡੀਕ ਵਿਚ ਅਸੀਂ ਤਿੰਨੇ ਦੋ ਮੰਜੇ ਡਾਹ ਕੇ ਵਿਹੜੇ ਵਿਚ ਬੈਠ ਗਏ। ਸਾਡੇ ਜੁਆਕ ਏਧਰ ਉਧਰ ਨੱਚਦੇ, ਟੱਪਦੇ ਫਿਰਦੇ ਸਨ। ਉਹ ਸਕੂਲੋਂ ਆਏ ਸਨ ਤੇ ਗੇਟ ਦੀ ਖੁਸ਼ੀ ਵਿਚ ਬਸਤੇ ਵਿਹੜੇ ਵਿਚ ਹੀ ਵਗਾਹ ਮਾਰੇ ਸਨ। ਕੁੰਢਾ ਸਿੰਘ ਚਰਨੀ ਨੂੰ ਨਿੱਕੇ ਨਿੱਕੇ ਮਖੌਲ ਕਰ ਰਿਹਾ ਸੀ। ਉਹਦੇ ਮਖੌਲਾਂ ਵਿਚ ਕਿਸੇ ਗੁੱਝੇ ਗੁੱਝੇ ਮੋਹ ਦਾ ਅੰਸ਼ ਹੀ ਹੁੰਦਾ।

ਚਰਨੀ ਇਧਰ ਉਧਰ ਕਮਰਿਆਂ ਵੱਲ ਝਾਕਦਾ ਅਤੇ ਅੱਖਾਂ ਅੱਖਾਂ ਵਿਚ ਹੀ ਕੋਈ ਨਿਰਖ-ਪਰਖ ਜਿਹੀ ਕਰੀ ਜਾ ਰਿਹਾ ਸੀ। ਉਹਦਾ ਧਿਆਨ ਕੁੰਢਾ ਸਿੰਘ ਵੱਲ ਨਹੀਂ ਸੀ। ਫੇਰ ਉਹਨੇ ਮੈਨੂੰ ਪੁੱਛ ਹੀ ਲਿਆ, "ਕਦੋਂ ਬਣਾਇਆ ਸੀ ਇਹ ਮਕਾਨ?"

"ਮਕਾਨ ਬਣੇ ਨੂੰ ਤਾਂ ਦਸ ਸਾਲ ਹੋ'ਗੇ, ਗੁਰਚਰਨ ਸਿਆਂ, ਗੇਟ ਬੱਸ ਤੇਰੇ ਹੱਥੋਂ ਲੱਗਣਾ ਸੀ, " ਜਿਵੇਂ ਮੈਂ ਵੀ ਉਹਨੂੰ ਮਿੱਠੀ ਮਸ਼ਕਰੀ ਕਰ ਦਿੱਤੀ ਹੋਵੇ।

"ਕਮਰੇ ਤਿੰਨ ਨੇ?" ਉਹਨੇ ਇਧਰ ਉਧਰ ਗਰਦਨ ਘੁਮਾਈ।

"ਹਾਂ, ਤਿੰਨ ਕਮਰੇ। ਨਾਲ ਵਰਾਂਡਾ, ਬਾਥ ਰੂਮ ਸਟੋਰ, ਰਸੋਈ ਤੇ ਸਕੂਟਰ ਸ਼ੈਡ ਵੀ।"

"ਮਕਾਨ ਐਨਾ ਕੁ ਤਾਂ ਚਾਹੀਦਾ ਈ ਐ, " ਚਰਨੀ ਬੋਲਿਆ।

ਕੁੰਢਾ ਸਿੰਘ ਫੇਰ ਮੁਸਕਰਾਇਆ, ਮੁੱਛਾਂ ਵਿਚ ਹੀ। ਕਹਿੰਦਾ, "ਅਸਲ ਵਿਚ ਜੀ, ਜੰਡੂ ਸਾਹਬ ਨੇ ਆਪ ਬਣਾਉਣੈ ਹੁਣ ਇਕ ਮਕਾਨ।" ਉਹਦੀ ਗੱਲ ਤੇ ਚਰਨੀ ਦੀਆਂ ਅੱਖਾਂ ਦੇ ਚਿਰਾਗ ਲਟ ਲਟ ਬਲ ਉਠੇ। ਉਹਦੇ ਚਿਹਰੇ ਉਤੇ ਇਕ ਤਿੱਖੀ ਉਮੰਗ ਤੇ ਭਰਪੂਰ ਹਸਰਤ ਸੀ।

"ਕਿਉਂ, ਪਹਿਲਾਂ ਨ੍ਹੀ ਕੋਈ ਮਕਾਨ?" ਮੈਂ ਹੈਰਾਨੀ ਨਾਲ ਪੁੱਛਿਆ।

"ਪਹਿਲਾਂ ਕਿੱਥੇ ਜੀ, ਉਥੇ ਈ ਬੈਠਾ ਐ ਵਿਚਾਰਾ ਇਹ ਤਾਂ, ਖੋਲੇ ਵਿਚ।"

"ਕਿਉਂ, ਇਹ ਕੀ ਗੱਲ?"

ਚਰਨੀ ਨੇ ਆਪ ਦੱਸਣਾ ਸੁਰੂ ਕੀਤਾ, ਸਾਡਾ ਘਰ ਕਦੇ ਏਥੇ ਸਭ ਤੋਂ ਉਤੇ ਹੁੰਦਾ ਸੀ, ਹੁਣ ਥੱਲੇ ਲੱਗੇ ਪਏ ਆਂ, ਸਾਰਿਆਂ ਦੇ। ਮੈਂ ਕੱਲਾ ਈ ਆਂ। ਇਕ ਮੇਰੀ ਮਾਂ ਐ। ਸਾਡੇ ਕਾਰਖਾਨੇ ਅਸੀਂ ਵੀ ਏਸੇ ਤਰ੍ਹਾਂ ਮਿਸਤਰੀ ਰੱਖੇ ਹੁੰਦੇ ਸੀ।"

ਉਹਦੀ ਗੱਲ ਵਿਚਕਾਰ ਹੀ ਟੋਕ ਕੇ ਕੁੰਢਾ ਸਿੰਘ ਕਹਿੰਦਾ, "ਇਹਦਾ ਬਾਪ, ਭਾਈ ਸਾਅਬ, ਸਿਰੇ ਦਾ ਮਿਸਤਰੀ ਸੀ। ਉਹ ਲੋਹੇ ਦੇ ਹਲ ਬਣਾਉਂਦਾ ਹੁੰਦਾ। ਉਨ੍ਹਾਂ ਦਿਨਾਂ ਵਿਚ ਲੋਹੇ ਦਾ ਹਲ ਨਵਾਂ ਨਵਾਂ ਈ ਚੱਲਿਆ ਸੀ। ਟਰੈਕਟਰ ਤਾਂ ਕਿਸੇ ਕਿਸੇ ਘਰ ਹੀ ਹੁੰਦਾ। ਹੁਣ ਆਲੀ ਗੱਲ ਨ੍ਹੀਂ ਸੀ। ਲੱਕੜ ਦਾ ਹੱਲ, ਪਰ ਚਉ ਦੀ ਥਾਂ ਲੋਹੇ ਦਾ ਸਾਰਾ ਢਾਂਚਾ ਫਿੱਟ ਕਰ ਦਿਤਾ, ਇਹਦੇ ਬਾਪ ਵੱਲ ਟੁੱਟ ਕੇ ਪੈ ਗੇ ਪਿੰਡਾਂ ਦੇ ਪਿੰਡ। ਬੱਸ ਇਹ ਦੇਖ ਲੋ ਇਕ ਦਿਨ ਵਿਚ ਵੀਹ ਹਲ ਵੀ ਵਿਕ ਜਾਂਦੇ, ਤੀਹ ਵੀ। ਕਿਸੇ ਕਿਸੇ ਦਿਨ ਤਾਂ ਪੰਜਾਹ ਪੰਜਾਹ ਹਲ ਮੈਂ ਆਪ ਦੇਖੇ ਨੇ ਵਿਕਦੇ, ਆਪਣੇ ਅੱਖੀਂ। ਮੈਂ ਮਿਸਤਰੀ ਰਿਹਾਂ, ਇਨ੍ਹਾਂ ਦੇ ਕਾਰਖਾਨੇ। ਬਹੁਤ ਕਮਾਈ ਕੀਤੀ ਇਹਦੇ ਬਾਪ ਨੇ। ਪਰ ਜੀ ਸਭ ਖੇਹ ਖਰਾਬ ਗਈ।"

"ਕਿਉਂ, ਉਹ ਕਿਵੇਂ?"

"ਉਹਨੂੰ, ਜੀ, ਸ਼ਰਾਬ ਪੀਣ ਦੀ ਆਦਤ ਪੈ ਗੀ ਸੀ।" ਕੁੰਢਾ ਸਿੰਘ ਨੇ ਹੀ ਦੱਸਿਆ।

"ਅੱਛਾ?"

"ਸ਼ਰਾਬ ਵੀ ਢੰਗ ਸਿਰ ਹੁੰਦੀ ਐ, ਭਾਈ ਸਾਅਬ। ਪਰ ਉਹ ਤਾਂ ਤੜਕੇ ਈ ਲੱਗ ਜਾਂਦਾ। ਦਿਨੇ ਵੀ, ਆਥਣੇ ਵੀ। ਕੰਮ ਕੰਨੀ ਧਿਆਨ ਹਟ ਗਿਆ। ਫੇਰ ਮਾਲ ਓਨਾ ਤਿਆਰ ਨਾ ਹੋਇਆ ਕਰੇ। ਹੋਰ ਮਿਸਤਰੀਆਂ ਨੇ ਕਰ'ਤਾ ਸ਼ੁਰੂ ਇਹੀ ਕੰਮ।"

"ਫੇਰ?"

"ਫੇਰ ਜੀ, ਸਮਾਂ ਈ ਬਦਲ ਗਿਆ। ਟਰੈਕਟਰ ਵਧਣ ਲੱਗ ਪੇ। ਲੋਹੇ ਦੇ ਹਲਾਂ ਦੀ ਪੁੱਛ ਥੋੜ੍ਹੀ ਹੋ ਗੀ। ਤੇ ਇਹਦੇ ਬਾਪ ਦਾ ਕਾਰਖਾਨ ਸਮਝੋ ਬੰਦ ਈ ਹੋ ਗਿਆ। ਪਰ ਉਹਦੀ ਸ਼ਰਾਬ ਓਵੇਂ ਦੀ ਓਵੇਂ। ਮਰ ਗੇ ਬੰਦੇ ਦੀ ਬਦਖੋਈ ਨ੍ਹੀਂ ਕਰਨੀ ਚਾਹੀਦੀ, ਪਰ ਉਹਨੇ, ਭਾਈ ਸਾਅਬ, ਘਰ ਦਾ ਕੱਖ ਨ੍ਹੀਂ ਛੱਡਿਆ। ਗੱਲ ਮੁਕਾਓ, ਸੰਦ ਵੀ ਵੇਚ'ਤੇ। ਚਰਨੀ ਦੀ ਮਾਂ ਚਰਨੀ ਨੂੰ ਲੈ ਕੇ ਪੇਕੀਂ ਜਾ ਬੈਠੀ। ਚਾਰ ਪੰਜ ਸਾਲ ਦਾ ਸੀ ਇਹ ਮਸਾਂ।"

ਚਰਨੀ ਸਾਡੇ ਮੁੰਡੇ ਦੇ ਬਸਤੇ ਵਿਚੋਂ ਇਕ ਸਲੇਟੀ ਲੈ ਕੇ ਵਿਹੜੇ ਦੇ ਫਰਸ਼ ਉਤੇ ਹਲ ਦੀ ਤਸਵੀਰ ਬਣਾ ਰਿਹਾ ਸੀ। ਐਨੈ ਨੂੰ ਘਰਵਾਲੀ ਲੱਡੂਆਂ ਦਾ ਲਫਾਫਾ ਲੈ ਕੇ ਆ ਖੜ੍ਹੀ। ਸਾਡੀਆਂ ਗੱਲਾਂ ਉਥੇ ਹੀ ਰਹਿ ਗਈਆਂ। ਸਾਨੂੰ ਦੋ ਦੋ ਲੱਡੂ ਦੇ ਕੇ ਉਹਨੇ ਇਕ ਇਕ ਲੱਡੂ ਘਰ ਦੇ ਜਵਾਕਾਂ ਨੂੰ ਦਿੱਤਾ ਤੇ ਫੇਰ ਗੁਆਂਢ ਦੇ ਘਰਾਂ ਵਿਚ ਲੱਡੂ ਵੰਡਣ ਚਲੀ ਗਈ।

ਮਿਸਤਰੀਆਂ ਨੇ ਆਪਣੇ ਸੰਦ ਚੁੱਕੇ ਤੇ ਮੈਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਚਲੇ ਗਏ।

ਕੁਝ ਦੇਰ ਮੈਂ ਵਿਹੜੇ ਵਿਚ ਬੈਠਾ ਰਿਹਾ। ਫਿਰ ਬਾਹਰ ਗਲੀ ਵਿਚ ਖੜ੍ਹਾ, ਇਹ ਦੇਖਣ ਲਈ ਕਿ ਬਾਹਰੋਂ ਲੋਹੇ ਦਾ ਗੇਟ ਕਿਹੋ ਜਿਹਾ ਲਗਦਾ ਹੈ। ਮੈਂ ਦੇਖਿਆ, ਗੇਟ ਦੀ ਨੇਮ ਪਲੇਟ ਉਤੇ ਸਲੇਟੀ ਨਾਲ ਲਿਖਿਆ ਹੋਇਆ ਸੀ- ਗੁਰਚਰਨ ਸਿੰਘ ਜੰਡੂ।

ਸਾਲ 1968 'ਚ ਗੌਰਮਿੰਟ ਕਾਲਜ, ਲੁਧਿਆਣਾ ਤੋਂ ਸ਼ੁਰੂ ਹੋ ਕੇ ਪੰਜਾਬ ਭਰ ਵਿਚ ਫੈਲੀ ਵਿਦਿਆਰਥੀ ਹੜਤਾਲ ਅਤੇ ਉਸ ਦੇ ਸੂਤਰਧਾਰ ਸ਼ਮਸ਼ੇਰ ਸਿੰਘ ਸ਼ੇਰੀ ਦੇ ਪਿਛੋਕੜ ਬਾਰੇ ਮੋਟੇ ਜਿਹੇ ਵੇਰਵੇ ਪਾਠਕ ਪਹਿਲੀ ਕਿਸ਼ਤ ਵਿਚ ਪੜ੍ਹ ਹੀ ਚੁੱਕੇ ਹਨ ਅਤੇ ਇਹ ਵੀ ਜਾਣ ਚੁੱਕੇ ਹਨ ਕਿ ਉਨ੍ਹਾਂ ਸਮਿਆਂ 'ਚ ਖਾਲਸਾ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਸ. ਬਿਸ਼ਨ ਸਿੰਘ ਸਮੁੰਦਰੀ ਨੇ ਕਿਸ ਡਿਪਲੋਮੇਸੀ ਨਾਲ ਸ਼ੇਰੀ ਦੇ ਕਾਲਜ ਵਿਚ ਦੂਜੇ ਸਾਲ ਲਈ ਦਾਖਲੇ ਦਾ ਰਾਹ ਰੋਕਿਆ। ਖਾਲਸਾ ਕਾਲਜ ਵਿਚ ਦਾਖਲੇ ਤੋਂ ਜਵਾਬ ਮਿਲ ਜਾਣ 'ਤੇ ਮਜਬੂਰੀਵਸ ਸ਼ਮਸ਼ੇਰ ਸਿੰਘ ਸ਼ੇਰੀ ਨੇ ਗੌਰਮਿੰਟ ਕਾਲਜ, ਲੁਧਿਆਣਾ ਵਿਚ ਆ ਦਾਖਲਾ ਲਿਆ। ਪੰਜਾਬ ਵਿਚ ਇਸ ਸਮੇਂ ਤੱਕ ਪਹਿਲੀ ਅਕਾਲੀ ਸਰਕਾਰ ਭੰਗ ਹੋ ਜਾਣ ਪਿੱਛੋਂ ਗਵਰਨਰੀ ਰਾਜ ਲਾਗੂ ਹੋ ਚੁੱਕਿਆ ਸੀ। ਗੌਰਮਿੰਟ ਕਾਲਜ ਵਿਚ ਵੀ 'ਗਵਰਨਰੀ ਰਾਜ' ਵਰਗਾ ਹੀ ਮਾਹੌਲ ਸੀ, ਕਿਉਂਕਿ ਕਾਲਜ ਦਾ ਪ੍ਰਿੰਸੀਪਲ ਓ.ਪੀ. ਭਾਰਦਵਾਜ ਸ. ਸਮੁੰਦਰੀ ਦੇ ਉਲਟ ਬੜੇ ਕੈੜੇ ਸੁਭਾਅ ਦਾ ਸੀ ਅਤੇ ਉਸ ਨੇ ਕਾਲਜ ਵਿਚ ਬਹੁਤ ਜ਼ਿਆਦਾ ਸਖਤ ਜ਼ਾਬਤਾ ਲਾਗੂ ਕੀਤਾ ਹੋਇਆ ਸੀ। ਸਥਾਪਤੀ ਦੀਆਂ ਸਮਾਂ ਵਿਹਾ ਚੁੱਕੀਆਂ ਕਦਰਾਂ ਦੀ ਰਾਖੀ ਲਈ ਤਾਨਾਸ਼ਾਹ ਕਿਸਮ ਦਾ ਇਹੋ ਸਖਤ ਜ਼ਾਬਤਾ ਹੀ ਪੁਆੜੇ ਦੀ ਜੜ੍ਹ ਸੀ ਜਿਸ ਦੇ ਖਿਲਾਫ ਚੀਨ, ਜਪਾਨ, ਮੈਕਸੀਕੋ ਅਤੇ ਮਈ 1968 ਵਿਚ ਆ ਕੇ ਪੈਰਿਸ ਦੇ ਵਿਦਿਆਰਥੀਆਂ ਨੇ ਵਿਦਰੋਹ ਦਾ ਬਿਗਲ ਵਜਾਇਆ ਸੀ। ਇਸ ਕਿਸ਼ਤ ਵਿਚ ਪਾਠਕ ਸ਼ਮਸ਼ੇਰ ਦੇ ਆਪਣੇ ਲਫਜ਼ਾਂ ਵਿਚ ਪੜ੍ਹਨਗੇ ਕਿ ਪੰਜਾਬ ਅੰਦਰ ਉਸ ਦੌਰ ਦੇ ਨੌਜਵਾਨਾਂ ਦੇ ਸਥਾਪਨਾ ਵਿਰੋਧੀ ਅਜਿਹੇ ਜਜ਼ਬਾਤ ਨੂੰ ਉਸ ਨੇ ਅਤੇ ਪੀ.ਐਸ.ਯੂ. ਦੇ ਮੋਢੀ ਰਹਿਨੁਮਾਵਾਂ ਨੇ ਅਮਲ ਵਿਚ ਕਿੰਜ ਅਨੁਵਾਦ ਦਿੱਤਾ। -ਸੰਪਾਦਕ

## ਪੀ.ਐਸ.ਯੂ. ਅਤੇ ਪੰਜਾਬ ਦੀ ਨਕਸਲੀ ਲਹਿਰ-2

# ਸ਼ਮਸ਼ੇਰ ਸ਼ੇਰੀ ਤੇ ਵਿਦਿਆਰਥੀ ਅੰਦੋਲਨ

ਗੁਰਦਿਆਲ ਸਿੰਘ ਬੱਲ
ਫੋਨ: 91-98150-85277

ਮੈਂ ਦੱਸ ਚੁੱਕਾ ਹਾਂ ਕਿ ਸ਼ਮਸ਼ੇਰ ਸਿੰਘ ਸ਼ੇਰੀ ਮਾਲਵਾ ਪਿਛੋਕੜ 'ਚੋਂ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਅਰਥ ਸ਼ਾਸਤਰ ਦੀ ਐਮ.ਏ. ਕਰਨ ਲਈ ਆਇਆ ਸੀ। ਉਹ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰੇਰਿਤ ਸੀ ਅਤੇ ਉਸ ਦਾ ਆਦਰਸ਼ ਚੀ ਗੁਵੇਰਾ ਸੀ। ਅੰਮ੍ਰਿਤਸਰ ਵਿਚ ਸਾਡੇ ਨਾਲ ਉਸ ਦੇ ਵਿਦਿਆਰਥੀ ਜਥੇਬੰਦੀ ਦੇ ਜੋੜਾਂ-ਤੋੜਾਂ ਤੋਂ ਉਪਰ ਉਠ ਕੇ ਬਹੁਤ ਜਲਦ ਹੀ ਭਰਾਵਾਂ ਵਰਗੇ ਸਬੰਧ ਬਣ ਗਏ ਸਨ। ਲੁਧਿਆਣਾ ਹੜਤਾਲ ਤੋਂ ਬਾਅਦ ਉਸ ਦੀ ਜ਼ਿੰਦਗੀ ਨੇ ਫੈਸਲਾਕੁਨ ਕਰਵਟ ਲੈਣੀ ਸੀ। ਉਹ ਉਦੋਂ ਹੀ ਅੰਡਰਗਰਾਊਂਡ ਹੋ ਗਿਆ ਅਤੇ ਫਿਰ ਕੁਝ ਵਰ੍ਹੇ ਪਹਿਲਾਂ ਆਪਣੇ ਆਖਰੀ ਸਾਹਾਂ ਤੱਕ ਆਪਣੇ ਵਿੱਤ ਅਤੇ ਸਮਝ ਅਨੁਸਾਰ ਉਨ੍ਹਾਂ ਹੀ ਆਦਰਸ਼ਾਂ/ਆਸ਼ਿਆਂ ਨੂੰ ਅਮਲੀ ਰੂਪ ਦੇਣ ਲਈ ਜੂਝਦਾ ਰਿਹਾ ਜੋ ਉਹਨੇ ਉਸ ਦੌਰ ਵਿਚ ਆਪਣੇ ਮਨ ਅੰਦਰ ਆਤਮਸਾਤ ਕਰ ਲਏ ਹੋਏ ਸਨ।

1968 ਦੀ ਹੜਤਾਲ ਤੋਂ ਤਿੰਨ ਕੁ ਦਹਾਕੇ ਬਾਅਦ ਉਹ ਮੈਨੂੰ ਮਿਲਣ ਆਇਆ ਤਾਂ ਉਸ ਦੌਰ ਅਤੇ ਉਸ ਬੇਮਿਸਾਲ ਵਿਦਿਆਰਥੀ ਹੜਤਾਲ ਦੀਆਂ ਗੱਲਾਂ ਚੱਲ ਪਈਆਂ। ਸ਼ੇਰੀ ਦੇ ਦੱਸਣ ਅਨੁਸਾਰ ਗੌਰਮਿੰਟ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਓ.ਪੀ. ਭਾਰਦਵਾਜ ਹਿਸਾਬ ਕਿਤਾਬ 'ਚ ਸ. ਬਿਸ਼ਨ ਸਿੰਘ ਸਮੁੰਦਰੀ ਤੋਂ ਮੂਲੋਂ ਹੀ ਭਿੰਨ ਸੀ। ਪ੍ਰਿੰ. ਭਾਰਦਵਾਜ ਬਹੁਤ ਪੜ੍ਹਿਆ ਲਿਖਿਆ ਸੀ, ਉਸ ਦੀ ਅਜਿਹੀ ਯੋਗਤਾ ਬਾਰੇ ਉਕਾ ਹੀ ਕੋਈ ਸੰਦੇਹ ਨਹੀਂ ਸੀ, ਪਰ 1968 ਯੁੱਗ-ਗਰਦੀਆਂ ਦਾ ਸਾਲ ਸੀ ਅਤੇ ਪ੍ਰਿੰਸੀਪਲ ਸਖਤ ਜ਼ਾਬਤੇ ਦੇ ਸਿਧਾਂਤ ਦਾ ਇੰਨਾ ਕਾਇਲ ਸੀ ਕਿ ਉਸ ਨੂੰ ਮਾਹੌਲ ਜਾਂ ਵਿਦਿਆਰਥੀਆਂ ਦੇ ਰੌਂਅ ਵਿਚ ਆਈ ਤਬਦੀਲੀ ਦਾ ਜ਼ਰਾ ਵੀ ਅਹਿਸਾਸ ਨਹੀਂ ਸੀ।

ਕਾਲਜ ਵਿਚ ਕੋਈ ਵਿਦਿਆਰਥੀ ਸੀ ਜਿਸ ਦਾ ਨਾਂ ਸ਼ੇਰੀ ਨੂੰ ਯਾਦ ਨਹੀਂ ਸੀ ਪਰ ਇੰਨਾ ਪੱਕਾ ਪਤਾ ਸੀ ਕਿ ਉਹ ਮਜ਼ਾਕੀਆ ਬਹੁਤ ਸੀ। ਉਸ ਦਾ ਆਪਣੇ ਹਾਸੇ 'ਤੇ ਕਾਬੂ ਨਹੀਂ ਸੀ ਅਤੇ ਕਹਿੰਦੇ ਹਨ ਕਿ ਵਿਅੰਗ ਦੀ ਕਲਾ ਵਿਚ ਉਸ ਦਾ ਕੋਈ ਸਾਨੀ ਵੀ ਨਹੀਂ ਸੀ। ਖਾਲਸਾ ਕਾਲਜ ਵਿਚ ਦਾਖਲੇ ਤੋਂ ਜਵਾਬ ਮਿਲ ਜਾਣ 'ਤੇ ਸ਼ੇਰੀ ਨੇ ਜਿਸ ਦਿਨ ਗੌਰਮਿੰਟ ਕਾਲਜ ਲੁਧਿਆਣਾ ਵਿਚ ਆ ਕੇ ਦਾਖਲਾ ਲਿਆ, ਤਾਂ ਇਤਫਾਕ ਇਹ ਬਣਿਆ ਕਿ ਉਸ ਲੜਕੇ ਦਾ ਪ੍ਰਿੰ. ਭਾਰਦਵਾਜ ਦੇ ਕਿਸੇ ਦਬਕੜੇ 'ਤੇ ਮੱਲੋ-ਮੱਲੀ ਹਾਸਾ ਨਿਕਲ ਗਿਆ। ਹੜਤਾਲ ਦੀ ਦੰਤਕਥਾ ਅਨੁਸਾਰ ਪ੍ਰਿੰਸੀਪਲ ਨੇ ਮੁੰਡੇ ਦਾ ਕੰਨ ਮਚਕੋੜ ਦਿੱਤਾ...।

ਸ਼ੇਰੀ ਅਨੁਸਾਰ ਉਸ ਨੂੰ ਤਾਂ ਉਸ ਸਮੇਂ ਹੀ ਪਤਾ ਲੱਗਾ ਜਦੋਂ ਕਾਲਜ ਵਿਚ ਪ੍ਰਿੰਸੀਪਲ ਦੇ ਇਸ 'ਘਾਤਕ' ਐਕਟ ਵਿਰੁਧ ਜ਼ਬਰਦਸਤ ਲਾ-ਲਾ ਲਾ-ਲਾ ਮੱਚੀ ਹੋਈ ਸੀ। ਅੱਲ੍ਹਾ ਜਾਣੇ ਕਾਲਜ ਦੇ ਵਿਦਿਆਰਥੀਆਂ ਵਿਚ ਪ੍ਰਿੰਸੀਪਲ ਦੀ ਜ਼ਾਬਤਾ ਲਾਗੂ ਕਰਨ ਦੀ ਸ਼ੈਲੀ ਵਿਰੁਧ ਕੇਹਾ ਰੋਹ ਦੱਬਿਆ ਪਿਆ ਸੀ ਕਿ ਮੂੰਹੋਂ-ਮੂੰਹੀਂ ਘਟਨਾ ਦਾ ਪਤਾ ਲੱਗਦਿਆਂ ਹੀ ਵਿਦਿਆਰਥੀ ਆਪਮੁਹਾਰੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਉਨ੍ਹਾਂ ਨੇ ਪ੍ਰਿੰ. ਭਾਰਦਵਾਜ ਦੀ ਤਾਨਾਸ਼ਾਹੀ ਤੋਂ ਮੁਕਤੀ ਹਾਸਲ ਕਰਨ ਦੀ ਖਾਤਰ ਜਲੂਸ ਦੀ ਸ਼ਕਲ ਵਿਚ ਅਦਾਲਤਾਂ ਵੱਲ ਮਾਰਚ ਕਰਨ ਦਾ ਡਗਾ ਵਜਾ ਦਿੱਤਾ। ਜ਼ਾਹਿਰ ਹੈ ਕਿ ਇਥੋਂ ਤੱਕ ਸਾਡੇ ਇਸ ਬਿਰਤਾਂਤ ਦੇ ਨਾਇਕ ਦੀ ਵਿਦਿਆਰਥੀਆਂ ਨੂੰ 'ਬਗਾਵਤ' ਲਈ ਪ੍ਰੇਰਨ ਜਾਂ ਹੜਤਾਲ ਦਾ ਪੜੁੱਲ ਬੰਨ੍ਹਣ ਵਿਚ ਸਿੱਧੀ ਜਾਂ ਅਸਿੱਧੀ ਕੋਈ ਭੂਮਿਕਾ ਨਹੀਂ ਸੀ।

ਸ਼ੇਰੀ ਦੱਸਦਾ ਹੈ, "ਤੈਨੂੰ ਪਤਾ ਹੀ ਹੈ ਕਿ ਮੈਂ ਤੁਹਾਡੇ ਕੋਲੋਂ ਕਿੰਜ ਆਇਆ ਸਾਂ। ਮੈਨੂੰ ਤਾਂ ਕਾਲਜ ਅੰਦਰ ਕੋਈ ਵੀ ਜਾਣਦਾ ਨਹੀਂ ਸੀ। ਕਾਲਜ ਪ੍ਰਿੰਸੀਪਲ ਦੇ ਜ਼ਾਬਤੇ ਬਾਰੇ ਮੈਨੂੰ ਪਤਾ ਸੀ ਅਤੇ ਦਾਖਲੇ ਲਈ ਤੁਰਨ ਤੋਂ ਪਹਿਲਾਂ ਲੁਧਿਆਣੇ ਦੇ ਇਕ-ਦੋ ਸਾਥੀਆਂ ਨੇ ਮੈਨੂੰ ਸਾਵਧਾਨ ਵੀ ਕਰ ਦਿੱਤਾ ਸੀ। ਹਾਂ, ਵਿਦਿਆਰਥੀਆਂ ਦੇ ਹਜੂਮ ਦੇ ਰੌਂਅ ਨੂੰ ਵੇਖ ਕੇ ਮੇਰਾ ਮਨ ਪ੍ਰਸੰਨ ਜ਼ਰੂਰ ਹੋ ਗਿਆ ਸੀ। ਨਤੀਜੇ ਵਜੋਂ ਜਦੋਂ ਵਿਦਿਆਰਥੀਆਂ ਦਾ ਜਲੂਸ ਅਦਾਲਤਾਂ ਵੱਲ ਤੁਰਿਆ ਤਾਂ ਆਪਣੀ ਲੱਤ ਵਿਚ ਸੱਟ ਵੱਜੀ ਹੋਣ ਕਾਰਨ ਦਰਦ ਦੇ ਬਾਵਜੂਦ ਮੈਂ ਵੀ ਨਾਲ ਤੁਰ ਪਿਆ, ਪਰ ਤੁਰਿਆ ਮੈਂ ਮੂਹਰਲੇ ਆਦਮੀ ਵਜੋਂ ਹੀ ਸਾਂ। ਉਹ ਤੈਨੂੰ ਪਤਾ ਹੀ ਹੈ ਜਿਵੇਂ ਮੈਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਕਰਦਾ ਰਿਹਾ ਸਾਂ। ਵੱਖਰੀ ਗੱਲ ਹੈ ਕਿ ਉਥੇ ਕੰਵਲ ਦਾ ਮੈਨੂੰ ਅਕਸਰ ਬੜਾ ਆਸਰਾ ਹੁੰਦਾ ਸੀ। ਲੁਧਿਆਣੇ ਕਾਲਜ ਪਹਿਲਾ ਹੀ ਦਿਨ ਹੋਣ ਕਰ ਕੇ ਉਸ ਵਕਤ ਅਜੇ ਅਜਿਹਾ ਕੋਈ ਸਾਥੀ ਨਾਲ ਨਹੀਂ ਸੀ, ਪਰ ਮੇਰੇ ਮਨ ਅੰਦਰ ਕੋਈ ਸ਼ੰਕਾ ਜਾਂ ਝਿਜਕ ਨਹੀਂ ਸੀ ਅਤੇ ਨਾ ਇਕੱਲੇ ਹੋਣ ਦਾ ਕੋਈ ਅਹਿਸਾਸ ਹੀ ਸੀ।...ਐਕਸਟੈਨਸ਼ਨ ਲਾਇਬਰੇਰੀ ਵਾਲੇ ਚੌਕ ਵਿਚ ਅੱਗਿਓਂ ਪੁਲਿਸ ਦੀ ਧਾੜ ਤਾਇਨਾਤ ਸੀ। ਪੁਲਿਸ ਨੇ ਜਲੂਸ ਰੋਕ ਲਿਆ। ਅਖੇ, ਡੀ.ਸੀ. ਦਾ ਆਦੇਸ਼ ਹੈ ਕਿ ਵਿਦਿਆਰਥੀਆਂ ਦੇ ਮੋਹਰੀ ਆਗੂ ਉਸ ਨਾਲ ਗੱਲ ਕਰਨ।" ਸ਼ਮਸ਼ੇਰ ਅਨੁਸਾਰ ਮੂਹਰੇ ਕੁਝ ਜਨਸੰਘੀ ਕਿਸਮ ਦੇ ਲੜਕੇ ਸਨ। ਉਹ ਅਚਾਨਕ ਆਪਸ ਵਿਚ ਸਲਾਹ ਕਰਨ ਲੱਗ ਪਏ ਕਿ ਕਿਹੜੇ-ਕਿਹੜੇ ਚੱਲੀਏ। ਉਨ੍ਹਾਂ 'ਚੋਂ ਇਕ ਮੈਨੂੰ ਵੀ ਪੁੱਛ ਬੈਠਾ।

ਸ਼ੇਰੀ ਨੇ ਨਿੰਮਾ ਜਿਹਾ ਹੱਸਦਿਆਂ ਕਿਹਾ, "ਮੈਂ ਕਿਹਾ ਮੈਂ ਤਾਂ ਜਾਊਂਗਾ ਹੀ ਜਾਊਂਗਾ।...ਕੁਝ ਹੀ ਪਲਾਂ ਵਿਚ ਫੈਡਰੇਸ਼ਨ ਵਾਲੇ ਕੁਲਤਾਰ ਭਾਗ ਸਿੰਘ ਸਮੇਤ ਸਾਡਾ 7 ਵਿਦਿਆਰਥੀਆਂ ਦਾ ਵਫਦ ਡੀ.ਸੀ. ਨਾਲ ਗੱਲ ਕਰ ਰਿਹਾ ਸੀ। ਪਾਣੀ-ਧਾਣੀ ਪੁੱਛਣ ਪਿਛੋਂ ਡੀ.ਸੀ. ਨੇ ਦੋ-ਟੁੱਕ ਅੰਦਾਜ਼ ਵਿਚ ਫੈਸਲਾ ਸੁਣਾਇਆ ਕਿ ਵਿਦਿਆਰਥੀ ਤੁਰੰਤ ਕਲਾਸਾਂ ਵਿਚ ਵਾਪਸ ਚਲੇ ਜਾਣ, ਉਹ ਮਾਮਲੇ ਦੀ ਇਨਕੁਆਰੀ ਕਰਵਾ ਦਿੰਦਾ ਹੈ।"

ਸ਼ੇਰੀ ਨੇ ਦੱਸਿਆ, "ਉਹ ਮੰਨ ਗਏ ਸੀ ਸਾਰੇ, ਤੇ ਮੈਂ ਝਾਕਾਂ ਖੜ੍ਹਾ ਕਿ ਭੋਲੇ ਵਿਦਿਆਰਥੀ ਸ਼ਾਤਰ ਅਧਿਕਾਰੀ ਦੀ ਪਹਿਲੀ ਹੀ ਚਾਲ ਵਿਚ ਕਿੰਜ ਪੈਂਦੀ ਸੱਟੇ ਹੀ ਆ ਗਏ ਸਨ, ਪਰ ਸ਼ੁਕਰ ਇਸ ਗੱਲ ਦਾ ਕਿ ਮੈਨੂੰ ਖੜ੍ਹੇ ਪੈਰ ਆਈਡੀਆ ਸੁੱਝਿਆ-ਮੈਂ ਕਿਹਾ ਕਿ ਇਨਕੁਆਰੀ ਕੌਣ ਕਰੂਗਾ? ਡੀ.ਸੀ. ਕਹਿੰਦਾ, ਮੈਂ ਖੁਦ ਕਰੂੰਗਾ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰ ਦਊਂਗਾ। ਮੈਂ ਕਿਹਾ, ਠੀਕ ਹੈ ਜੀ, ਬੜੀ ਚੰਗੀ ਗੱਲ ਹੈ, ਪਰ ਉਸ ਸਮੇਂ ਤੱਕ ਤੁਸੀਂ ਪ੍ਰਿੰਸੀਪਲ ਨੂੰ ਮੁਅੱਤਲ ਕਰ ਦਿਉ। ਵਿਦਿਆਰਥੀਆਂ ਦੇ ਗਿਲੇ-ਸ਼ਿਕਵੇ ਵੀ ਢਿੱਲੇ ਪੈ ਜਾਣਗੇ।...ਗੁਰਦਿਆਲ! ਬੱਸ ਮੇਰੇ ਇੰਨਾ ਕਹਿਣ ਦੀ ਦੇਰ ਸੀ; ਪੰਗਾ ਪੈ ਗਿਆ, ਡੀ.ਸੀ. ਤਿਲਮਿਲਾ ਉਠਿਆ। ਮੈਂ ਸੋਚਿਆ ਮਨਾਂ, ਹੁਣ ਤੇਰਾ ਪਹਿਲਾ ਇਮਤਿਹਾਨ ਪੈ ਗਿਆ ਹੈ। ਡੀ.ਸੀ. ਵੀ ਬਾਕੀਆਂ ਨੂੰ ਛੱਡ ਕੇ ਸਿੱਧਾ ਮੈਨੂੰ ਮੁਖਾਤਬ ਹੋ ਗਿਆ। ਕਹਿੰਦਾ, ਮੈਂ ਤੇਰੇ ਕਹੇ ਪ੍ਰਿੰਸੀਪਲ ਨੂੰ ਸਸਪੈਂਡ ਕਿੰਜ ਕਰ ਦਿਆਂ। ਵਫਦ ਦੇ ਬਾਕੀ ਮੈਂਬਰ ਝਾਕਣ ਕਿ ਇਹ ਕੀ ਹੋ ਰਿਹਾ ਹੈ। ਉਧਰ ਡੀ.ਸੀ. ਹੋਰ ਵੀ ਵੱਧ ਕਰੜਾਈ ਨਾਲ ਮੇਰੇ 'ਤੇ ਫੋਕਸ ਹੁੰਦਿਆਂ ਕਹਿਣ ਲੱਗਾ, ਤੂੰ ਦੱਸ? ਮੈਂ ਜਵਾਬ ਦਿੱਤਾ ਕਿ ਬਾਹਰ ਵਿਦਿਆਰਥੀ ਬੈਠੇ ਆ। ਚੱਲੋ, ਉਨ੍ਹਾਂ ਤੋਂ ਪੁੱਛ ਲੈਂਦੇ ਹਾਂ। ਉਹ ਕਹਿ ਬੈਠਾ ਕਿ ਚਲੋ ਠੀਕ ਹੈ। ਬੱਸ ਜੀ, ਅੱਖ ਦੇ ਫੋਰ ਵਿਚ ਮੈਂ ਉਠਿਆ ਅਤੇ ਦਫਤਰੋਂ ਬਾਹਰ ਨਿਕਲ ਕੇ ਵਿਦਿਆਰਥੀਆਂ ਵੱਲ ਹੋ ਤੁਰਿਆ।"

ਪਲ ਦੀ ਪਲ ਸਾਹ ਲੈਣ ਪਿਛੋਂ ਸ਼ੇਰੀ ਫਿਰ ਬੋਲਿਆ, "ਹਾਂ ਸੱਚ, ਤੈਨੂੰ ਪਤਾ ਹੀ ਹੈ, ਮੈਨੂੰ ਬੋਲਣਾ ਤਾਂ ਆਉਂਦਾ ਨਹੀਂ ਸੀ। ਤੂੰ ਖੁਦ ਮੈਨੂੰ ਟੋਕਦਾ ਰਿਹਾ ਸੈਂ। ਬੱਸ ਮੈਂ ਜਾਂਦੇ ਸਾਰ ਆਪਣੀ ਦੋ ਹਰਫੀ ਗੱਲ ਵਿਦਿਆਰਥੀਆਂ ਅੱਗੇ ਛੱਡ ਦਿੱਤੀ। ਸਾਰਾ ਹਜੂਮ ਜਦੇ ਹੀ ਚੀਕ ਉਠਿਆ: ਤਾਨਾਸ਼ਾਹ ਪ੍ਰਿੰਸੀਪਲ ਨੂੰ ਸਸਪੈਂਡ ਕਰੋ; ਸਸਪੈਂਡ ਕਰੋ!"

ਸ਼ੇਰੀ ਜਦੋਂ ਇਹ ਕਥਾ ਸੁਣਾ ਰਿਹਾ ਸੀ ਤਾਂ ਮੈਨੂੰ ਮਈ 1968 ਦੌਰਾਨ ਪੈਰਿਸ ਵਿਦਿਆਰਥੀ ਅੰਦੋਲਨ ਦੇ ਨਾਇਕ ਕੋਹਨ ਬੇਨੀ ਦੀ ਯਾਦ ਆ ਗਈ। ਮੈਂ ਉਸੇ ਵਕਤ ਬੇਨੀ ਦੀ ਪੈਂਗੂਇਨ ਵਿਚ ਛਪੀ ਪੁਸਤਕ 'Obsolete Communism' ਲਿਆ ਕੇ ਸ਼ੇਰੀ ਨੂੰ ਉਹ ਪਹਿਰੇ ਪੜ੍ਹਨ ਲਈ ਕਿਹਾ ਕਿ ਕਿਸ ਪ੍ਰਕਾਰ ਕੋਹਨ ਬੇਨੀ ਨੇ ਵੀ ਐਨ ਇਸੇ ਤਰ੍ਹਾਂ ਪੈਰਿਸ ਅੰਦਰ ਇਕ ਦੂਜੇ ਦੇ ਹੋਸਟਲਾਂ ਵਿਚ ਦਿਨੇ ਰਾਤ ਆਉਣ ਜਾਣ ਦੀ ਇਜਾਜ਼ਤ ਦੀ ਮੰਗ ਨੂੰ ਲੈ ਕੇ ਅਚਨਚੇਤੀ ਹੜਤਾਲ 'ਤੇ ਉਤਰੇ ਨੌਜਵਾਨ ਕੁੜੀਆਂ-ਮੁੰਡਿਆਂ ਦੇ ਹਜੂਮ ਨੂੰ ਮੁਖਾਤਬ ਕੀਤਾ ਸੀ ਅਤੇ ਉਨ੍ਹਾਂ ਦੇ ਗੁੱਸੇ ਨੂੰ ਕਿਵੇਂ ਸਥਾਪਤੀ ਵਿਰੁਧ ਵਿਦਰੋਹ ਦੇ ਵਿਆਪਕ ਸਰੋਕਾਰਾਂ ਨਾਲ ਜੋੜ ਦਿੱਤਾ ਸੀ। ਬੇਸ਼ਕ ਲੁਧਿਆਣਾ ਪੈਰਿਸ ਨਹੀਂ ਸੀ, ਪਰ ਸਪਿਰਟ ਸ਼ੇਰੀ ਦੀ ਵੀ ਕੋਹਨ ਬੇਨੀ ਨਾਲੋਂ ਘੱਟ ਪ੍ਰਚੰਡ ਨਹੀਂ ਸੀ। ਹਾਂ, ਇਕ ਹੋਰ ਵੱਡਾ ਫਰਕ ਇਹ ਸੀ ਕਿ ਸ਼ੇਰੀ ਬੁਲਾਰਾ ਬਿਲਕੁਲ ਹੀ ਨਹੀਂ ਸੀ, ਇਸ ਮਾਮਲੇ ਵਿਚ ਕੋਹਨ ਬੇਨੀ ਉਪਰ ਕੁਦਰਤ ਦੀ ਵਿਸ਼ੇਸ਼ ਮਿਹਰ ਸੀ।

ਸ਼ੇਰੀ ਨੇ ਦੱਸਿਆ ਕਿ ਡੀ.ਸੀ., ਪ੍ਰਿੰਸੀਪਲ ਵਾਂਗ ਹੀ ਤਾਨਾਸ਼ਾਹੀ ਹੰਕਾਰ ਦਾ ਸ਼ਿਕਾਰ ਹੋ ਗਿਆ। ਉਸ ਨੇ ਹਾਕਮਾਨਾ ਅੰਦਾਜ਼ ਵਿਚ ਮੁਅੱਤਲੀ ਤੋਂ ਨਾਂਹ ਕਰ ਕੇ ਵਿਦਿਆਰਥੀ ਅੰਦੋਲਨ ਸ਼ੁਰੂ ਕਰਨ ਲਈ ਸਾਨੂੰ ਜ਼ਮੀਨ ਤਾਂ ਤਿਆਰ ਕਰ ਦਿੱਤੀ ਪਰ ਮਸਲਾ ਫਿਰ ਉਹੋ ਸੀ ਕਿ ਮੈਨੂੰ ਬੋਲਣਾ ਨਾ ਆਉਂਦਾ ਹੋਣ ਦੇ ਨਾਲ-ਨਾਲ ਕੋਈ ਜਾਣਦਾ ਤੱਕ ਵੀ ਨਹੀਂ ਸੀ। ਇਹ ਵੀ ਇਤਫਾਕ ਹੀ ਸੀ ਕਿ ਉਨ੍ਹੀਂ ਦਿਨੀਂ ਉਥੇ ਈਵਨਿੰਗ ਕਲਾਸਾਂ ਲੱਗਦੀਆਂ ਸਨ। ਉਥੇ ਹਜ਼ਾਰ ਕੁ ਬੰਦਾ 'ਕੱਠਾ ਹੋ ਜਾਂਦਾ ਸੀ। ਮੈਂ ਹਰਭਜਨ ਹਲਵਾਰਵੀ ਨੂੰ ਨਾਲ ਲਿਆ ਅਤੇ ਉਥੇ ਪਹੁੰਚ ਗਿਆ। ਵਿਦਿਆਰਥੀਆਂ ਅੰਦਰ ਚਰਚਾ ਚੱਲ ਰਹੀ ਸੀ ਕਿ ਕਿਵੇਂ ਸਾਦਾ ਜਿਹਾ ਨਜ਼ਰ ਆਉਂਦਾ ਲੰਗੜਾ ਮੁੰਡਾ ਡੀ.ਸੀ. ਅੱਗੇ ਅੜ ਗਿਆ ਸੀ! ਹਰ ਇਕ ਨੂੰ ਸੀ ਕਿ ਉਸ ਸ਼ਖਸ ਨੂੰ ਦੇਖਿਆ ਜਾਵੇ ਅਤੇ ਪਤਾ ਕੀਤਾ ਜਾਵੇ ਕਿ ਆਖਰ ਉਹ ਕੌਣ ਸੀ ਅਤੇ ਕੀ ਚਾਹੁੰਦਾ ਸੀ!

ਸ਼ਮਸ਼ੇਰ ਦੇ ਦੱਸਣ ਅਨੁਸਾਰ ਹੁਣ ਇਹ ਸੀ ਉਹ ਮੋੜ ਜਦੋਂ ਹਰਭਜਨ ਹਲਵਾਰਵੀ ਉਸ ਦੇ ਡਾਢਾ ਕੰਮ ਆਇਆ। ਹਲਵਾਰਵੀ ਉਦੋਂ ਹੀ ਬਹੁਤ ਵਧੀਆ ਬੋਲ ਲੈਂਦਾ ਸੀ। ਵਿਦਿਆਰਥੀ ਮੰਗ ਕਰਨ ਕਿ ਉਹ ਆਦਮੀ ਦਿਖਾਉ, ਪਰ ਮੈਂ ਬੋਲਣ ਤੋਂ ਡਰਾਂ। ਇਸ ਮੌਕੇ ਹਲਵਾਰਵੀ ਅਤੇ ਇਕ ਦੋ ਹੋਰਾਂ ਨੇ ਮੇਜ਼ ਖਿੱਚ ਲਿਆਂਦਾ। ਮੈਨੂੰ ਜ਼ਬਰਦਸਤੀ ਮੇਜ਼ 'ਤੇ ਖੜ੍ਹਾ ਕਰ ਦਿੱਤਾ ਅਤੇ ਮੈਂ ਆਪਣੇ ਪਿਛੋਕੜ ਸਮੇਤ ਡੀ.ਸੀ. ਨਾਲ ਹੋਈ ਵਾਰਤਾ ਅਤੇ ਆਪਣਾ ਪੱਖ ਸਾਦੇ ਸ਼ਬਦਾਂ ਵਿਚ ਸੱਚੋ-ਸੱਚ ਸੁਣਾ ਦਿੱਤਾ। ਵਿਦਿਆਰਥੀਆਂ ਨੂੰ ਮੇਰੀ ਸਾਦਗੀ ਅਤੇ ਮੇਰਾ ਤਰਕ ਜਚ ਗਿਆ। ਉਨ੍ਹਾਂ ਉਸੇ ਰਾਤ ਮੈਨੂੰ ਆਪਣਾ ਆਗੂ ਮੰਨ ਲਿਆ।



ਗੁਰਦਿਆਲ ਸਿੰਘ ਬਲ ਨਾਲ ਇਕ ਮਿਲਣੀ ਦੌਰਾਨ ਸ਼ਮਸ਼ੇਰ ਸਿੰਘ ਸ਼ੇਰੀ।

ਦਰਸ਼ਨ ਬਾਗੀ ਅਤੇ ਭੁਪਿੰਦਰ ਸਿੰਘ, ਸ਼ੇਰੀ ਨੂੰ ਗਾਈਡ ਕਰਨ ਲਈ ਅਗਲੇ ਹੀ ਦਿਨ ਉਸ ਕੋਲ ਪਹੁੰਚ ਗਏ। ਉਨ੍ਹੀਂ ਦਿਨੀਂ ਉਹ ਸਥਾਪਤੀ ਦੇ ਕੱਟੜ ਵਿਰੋਧੀ ਸਨ ਅਤੇ ਉਨ੍ਹਾਂ ਦੀਆਂ ਨਿਗਾਹਾਂ ਵਿਚ ਪ੍ਰਿੰ. ਭਾਰਦਵਾਜ ਸਥਾਪਤੀ ਦਾ ਬੜਾ ਵੱਡਾ ਸਿੰਬਲ ਸੀ। ਪੰਜਾਬ ਦੇ ਨੌਜਵਾਨਾਂ ਵਿਚ ਪੈਰਿਸ ਅਤੇ ਮੈਕਸੀਕੋ ਦੇ ਪੈਟਰਨ 'ਤੇ ਵਿਦਿਆਰਥੀ ਅੰਦੋਲਨ ਸ਼ੁਰੂ ਕਰਨ ਦਾ ਇਸ ਤੋਂ ਵੱਧ ਢੁਕਵਾਂ ਮੌਕਾ ਹੋਰ ਕਿਹੜਾ ਮਿਲਣਾ ਸੀ! ਵਿਦਿਆਰਥੀਆਂ ਨੂੰ ਅਗਵਾਈ ਦੇਣ ਲਈ ਤਾਲਮੇਲ ਕਮੇਟੀ ਬਣ ਗਈ ਅਤੇ ਅਗਲੇ ਦਿਨ ਅੰਦੋਲਨ ਦੇ ਪਹਿਲੇ ਪੜਾਅ ਨੂੰ ਸ਼ਾਂਤਮਈ ਰੱਖਦਿਆਂ ਲੜੀਵਾਰ ਭੁੱਖ ਹੜਤਾਲਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ।

ਸ਼ੇਰੀ ਦੱਸ ਰਿਹਾ ਸੀ, "ਗੁਰਦਿਆਲ, ਤੈਨੂੰ ਪਤਾ ਹੀ ਹੈ ਕਿ ਸਾਡਾ ਅਸਲ ਉਦੇਸ਼ ਤਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਹਰ ਤਰ੍ਹਾਂ ਦੀ ਸਥਾਪਤੀ ਅਤੇ ਹਾਕਮ ਧਿਰਾਂ ਦੀ ਲੋਕ ਦੁਸ਼ਮਣ ਖਸਲਤ ਤੋਂ ਜਾਣੂ ਕਰਵਾਉਣਾ ਸੀ। ਭੁੱਖ ਹੜਤਾਲਾਂ ਦਾ ਸਿਲਸਿਲਾ ਮਹੀਨਾ ਭਰ ਚੱਲਿਆ। ਭੁੱਖ ਹੜਤਾਲਾਂ ਵਾਲੇ ਦੌਰ ਵਿਚ ਮੈਥੇਮੈਟਿਕਸ ਵਾਲੇ ਪ੍ਰਮਿੰਦਰ ਨੇ ਬਹੁਤ ਜ਼ਿਆਦਾ ਮਿਹਨਤ ਕੀਤੀ ਸੀ। ਹਲਵਾਰਵੀ ਨੇ ਵੀ ਦਿਨ-ਰਾਤ ਇਕ ਕਰੀ ਰੱਖਿਆ ਸੀ। ਹਾਂ ਸੱਚ, ਤੇਰੇ (ਹੁਣ ਖਾਲਿਸਤਾਨੀ) ਮਿੱਤਰ ਕਰਮਜੀਤ ਸਿੰਘ ਨੇ ਵੀ ਸਾਨੂੰ ਬੜਾ ਸਹਿਯੋਗ ਦਿੱਤਾ ਸੀ। ਉਹ ਉਦੋਂ ਪੀ.ਏ.ਯੂ. ਵਿਚ ਸੀ। ਭੁੱਖ ਹੜਤਾਲ ਕਰ ਕੇ ਉਹ ਤਾਂ ਉਦੋਂ ਹੀ ਸ਼ਹੀਦ ਹੋਣ ਤੱਕ ਚਲਿਆ ਗਿਆ ਸੀ। ਉਹ ਬਹੁਤ ਬੀਬਾ ਸੀ। ਮਗਰੋਂ ਮੈਨੂੰ ਬੜੀ ਹੈਰਾਨੀ ਹੁੰਦੀ ਰਹੀ ਕਿ ਉਹ ਇਨ੍ਹਾਂ ਹਿੰਸਕ ਖਾਲਿਸਤਾਨੀਆਂ ਦਾ ਮੁੱਖ ਅਧਿਆਪਕ ਕਿਵੇਂ ਬਣ ਗਿਆ? ਮੇਰਾ ਉਸ ਨੂੰ ਮਿਲਣ ਨੂੰ ਸਦਾ ਹੀ ਦਿਲ ਕਰਦਾ ਰਿਹਾ, ਪਰ ਫਿਰ ਝਿਜਕ ਆ ਜਾਂਦੀ ਰਹੀ। ਖੈਰ! ਹੜਤਾਲ ਦੇ ਇਸ ਸ਼ਾਂਤਮਈ ਦੌਰ ਦੌਰਾਨ ਮੈਂ ਅਖਬਾਰੀ ਬਿਆਨਾਂ ਨਾਲ ਡੀਲ ਕਰਨ ਵਿਚ ਕਾਫੀ ਤਾਕ ਹੋ ਗਿਆ ਸਾਂ, ਪਰ ਗਵਰਨਰੀ ਰਾਜ ਸੀ। ਹਾਕਮ ਧਿਰ ਨੇ ਸ਼ਾਂਤਮਈ ਹੜਤਾਲਾਂ ਦਾ ਸਿਲਸਿਲਾ ਕਦੋਂ ਕੁ ਤੱਕ ਚੱਲਣ ਦੇਣਾ ਸੀ। ਅੰਦੋਲਨ ਦੀ ਹਰ ਫਾਰਮ ਦੀ ਉਂਜ ਵੀ ਆਪਣੀ ਸੀਮਾ ਹੁੰਦੀ ਹੈ।

ਵਿਦਿਆਰਥੀ ਅੱਕਣ ਅਤੇ ਥੱਕਣ ਲੱਗ ਪਏ ਸਨ। ਸਾਨੂੰ ਡਰ ਸੀ ਕਿ ਸਾਡਾ ਅੰਦੋਲਨ ਕਿਤੇ ਬਿਨਾਂ ਕਿਸੇ ਕਿਨਾਰੇ ਲੱਗਿਆਂ ਹੀ ਠੁੱਸ ਨਾ ਹੋ ਜਾਵੇ, ਪਰ ਇਸ ਮੋੜ 'ਤੇ ਫਿਰ ਬਿਫਰੀ ਹੋਈ ਸਥਾਪਤੀ ਸਾਡੀ ਮੱਦਦ ਲਈ ਬਹੁੜ ਪਈ। ਅੰਦੋਲਨ ਖਤਮ ਹੋਣ ਦੇ ਕੰਢੇ ਹੀ ਸੀ ਕਿ ਪੁਲਿਸ ਸ਼ਾਂਤਮਈ ਭੁੱਖ ਹੜਤਾਲੀਆਂ ਦੇ ਕੈਂਪ ਉਪਰ ਚਾਣਚੱਕ ਬਿੱਜ ਵਾਂਗੂੰ ਟੁੱਟੀ ਅਤੇ ਸਾਡੀ ਟਿੰਡ-ਫੁਹੜੀ ਚੁੱਕ ਕੇ ਲੈ ਗਈ। ਨਾਲ ਹੀ ਪ੍ਰਸ਼ਾਸਨ ਨੇ ਕਾਲਜ ਖੋਲ੍ਹਣ ਦਾ ਐਲਾਨ ਕਰ ਦਿੱਤਾ।

ਇਸ ਤਰ੍ਹਾਂ ਇਹ ਸੀ ਉਹ ਮੋੜ ਜਦੋਂ ਸਾਨੂੰ ਵਿਦਿਆਰਥੀ ਅੰਦੋਲਨ ਨੂੰ ਪੰਜਾਬ ਪੱਧਰ 'ਤੇ ਲਿਜਾਣ ਦਾ ਮੌਕਾ ਜੁੜਿਆ। ਪੁਲਿਸ ਅਤੇ ਸਥਾਪਤੀ ਨੇ ਹੋਰ ਕੋਈ ਰਾਹ ਸਾਡੇ ਕੋਲ ਛੱਡਿਆ ਹੀ ਨਹੀਂ ਸੀ। ਇਸ ਮੌਕੇ ਸਠਿਆਲਾ ਕਾਲਜ ਵਾਲਾ ਤੁਹਾਡਾ ਗਰੁਪ ਸਾਡੇ ਬੜਾ ਕੰਮ ਆਇਆ। ਹੜਤਾਲਾਂ ਤਾਂ ਬੰਗਾ, ਬਰਨਾਲਾ, ਮਾਨਸਾ ਅਤੇ ਹੋਰ ਕਈ ਕਾਲਜਾਂ ਵਿਚ ਵੀ ਹੋਈਆਂ, ਪਰ ਸਭ ਤੋਂ ਵੱਧ ਉਸ ਹੜਤਾਲ ਵਿਚ ਇਕ ਪਾਸੇ ਬਠਿੰਡਾ ਅਤੇ ਦੂਜੇ ਪਾਸੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀ, ਅਧਿਕਾਰੀਆਂ ਦੇ ਰਵੱਈਏ ਵਿਰੁਧ ਚੱਟਾਨਾਂ ਵਾਂਗੂੰ ਖੜ੍ਹ ਗਏ। ਉਨ੍ਹਾਂ ਨੇ ਸ਼ਾਂਤਮਈ ਹੜਤਾਲਾਂ ਦਾ ਰਾਹ ਛੱਡ ਕੇ ਪੁਲਿਸ ਨੂੰ ਸਿੱਧੀਆਂ ਟੱਕਰਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ।"

(ਚਲਦਾ)



ਸੀ.ਪੀ.ਆਈ. (ਮਾਓਵਾਦੀ) ਦੇ ਚੋਟੀ ਦੇ ਆਗੂ ਪ੍ਰਸ਼ਾਂਤ ਬੋਸ ਤੇ ਹੋਰ ਆਗੂਆਂ ਨਾਲ ਸ਼ਮਸ਼ੇਰ ਸਿੰਘ ਸ਼ੇਰੀ ਜੰਗਲ ਵਿਚ ਇਕ ਟਿਕਾਣੇ ਉਤੇ। 30 ਅਕਤੂਬਰ 2005 ਵਿਚ ਇਸ ਦੁਨੀਆਂ ਤੋਂ ਰੁਖਸਤ ਹੋਣ ਵੇਲੇ ਸ਼ੇਰੀ ਪਾਰਟੀ ਦਾ ਪੋਲਿਟ ਬਿਊਰੋ ਮੈਂਬਰ ਸੀ।

# ਕੰਗਨਾ ਤੇ ਸਨੀ ਦੀ ਜੋੜੀ



ਸੋਹਣੀ-ਸੁਨੱਖੀ ਕੰਗਨਾ ਰਣੌਤ ਅਤੇ ਸਨੀ ਦਿਓਲ ਪਹਿਲੀ ਵਾਰ ਫਿਲਮ 'ਆਈ ਲਵ ਨਿਊ ਯੀਅਰ' ਵਿਚ ਇਕੱਠੇ ਆ ਰਹੇ ਹਨ। ਇਹ ਫਿਲਮ ਇਸੇ ਸਾਲ 26 ਅਪ੍ਰੈਲ ਨੂੰ ਰਿਲੀਜ਼ ਹੋਣੀ ਹੈ। ਬਨਿਆਦੀ ਤੌਰ 'ਤੇ ਇਹ ਕਾਮੇਡੀ ਅਤੇ ਰੁਮਾਂਟਿਕ ਫਿਲਮ ਹੈ। ਫਿਲਮ ਦੀ ਕਹਣੀ ਮਹਿਜ਼ ਦੋ ਦਿਨਾਂ ਦੀ ਹੈ। ਫਿਲਮ ਵਿਚ ਗਾਇਕਾ/ਸੰਗਤਿਕਾਰ ਦਾ ਕਿਰਦਾਰ ਨਿਭਾਅ ਰਹੀ ਕੰਗਨਾ ਨਵੇਂ ਸਾਲ ਦੀ ਪੂਰਵ-ਸੰਧਿਆ 'ਤੇ ਵਾਲ ਸਟ੍ਰੀਟ ਦੇ ਬੈਂਕਰ ਦਾ ਰੋਲ ਅਦਾ ਕਰ ਰਹੇ ਸਨੀ ਦਿਓਲ ਨੂੰ ਮਿਲਦੀ ਹੈ। ਇਹ ਅਚਾਨਕ ਮਿਲਣੀ ਹੀ ਫਿਲਮ ਦੀ ਕਹਾਣੀ ਦਾ ਆਧਾਰ ਹੈ। ਸਨੀ ਦਿਓਲ ਚਿਰਾਂ ਬਾਅਦ ਇਸ ਫਿਲਮ ਵਿਚ ਰੁਮਾਂਸ ਕਰਦਾ ਹੱਸਦਾ-ਹਸਾਉਂਦਾ ਦਿਖਾਈ ਦੇਵੇਗਾ। ਉਸ ਦਾ ਆਖਣਾ ਹੈ ਕਿ ਉਹ ਐਕਸ਼ਨ ਫਿਲਮਾਂ ਕਰ ਕਰ ਕੇ ਅੱਕ ਗਿਆ ਸੀ। ਦੂਜੇ ਬੰਨੇ ਕੰਗਨਾ ਵੀ ਇਸ ਫਿਲਮ ਲਈ ਬਹੁਤ ਉਤਸ਼ਾਹਿਤ ਹੈ। 2012 ਵਿਚ ਉਸ ਦੀ ਸਿਰਫ ਇਕ ਫਿਲਮ 'ਤੇਜ਼' ਹੀ ਰਿਲੀਜ਼ ਹੋਈ ਅਤੇ ਉਸ ਵਿਚ ਉਸ ਦਾ ਰੋਲ ਬਹੁਤ ਵਧੀਆ ਨਹੀਂ ਸੀ। ਇਸੇ ਸਾਲ ਮਈ ਵਿਚ ਉਸ ਦੀ ਇਕ ਹੋਰ ਫਿਲ 'ਸ਼ੂਟਆਊਟ ਐਟ ਵਡਾਲਾ' ਰਿਲੀਜ਼ ਹੋਣੀ ਹੈ। 'ਉਂਗਲੀ', 'ਕੁਈਨ' ਅਤੇ 'ਕ੍ਰਿਸ਼-3' ਇਸ ਸਾਲ ਦੇ ਅਖੀਰ ਵਿਚ ਰਿਲੀਜ਼ ਹੋਣ ਦੀ ਸੰਭਾਵਨਾ ਹੈ। ਦੋ ਫਿਲਮਾਂ 'ਰੱਜੋ' ਅਤੇ 'ਰਿਵਾਲਵਰ ਰਾਨੀ' ਦੀ ਸ਼ੂਟਿੰਗ ਚੱਲ ਰਹੀ ਹੈ। ਕੰਗਨਾ ਨੇ ਫਿਲਮੀ ਕਰੀਅਰ ਦੀ ਸ਼ੁਰੂਆਤ 2006 ਵਿਚ ਫਿਲਮ 'ਗੈਂਗਸਟਰ' ਨਾਲ ਕੀਤੀ ਸੀ। ਇਸ ਫਿਲਮ ਲਈ ਉਸ ਨੂੰ ਨਵੀਂ ਆਈ ਅਦਾਕਾਰਾ ਦਾ ਫਿਲਮਫੇਅਰ ਪੁਰਸਕਾਰ ਮਿਲਿਆ। 2006 ਵਿਚ ਹੀ ਉਸ ਦੀ ਚਰਚਿਤ ਫਿਲਮ 'ਵੋਹ ਲਮਹੇ' ਨੇ ਉਸ ਦੀ ਬਹੁਤ ਚਰਚਾ ਕਰਵਾਈ। ਇਹ ਫਿਲਮ ਫਿਲਮਸਾਜ਼ ਮਹੇਸ਼ ਭੱਟ ਅਤੇ ਅਦਾਕਾਰਾ ਪ੍ਰਵੀਨ ਬਾਬੀ ਦੇ ਪ੍ਰੇਮ ਸਬੰਧਾਂ ਬਾਰੇ ਸੀ।



*ਸੰਨੀ ਦਿਓਲ ਤੇ ਕੰਗਣਾ*

# ਨਸੀਰੂਦੀਨ ਦਾ ਨਵਾਂ ਅੰਦਾਜ਼



ਅਭਿਨੇਤਾ ਨਸੀਰੂਦੀਨ ਸ਼ਾਹ ਨਵੇਂ ਅੰਦਾਜ਼ ਵਿਚ ਦਰਸ਼ਕਾਂ ਸਾਹਮਣੇ ਆ ਰਹੇ ਹਨ। 'ਸੋਨਾ ਸਪਾ' ਉਸ ਦੀ ਅਗਲੀ ਫ਼ਿਲਮ ਦਾ ਨਾਂ ਹੈ ਤੇ ਇਸ ਵਿਚ ਉਨ੍ਹਾਂ ਨੇ ਸੋਨਾ ਸਪਾ ਦੇ ਮਾਲਕ ਦੀ ਭੂਮਿਕਾ ਨਿਭਾਈ ਹੈ। ਇਹ ਫ਼ਿਲਮ ਅਭਿਨੇਤਾ ਤੇ ਨਿਰਦੇਸ਼ਕ ਮਕਰੰਦ ਦੇਸ਼ਪਾਂਡੇ ਵੱਲੋਂ ਨਿਰਦੇਸ਼ਤ ਕੀਤੀ ਗਈ ਹੈ। ਇਸ ਫ਼ਿਲਮ ਦੀ ਕਹਾਣੀ ਇਸੇ ਨਾਂ 'ਤੇ ਬਣੇ ਨਾਟਕ 'ਤੇ ਆਧਾਰਤ ਹੈ। ਇਸ ਨਾਟਕ ਵਿਚ ਖੁਦ ਮਕਰੰਦ ਵੱਲੋਂ ਬਾਬਾ ਦਇਆਨੰਦ ਦੀ ਭੂਮਿਕਾ ਨਿਭਾਈ ਗਈ ਸੀ। ਜਦੋਂ ਮਕਰੰਦ ਨੇ ਇਸ ਨਾਟਕ 'ਤੇ ਫ਼ਿਲਮ ਬਣਾਉਣ ਬਾਰੇ ਸੋਚਿਆ ਤਾਂ ਇਸ ਭੂਮਿਕਾ ਲਈ ਉਨ੍ਹਾਂ ਨੂੰ ਨਸੀਰੂਦੀਨ ਸ਼ਾਹ ਹੀ ਸਹੀ ਨਜ਼ਰ ਆਏ। ਇਸ ਫ਼ਿਲਮ ਲਈ 'ਹਾਂ' ਕਹਿਣ ਤੋਂ ਪਹਿਲਾਂ ਨਸੀਰੂਦੀਨ ਨੇ ਉਹ ਨਾਟਕ ਦੇਖ ਲੈਣਾ ਵੀ ਠੀਕ ਸਮਝਿਆ ਸੀ।

'ਸੋਨਾ ਸਪਾ' ਵਿਚ ਬਾਬਾ ਦਇਆਨੰਦ ਨਾਂ ਦੇ ਅਜਿਹੇ ਦੇ ਸ਼ਖ਼ਸ ਦੀ ਕਹਾਣੀ ਪੇਸ਼ ਕੀਤੀ ਗਈ ਹੈ ਜੋ ਅਜਿਹੇ ਸਪਾ ਦਾ ਮਾਲਕ ਹੈ ਜਿਥੇ ਗਾਹਕਾਂ ਨੂੰ ਨੀਂਦ ਦੀ ਬਦੌਲਤ ਨਵਚੇਤਨਾ ਦਿੱਤੀ ਜਾਂਦੀ ਹੈ ਜੋ ਉਨੀਂਦਰੇ ਦੀ ਬਿਮਾਰੀ ਤੋਂ ਗ੍ਰਸਤ ਹਨ। ਉਨ੍ਹਾਂ ਲਈ ਇਸ ਸਪਾ ਦੀਆਂ ਦੋ ਕੁੜੀਆਂ ਰੁਚਾ (ਸ਼ਰੂਤੀ ਵਿਆਸ) ਤੇ ਰਿਤੂ (ਆਹਨਾ ਕੁਮਰਾਹ) ਨੂੰ ਸੋਨੇ ਦਾ ਜ਼ਿੰਮਾ ਸੌਂਪਿਆ ਜਾਂਦਾ ਹੈ। ਉਹ ਗਾਹਕ ਲਈ ਸੌਂਦੀਆਂ ਹਨ ਤੇ ਇਨ੍ਹਾਂ ਦੀ ਨੀਂਦ ਦੀ ਬਦੌਲਤ ਗਾਹਕ ਦੀ ਨੀਂਦ ਦੀ ਘਾਟ ਪੂਰੀ ਹੋ ਜਾਂਦੀ ਹੈ। ਅੜਚਨ ਉਦੋਂ ਪੈਦਾ ਹੁੰਦੀ ਹੈ ਜਦੋਂ ਗਾਹਕ ਲਈ ਨੀਂਦ ਲੈਂਦੀ ਇਹ 'ਸਲੀਪ ਵਰਕਰ' ਗਾਹਕ ਦੇ ਸੁਪਨਿਆਂ 'ਤੇ ਵੀ ਆਪਣਾ ਹੱਕ ਪ੍ਰਗਟਾਉਣ ਲੱਗਦੀ ਹੈ ਤੇ ਇਹ ਅੜਚਨ ਕੀ ਰੰਗ ਲਿਆਉਂਦੀ ਹੈ, ਇਹੀ ਇਸ ਫਿਲਮ ਦੀ ਕਹਾਣੀ ਹੈ।

# ਹੁਣ ਚੱਲੇਗਾ ਬੰਗਾਲ ਦਾ ਜਾਦੂ



ਫਿਲਮਸਾਜ਼ ਸੁਭਾਸ਼ ਘਈ ਦੀ ਨਵੀਂ ਫਿਲਮ ਵਿਚ ਬੰਗਲਾ ਸੁੰਦਰੀ ਮਿਸ਼ਠੀ ਦਾ ਮੁੱਖ ਰੋਲ ਹੋਵੇਗਾ। ਉਸ ਦਾ ਅਸਲ ਨਾਂ ਇੰਦਰਾਨੀ ਚੱਕਰਵਰਤੀ ਹੈ। ਬੰਗਲਾ ਵਿਚ 'ਮਿਸ਼ਠੀ' ਮਿੱਠੇ ਨੂੰ ਕਹਿੰਦੇ ਹਨ। ਆਪਣੀ ਆਦਤ ਮੁਤਾਬਕ ਨਵੀਂ ਅਦਾਕਾਰਾ ਨੂੰ ਲਾਂਚ ਕਰਨ ਵੇਲੇ ਉਸ ਇੰਦਰਾਨੀ ਦਾ ਨਾਂ ਵੀ ਬਦਲ ਦਿੱਤਾ। ਉਸ ਮੁਤਾਬਕ ਇੰਦਰਾਨੀ ਦਾ ਸੁਭਾਅ ਇੰਨਾ ਮਿੱਠਾ ਹੈ ਕਿ ਇਹੀ ਨਾਂ ਉਸ ਲਈ ਸਭ ਤੋਂ ਵਧੀਆ ਹੈ। ਸੁਭਾਸ਼ ਘਈ ਦਾ ਇਹ ਦਾਅਵਾ ਵੀ ਹੈ ਕਿ ਉਸ ਨੂੰ ਹੁਣ ਤੱਕ ਲੱਭੀਆਂ ਅਦਾਕਾਰਾਵਾਂ ਵਿਚੋਂ ਮਿਸ਼ਠੀ ਸਭ ਤੋਂ ਵੱਧ ਪ੍ਰਤਿਭਾਸ਼ਾਲੀ ਜਾਲਦੀ ਹੈ। ਉਹ ਆਖਦਾ ਹੈ, "ਮਿਸ਼ਠੀ ਸੋਹਣੀ ਵੀ ਹੈ ਅਤੇ ਪ੍ਰਤਿਭਾ ਨਾਲ ਵੀ ਭਰਪੂਰ ਹੈ।" ਉਂਜ, ਸੁਭਾਸ਼ ਘਈ ਦੇ ਦਾਅਵੇ ਦੇ ਉਲ ਮਿਸ਼ਠੀ ਪਹਿਲਾਂ ਵੀ ਇਕ ਬੰਗਲਾ ਫਿਲਮ ਵਿਚ ਕੰਮ ਕਰ ਰਹੀ ਹੈ। ਹਾਂ, 'ਕਾਂਚੀ' ਉਸ ਦੀ ਪਹਿਲੀ ਹਿੰਦੀ ਫਿਲਮ ਹੋਵੇਗੀ।

ਇਸ ਫਿਲਮ ਵਿਚ ਮਿਸ਼ਠੀ ਦਾ ਹੀਰੋ ਕਾਰਤਿਕ ਤਿਵਾੜੀ ਹੈ। ਇਹ ਫਿਲਮ ਇਸੇ ਸਾਲ 15 ਅਗਸਤ ਨੂੰ ਰਿਲੀਜ਼ ਕੀਤੀ ਜਾਣੀ ਹੈ। ਫਿਲਮ ਵਿਚ ਮਿਥੁਨ ਚੱਕਰਵਰਤੀ ਅਤੇ ਰਿਸ਼ੀ ਕਪੂਰ ਦਾ ਵੀ ਚੰਗਾ-ਚੋਖਾ ਰੋਲ ਹੈ। 'ਕਾਂਚੀ' ਉਤਰਾਖੰਡ ਦੀ ਮੁਟਿਆਰ ਦੀ ਕਹਾਣੀ ਜਿਸ ਦੇ ਸਾਬਕਾ ਫੌਜੀ ਪਿਉ ਦਾ ਕਤਲ ਹੋ ਜਾਂਦਾ ਹੈ। ਇਸ ਤੋਂ ਬਾਅਦ ਉਹ ਇਕੱਲੀ ਜ਼ਿੰਦਗੀ ਨਾਲ ਜੂਝਦੀ ਹੈ।

# ਟ੍ਰੈਜਿਡੀ ਕਿੰਗ ਦਲੀਪ ਕੁਮਾਰ

ਚਾਲੀ ਦੇ ਦਹਾਕੇ ਦੌਰਾਨ ਫ਼ਿਲਮੀ ਦੁਨੀਆਂ ਵਿਚ ਪਹਿਲੀ ਵਾਰ ਨਾਲੋ-ਨਾਲ ਕਈ ਅਜ਼ੀਜ਼ ਅਦਾਕਾਰਾਂ ਦਾ ਪ੍ਰਵੇਸ਼ ਹੋਇਆ ਜਿਨ੍ਹਾਂ ਦੇ ਸਾਹਮਣੇ ਫ਼ਨ, ਸ਼ੁਹਰਤ ਤੇ ਬੁਲੰਦੀ ਨੂੰ ਇਕ ਵਾਰ ਨਹੀਂ ਕਈ ਵਾਰ ਝੁਕ ਕੇ ਸਲਾਮ ਕਰਨਾ ਪਿਆ। ਅਜਿਹੇ ਮਹਾਨ ਸਿਤਾਰਿਆਂ ਵਿਚ ਇਕ ਨਾਂ ਜਨਾਬ ਦਲੀਪ ਕੁਮਾਰ ਦਾ ਵੀ ਆਉਂਦਾ ਹੈ ਜਿਨ੍ਹਾਂ ਦੀਆਂ ਬੋਲਦੀਆਂ ਅੱਖਾਂ ਤੇ ਲਰਜ਼ਦੇ ਹੋਠਾਂ ਨੇ ਸੰਵਾਦ-ਅਦਾਇਗੀ ਨੂੰ ਨਵੀਂ ਦਿਸ਼ਾ ਮੁਹੱਈਆ ਕੀਤੀ। ਆਪਣੀ ਜ਼ਿੰਦਗੀ ਦੀ ਅੱਧੀ ਸਦੀ ਫ਼ਿਲਮੀ ਦੁਨੀਆਂ ਵਿਚ ਗੁਜ਼ਾਰਨ ਤੇ ਕੁੱਲ 60 ਫ਼ਿਲਮਾਂ ਵਿਚ ਨਜ਼ਰ ਆਉਣ ਵਾਲਾ ਇਹ ਅਦਾਕਾਰ ਆਪਣਾ 90ਵਾਂ ਜਨਮ-ਦਿਨ ਮਨਾਉਣ ਜਾ ਰਿਹਾ ਹੈ। ਪੰਜ ਫੁੱਟ 10 ਇੰਚ ਲੰਮੇ ਭਾਰਤੀ ਸਿਨੇਮੇ ਦੇ ਇਸ ਅਜ਼ੀਜ਼ ਅਦਾਕਾਰ ਦਾ ਜਨਮ 11 ਦਸੰਬਰ, 1922 ਨੂੰ ਪੇਸ਼ਾਵਰ (ਹੁਣ ਪਾਕਿਸਤਾਨ) ਦੇ ਮੁਸਲਿਮ ਪਰਿਵਾਰ ਵਿਚ ਫਲਾਂ ਦੇ ਸੌਦਾਗਰ ਗ਼ੁਲਾਮ ਸਰਵਰ ਖ਼ਾਨ ਤੇ ਆਇਸ਼ਾ ਬੇਗ਼ਮ ਦੇ ਘਰ ਪੰਜਵੀਂ ਸੰਤਾਨ ਦੇ ਰੂਪ ਵਿਚ ਹੋਇਆ।







ਉਨ੍ਹਾਂ ਦਾ ਅਸਲੀ ਨਾਂ ਮੁਹੰਮਦ ਯੂਸਫ਼ ਖ਼ਾਨ ਸੀ। 12 ਭੈਣ-ਭਰਾਵਾਂ ਵਿਚੋਂ ਇਕੱਲੇ ਦਲੀਪ ਕੁਮਾਰ ਨੇ ਫ਼ਿਲਮੀ ਦੁਨੀਆਂ ਵਿਚ ਪ੍ਰਵੇਸ਼ ਕੀਤਾ ਤੇ ਦਲੀਪ ਕੁਮਾਰ ਅਜਿਹੇ ਅਦਾਕਾਰ ਸਾਬਤ ਹੋਏ ਜਿਨ੍ਹਾਂ ਦੀ ਅਭਿਨੈ-ਸ਼ੈਲੀ ਹੋਰਨਾਂ ਨਾਲੋਂ ਅਲਹਿਦਾ ਸੀ, ਜਿਸ ਤੋਂ ਨਾ ਸਿਰਫ਼ ਦੇਸ਼ ਦੇ ਆਮ ਨੌਜਵਾਨ ਬਲਕਿ ਬਾਅਦ ਵਿਚ ਆਉਣ ਵਾਲੇ ਅਦਾਕਾਰਾਂ ਦੀ ਪੂਰੀ ਦੀ ਪੂਰੀ ਪੀੜ੍ਹੀ ਮੁਤਾਸਿਰ ਹੋਈ। ਰਾਜੇਸ਼ ਖੰਨਾ ਤੇ ਅਮਿਤਾਭ ਬਚਨ ਵਰਗੇ ਸੁਪਰ-ਸਟਾਰ ਵੀ ਉਨ੍ਹਾਂ ਦੇ ਪ੍ਰਭਾਵ ਤੋਂ ਆਪਣੇ-ਆਪ ਨੂੰ ਨਾ ਬਚਾ ਸਕੇ। ਦਲੀਪ ਕੁਮਾਰ ਨੇ ਵੱਖਰੇ ਕਿਰਦਾਰਾਂ ਤੇ ਸੰਵਾਦ ਅਦਾਇਗੀ ਨੂੰ ਅਪਣਾਇਆ। ਪ੍ਰਸਿੱਧ ਮਜ਼ਾਹੀਆ ਅਦਾਕਾਰ ਓਮ ਪ੍ਰਕਾਸ਼ ਨੇ 'ਆਦਮੀ' ਵੇਖ ਕੇ ਦਲੀਪ ਕੁਮਾਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਸੀ ਕਿ ਯਕੀਨ ਨਹੀਂ ਆਉਂਦਾ ਕਿ ਫ਼ਨ ਐਨੀ ਬੁਲੰਦੀ 'ਤੇ ਵੀ ਜਾ ਸਕਦਾ ਹੈ। ਦਲੀਪ ਕੁਮਾਰ ਦੇ ਲੰਮੇਰੇ ਫ਼ਿਲਮੀ ਸਫ਼ਰ, ਸਫ਼ਲਤਾ, ਆਹਲਾ-ਅਦਾਕਾਰੀ ਤੇ ਜਾਦੂਈ ਸੰਵਾਦ-ਅਦਾਇਗੀ ਨੂੰ ਪ੍ਰਮਾਣਿਤ ਕਰਨ ਦੇ ਲਈ ਸ਼ਬਦਾਂ ਤੇ ਪੁਰਸਕਾਰਾਂ ਦੀ ਜ਼ਰੂਰਤ ਨਹੀਂ।

ਮਰਹੂਮ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਕ ਵਾਰ ਦਿੱਲੀ ਦੇ ਰਾਮ-ਲੀਲ੍ਹਾ ਗਰਾਊਂਡ ਵਿਚ ਆਖਿਆ ਸੀ ਕਿ ਹਿੰਦੁਸਤਾਨ ਦੇ ਕੋਨੇ-ਕੋਨੇ ਵਿਚ ਸਿਰਫ਼ ਦੋ ਬੰਦਿਆਂ ਦੀ ਆਵਾਜ਼ ਨੂੰ ਬਾਰੀਕੀ ਨਾਲ ਸੁਣਿਆ ਜਾਂਦਾ ਹੈ, 'ਇੱਕ ਮੇਰੀ ਤੇ ਦੂਜੀ ਦਲੀਪ ਸਾਹਿਬ ਦੀ।' ਸ਼ਾਇਦ ਇਸੇ ਕਾਰਨ ਵਿਦੇਸ਼ੀ ਯਾਤਰੀ ਕਹਿੰਦੇ ਹਨ ਕਿ ਭਾਰਤ ਵਿਚ ਦੋ ਚੀਜ਼ਾਂ ਵੇਖਣ ਲਾਇਕ ਹਨ, ਇਕ ਤਾਜ-ਮਹੱਲ ਜਿਸ ਵਿਚ ਹਜ਼ਾਰਾਂ ਮੁਹੱਬਤ ਕਰਨ ਵਾਲਿਆਂ ਦੀ ਯਾਦਗਾਰ ਦਫ਼ਨ ਹੈ ਤੇ ਦੂਜੇ ਦਲੀਪ ਕੁਮਾਰ।

ਰੋਮਾਂਟਿਕ ਹੀਰੋ ਰਾਜ ਕਪੂਰ ਨੇ ਜਦੋਂ ਵੀ ਦੁਖਾਂਤਕ ਫ਼ਿਲਮਾਂ ਵਿਚ ਹੱਥ ਅਜ਼ਮਾਇਆ ਤਾਂ ਉਹ ਅਵਾਮ ਦੁਆਰਾ ਮੁਕੰਮਲ ਨਕਾਰ ਦਿੱਤੇ ਗਏ। ਉਹ ਇਸ ਲਈ ਵੀ ਕਿ ਦੁਖਾਂਤਕ ਕਿਰਦਾਰਾਂ ਵਿਚ ਦਲੀਪ ਕੁਮਾਰ ਲੋਕਾਂ ਨੂੰ ਐਨੇ ਭਾਅ ਗਏ ਸਨ ਕਿ ਉਹ ਕਿਸੇ ਦੂਜੇ ਕਲਾਕਾਰ ਨੂੰ ਸਹਿਣ ਕਰਨ ਨੂੰ ਤਿਆਰ ਨਹੀਂ ਹੁੰਦੇ ਸਨ। ਇਹ ਵੀ ਹੈਰਤ ਦੀ ਗੱਲ ਹੈ ਕਿ ਦਲੀਪ ਸਾਹਿਬ ਦੀ ਜਿਸ ਸਾਲ ਕੋਈ ਟ੍ਰੈਜਿਡੀ ਫ਼ਿਲਮ ਰਿਲੀਜ਼ ਹੁੰਦੀ ਸੀ, ਉਸ ਦੇ ਨਾਲ ਹੀ ਇਕ ਮਜ਼ਾਹੀਆ ਫ਼ਿਲਮ ਵੀ। ਮਸਲਨ ਅੰਦਾਜ਼ ਦੇ ਸਾਲ ਸ਼ਬਨਮ ਤੇ ਦਾਗ਼ ਦੇ ਨਾਲ ਉਨ੍ਹਾਂ ਦੀ ਆਨ ਤੇ ਇੱਥੋਂ ਤਕ ਕਿ ਜਿਸ ਸਾਲ ਉਨ੍ਹਾਂ ਦੀ ਫ਼ਿਲਮ ਦੇਵਦਾਸ ਨੁਮਾਇਸ਼ ਹੋਈ ਉਸੇ ਸਾਲ ਹੀ ਉਨ੍ਹਾਂ ਦੀ ਸੁਪਰਹਿੱਟ ਕਾਮੇਡੀ ਫ਼ਿਲਮ ਆਜ਼ਾਦ ਨੇ ਤਹਿਲਕਾ ਮਚਾ ਦਿੱਤਾ ਸੀ ਪਰ ਫਿਰ ਵੀ ਲੋਕ ਦਲੀਪ ਕੁਮਾਰ ਨੂੰ 'ਟ੍ਰੈਜਿਡੀ ਕਿੰਗ' ਹੀ ਮੰਨਦੇ ਰਹੇ। ਦਲੀਪ ਕੁਮਾਰ ਨੇ ਸਾਲ 1966 ਵਿਚ ਆਪਣੀ ਪਹਿਲੀ ਮਹਿਬੂਬਾ ਦੀ ਪਰੀਆਂ ਵਰਗੀ ਸੁਨੱਖੀ ਧੀ ਸ਼ਾਇਰਾ ਬਾਨੋ ਨਾਲ ਨਿਕਾਹ ਕਰਵਾ ਲਿਆ ਤੇ ਨਸੀਮ ਬਾਨੋ, ਦਲੀਪ ਦੀ ਸੱਸ ਬਣ ਗਈ। ਇਸ ਅਨੋਖੇ ਵਿਆਹ ਵੇਲੇ ਦਲੀਪ ਦੀ ਉਮਰ 44 ਸਾਲ ਤੇ ਸਾਇਰ ਬਾਨੋ ਦੀ ਉਮਰ ਮਹਿਜ਼ 22 ਸਾਲ ਸੀ।

ooraa




ਕਰੈਡਿਟ ਕਾਰਡ ਪੇਮੈਂਟਾਂ
ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ!
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

**100% SATISFACTION GUARANTEED**

ਅੱਜ ਹੀ ਸਾਨੂੰ ਕਾਲ ਕਰੋ

**(888) 888-9914**

www.ooraa.org



# Dhillon Truck Stop
# Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536



ਰੁਸਤਮ-ਏ-ਹਿੰਦ ਪਹਿਲਵਾਨ ਬੁੱਧ ਸਿੰਘ ਅਤੇ ਪਰਿਵਾਰ ਵਲੋਂ

# ਵਿਸਾਖੀ ਮੁਬਾਰਕ



*ਬੁੱਧ ਸਿੰਘ 1981 'ਚ ਦਿੱਲੀ 'ਚ ਜੈ ਪ੍ਰਕਾਸ਼ ਨੂੰ ਹਰਾ ਕੇ ਸੰਜੇ ਗਾਂਧੀ ਟਰਾਫੀ ਦਾ ਹੱਕਦਾਰ ਬਣਿਆ।

*ਪਹਿਲਵਾਨ ਕਰਤਾਰ ਸਿੰਘ, ਮੇਹਰਦੀਨ ਤੇ ਬਿੱਲੇ ਪਹਿਲਵਾਨ ਨੂੰ ਹਰਾਉਣ ਵਾਲੇ ਬੁੱਧ ਸਿੰਘ ਨੇ 1979 'ਚ ਏਸ਼ੀਅਨ ਖੇਡਾਂ 'ਚੋਂ ਸਿਲਵਰ ਮੈਡਲ ਪ੍ਰਾਪਤ ਕੀਤਾ।

*ਬੁੱਧ ਸਿੰਘ ਦੇ ਬਾਬਾ ਜੀ, ਪਿਤਾ ਕਰਮਾ ਪਹਿਲਵਾਨ ਜੀ ਅਤੇ ਬੇਟੇ ਪਰਮਜੀਤ ਸਿੰਘ ਤੇ ਸਰਬਜੀਤ ਸਿੰਘ ਜੋ ਸਕੂਲਾਂ ਦੇ ਚੈਂਪੀਅਨ ਰਹਿ ਚੁੱਕੇ ਹਨ, ਪਹਿਲਵਾਨੀ ਦਾ ਸ਼ੌਕ ਰੱਖਣੇ ਰਹੇ ਹਨ।








ਮਾਪਿਆਂ ਨੂੰ ਸੁਨੇਹਾ ਹੈ ਕਿ ਆਪਣੇ ਬੱਚਿਆਂ ਨੂੰ ਪਹਿਲਵਾਨੀ ਜਾਂ ਹੋਰ ਖੇਡਾਂ ਵੱਲ ਜ਼ਰੂਰ ਪ੍ਰੇਰਿਤ ਕਰੋ ਜੀ।

ਪਹਿਲਵਾਨ ਬੁੱਧ ਸਿੰਘ, ਫੋਨ:513-307-8462

# ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ)

**4701 Pleasant Grove, Lansing, MI 48910 Ph: 517-272-0231, www.LansingGurdwara.Com**

## ਲੈਨਸਿੰਗ, ਮਿਸ਼ੀਗਨ ਵਿਚ ਖਾਲਸੇ ਦੇ ਜਨਮ ਦਿਹਾੜੇ 'ਤੇ

ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ, ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ, ਬੈਂਟਨ ਹਾਰਬਰ ਅਤੇ ਹੋਰ ਦੂਰ-ਨੇੜੇ ਦੀ ਸੰਗਤ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

## ਅਤੇ ਵਿਸਾਖੀ ਮੇਲਾ

## ਸਨਿਚਰਵਾਰ, 27 ਅਪਰੈਲ 2013

### ਪ੍ਰੋਗਰਾਮ

ਸਨਿਚਰਵਾਰ, 27 ਅਪਰੈਲ 2013 ਨੂੰ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦਾ ਭੋਗ ਸਵੇਰੇ 9.00 ਵਜੇ ਪਾਇਆ ਜਾਵੇਗਾ। ਅਖੰਡ ਪਾਠ ਦੀ ਸੇਵਾ ਸਵਰਗੀ ਮੁਖਤਿਆਰ ਸਿੰਘ ਜੱਬੋ ਦੇ ਪਰਿਵਾਰ ਵਲੋਂ ਹੋਵੇਗੀ।

ਪੰਥ ਪ੍ਰਸਿਧ ਕੀਰਤਨੀਏ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਭਾਈ ਕੁਲਵੰਤ ਸਿੰਘ ਪੰਡੋਰੀ ਦਾ ਢਾਡੀ ਜਥਾ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜੇਗਾ। ਇਸ ਉਪਰੰਤ ਸੰਗਤਾਂ ਰਿਵਰਫਰੰਟ ਪਾਰਕ, (ਲੈਨਸਿੰਗ ਡਾਊਨ ਟਾਊਨ ਪਾਰਕ) ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਪਰੇਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਅਰੰਭ ਹੋਵੇਗੀ। ਪਰੇਡ ਦੇ ਸਭ ਤੋਂ ਅੱਗੇ ਪੰਜ ਪਿਆਰੇ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਚੱਲਣਗੇ। ਪਰੇਡ ਆਪਣੇ ਰੂਟ 'ਤੇ ਹੁੰਦੀ ਹੋਈ ਵਾਪਸ ਇਸੇ ਪਾਰਕ ਵਿਚ ਹੀ ਆ ਕੇ ਸਮਾਪਤ ਹੋਵੇਗੀ। ਪਰੇਡ ਦੀ ਸਮਾਪਤੀ 'ਤੇ ਰਿਵਰ ਫਰੰਟ ਪਾਰਕ (300 N. Grand Ave, Lansing, MI 48933) ਵਿਚ ਸੰਗਤਾਂ ਲਈ ਲੰਗਰ ਦਾ ਖ਼ਾਸ ਪ੍ਰਬੰਧ ਹੋਵੇਗਾ।

ਇਸ ਵਾਰ ਦਾ ਨਗਰ ਕੀਰਤਨ ਸੈਂਡੀਹੁਕ ਐਲੀਮੈਂਟਰੀ ਸਕੂਲ, ਗੁਰਦੁਆਰਾ ਓਕ ਕਰੀਕ ਅਤੇ ਕਿਸੇ ਵੀ ਥਾਂ ਨਸਲੀ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਨੂੰ ਸਮਰਪਿਤ ਹੋਵੇਗਾ



Sponsors: Grill of India, Flint (MI) 810-230-7090
Ajay Badhwar Tax and Accounting Services, Ph: 517-393-0720
Syan Video, Ph:734-261-0936
Bombay Wedding Events, Ph: 586-604-6881
Paradise Insurance Agency, Ph: 517 499 4883
Worldwide Travel: 1-800-504-3044
Khalsa Sikh Center, Flint, Michigan, Ph: 810-618-7280

*ਕੈਨੇਡਾ ਤੋਂ ਗਤਕੇ ਦੀ ਟੀਮ *ਤਾਜ਼ਾ ਜਲੇਬੀਆਂ *ਗਰਮਾ ਗਰਮ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ
*ਧਾਰਮਿਕ ਤਸਵੀਰਾਂ ਅਤੇ ਪੇਂਟਿੰਗ ਦਾ ਸਟਾਲ ਲੱਗੇਗਾ

ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਪੰਜਾਬ ਤੋਂ ਲੋਕ ਕਲਾਕਾਰ ਗੀਤ-ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ। ਇਸ ਤੋਂ ਇਲਾਵਾ ਗਿੱਧੇ ਅਤੇ ਭੰਗੜੇ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਅਮਰੀਕੀ ਮੁਖ ਧਾਰਾ ਦੇ ਆਗੂ ਅਤੇ ਅਧਿਕਾਰੀ ਸੰਗਤਾਂ ਨੂੰ ਸੰਬੋਧਨ ਕਰਨਗੇ।

*ਟੋਰਾਂਟੋ ਤੋਂ ਭੰਡ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ*

*ਗੈਟ ਪੰਜਾਬੀ ਟੀ ਵੀ 'ਤੇ ਨਗਰ ਕੀਰਤਨ ਬਾਰੇ ਇਸ਼ਤਿਹਾਰ ਚੱਲ ਰਿਹਾ ਹੈ ਅਤੇ ਗੈਟ ਪੰਜਾਬੀ ਵਾਲੇ ਇਸ ਨਗਰ ਕੀਰਤਨ ਦਾ ਪ੍ਰਸਾਰਣ ਅਮਰੀਕਾ, ਇੰਡੀਆ ਅਤੇ ਕੈਨੇਡਾ ਵਿਚ ਕਰਨਗੇ।*

**Contacts:**
**Gurudwara Sahib (517) 272-0231**
**Ladi Multani (517) 204-4171**
**S. Balbir Singh (517) 402-1811**
**S. Kuldip Singh (President) 517-402-4910**

Ladi Multani, Balbir Singh, Gurdev Singh, Kuldeep Singh, Bakhsish Singh, Jaswant Singh, Karnail Singh, Sukhjinder Singh, Kulvir Singh, Kashmir Singh, Balwinder Singh, Gurjinder Singh, Balvir Singh Habibwal, Kulwant Singh, Rinku, Resham Singh, Daler Singh, Manjit Singh, Nirmal Singh, Swarn Singh, Ruby, Bila, Gulab Singh, Sukhwinder Singh, Kulwinder Singh, Rajinder Singh, Jaswant Singh Grewal, Rajvir Singh Virk, Gurbaksh Singh.

**Free city parking across the Park on Capital Ave.**

ਸਮੂਹ ਗਾਹਕਾਂ ਤੇ ਸਰਪ੍ਰਸਤਾਂ ਨੂੰ ਖਾਲਸਾ ਸਾਜਨਾ ਦਿਵਸ ਤੇ
ਵਿਸਾਖੀ ਦੀ ਲੱਖ ਲੱਖ ਵਧਾਈ

PATEL® BROTHERS

"Celebrating Our Food...Our Culture"

4150 LAFAYETTE ROAD, SUITE F, INDIANAPOLIS, IN 46254
T: 317.293.8345 • F: 317.293.8395




www.patelbros.com

# ਸਮੂਹ ਪੰਜਾਬੀਆਂ ਨੂੰ ਵਿਸਾਖੀ ਦਿਹਾੜੇ ਦੀ ਲੱਖ ਲੱਖ ਵਧਾਈ

PHO presents

# ਪੰਜਾਬੀ ਯੂਥ ਫੈਸਟੀਵਲ

# PUNJABI YOUTH FESTIVAL




**on Sat. 13 July 2013 at 7pm.**

**at Des Plaines Theatre**

1476 Miner St., Des Palines IL. 60016

ਭੰਗੜਾ, ਗਿੱਧਾ, ਗੀਤ-ਸੰਗੀਤ, ਸਕਿਟ ਅਤੇ ਹੋਰ ਸਭਿਆਚਾਰਕ ਵੰਨਗੀਆਂ ਨਾਲ ਸ਼ਿੰਗਾਰੀ ਇਕ ਸ਼ਾਮ।

An evening of Bhangra, Gidha, Songs, Skit and other cultural performances.

Participants contact Email: phochicago@hotmail.com

More Info: (630) 549-5983, (630) 878-9833, (847) 975-3877, (847)-975-8462,

Manminder Singh Bhathal (630) 549-5983, Harjit Singh Gill (847) 833-5340, Mohinderjit Singh Rakalla (630) 878-9833, Lakhbir Singh Sandhu (847) 975-3877, Tony Sanghera (630) 728-5490, Dr. Harjinder Singh Khaira (630) 479-0031, Darshan Singh Basraon (815) 557-4991, Roopwinder Singh Dhillon (630) 504-8584, Bikram Singh Sidhu (630) 330-8286, Paramjit Singh Sangha (224) 388-9393, Tejinder Singh Minhas (630) 803-1877, Jairam Singh Kahlon (224) 456-8096,

**ਪੰਜਾਬੀ ਵਿਰਾਸਤ ਸੰਸਥਾ, ਸ਼ਿਕਾਗੋ**

( PHO is a non-profit community organization dedicated to promote Punjabi cultural heritage, sports and social events.)

Web address: www.phochicago.org Email:phochicago@hotmail.com

Radio Chann Pardesi ਰੇਡੀਓ ਚੰਨ ਪ੍ਰਦੇਸੀ

ਪੰਜਾਬ ਟਾਈਮਜ਼

Desi Junction Your Connection Back Home ! Midwest's Fastest Growing BOLLYWOOD Entertainment Network

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਾਊਥਬੈਂਡ (ਇੰਡੀਆਨਾ)

## ਖਾਲਸਾ ਸਿਰਜਣਾ ਦਿਵਸ 'ਤੇ

# ਵਿਸ਼ੇਸ਼ ਗੁਰਮਤਿ ਸਮਾਗਮ



ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਖਾਲਸਾ ਜੀ ਦੇ ਸਿਰਜਣਾ ਦਿਹਾੜੇ ਵਿਸਾਖੀ ਮੌਕੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਾਊਥਬੈਂਡ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ 20 ਅਪਰੈਲ 2013 ਸਨਿਚਰਵਾਰ ਨੂੰ ਕਰਵਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਦੌਰਾਨ ਭਾਈ ਜੋਗਿੰਦਰ ਸਿੰਘ ਰਿਆੜ ਦਾ ਪੰਥ ਪ੍ਰਸਿਧ ਰਾਗੀ ਜਥਾ ਗੁਰਬਾਣੀ ਦਾ ਮਨੋਹਰ ਕੀਰਤਨ ਕਰ ਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜੇਗਾ। ਕਥਾਵਾਚਕ ਭਾਈ ਰਣਬੀਰ ਸਿੰਘ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਮੌਕੇ ਹਾਜਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਭਾਈ ਜੋਗਿੰਦਰ ਸਿੰਘ ਰਿਆੜ

## ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ

ਅਰੰਭ ਅਖੰਡ ਪਾਠ: ਵੀਰਵਾਰ 18 ਅਪਰੈਲ, 2013
ਭੋਗ ਅਖੰਡ ਪਾਠ: ਸਨਿਚਰਵਾਰ 20 ਅਪਰੈਲ, 2013
ਸਵੇਰੇ 10 ਵਜੇ, ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਹੋਣਗੇ
ਗੁਰੂ ਕੇ ਲੰਗਰ ਅਤੁੱਟ ਵਰਤਣਗੇ



ਗੁਰੂ ਘਰ ਦੇ ਸੇਵਕ

### ਗੁਰੂ ਘਰ ਦੇ ਸੇਵਾਦਾਰ

Paul Singh-Khalil (President) 269-861-1800
Nirmal Singh Nimma (Chairman) 574-215-2862
Daljinder Singh Pipli (Cashier) 574-304-1074
Amarjeet Singh Gaddni (Secretary) 574-222-7927
Bobby Salempur 269-325-9401
*(President Punjabi Midwest Cultural Society)*

Kuljit Singh Ruby 317-373-4227
Avtar Singh Lakha (Vice President) 574-329-2623
Manjeet Singh Lucky
Sukhwinder Singh Miani
Gurdit Singh Jash
Didar Singh Lakha
Mohan Singh Begowal

# Gurdwara Baba Makhan Shah Lubana

**1501 N. Bendix Dr., South Bend, IN 46628**